
ਕੰਧ ਓਹਲੇ
ਪਰਦੇਸ
ਹਿੰਦ ਹਕੂਮਤ ਦੇ ਜ਼ੁਲਮਾਂ ਤੋਂ ਤੰਗ ਆ ਕੇ
ਇੱਕ ਖਾੜਕੂ ਦੀ ਡੌਂਕੀ ਲਾ ਕੇ
ਵਿਦੇਸ਼ ਜਾਣ ਦੀ ਸਾਚੀ ਗਾਥਾ
- ਹਰਪ੍ਰੀਤ ਸਿੰਘ ਪੰਮਾ

ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਪੰਜਾਬ ਦੇ ਸਾਰੇ ਥਾਣੇ-ਚੌਕੀਆਂ ਬੁੱਚੜਖਾਨਿਆਂ ਦਾ ਰੂਪ ਧਾਰ ਚੁੱਕੇ ਸਨ। ਥਾਣਿਆਂ ਵਿੱਚ ਸਿੱਖ ਨੌਜਵਾਨਾਂ ਉੱਤੇ ਤੀਜੇ ਦਰਜੇ ਦਾ ਅੱਤਿਆਚਾਰ ਕੀਤਾ ਜਾਂਦਾ। ਪੁੱਠੇ ਟੰਗਣਾ, ਚੱਡੇ ਪਾਣੇ, ਘੋਟਣਾ ਲਾਉਣਾ, ਲੱਤਾਂ ਉੱਤੇ ਲੋਹੇ ਦਾ ਭਾਰਾ ਜਿਹਾ ਰੁੱਲਾ ਫੇਰਨਾ, ਗੁਪਤ ਅੰਗਾਂ ਉੱਤੇ ਕਰੰਟ ਲਾਉਣਾ, ਪੱਟ ਚੀਰ ਕੇ ਵਿੱਚ ਲੂਣ ਜਾਂ ਮਿਰਚਾਂ ਭਰਨੀਆਂ, ਗਰਮ ਸਰੀਏ ਢਿੱਡ ਵਿੱਚ ਦੀ ਆਰ-ਪਾਰ ਲੰਘਾ ਦੇਣੇ, ਪਲਾਸ ਨਾਲ ਨਹੁੰ ਪੁੱਟ ਦੇਣੇ; ਇਸ ਤਰ੍ਹਾਂ ਦੇ ਅੱਤਿਆਚਾਰ ਪੁਲੀਸ ਲਈ ਆਮ ਗੱਲ ਸੀ।

ਭਰਾ ਦੇ ਸਾਮ੍ਹਣੇ ਭੈਣ ਨੂੰ ਨੰਗਿਆਂ ਕਰਨਾ, ਫਿਰ ਜਬਰਦਸਤੀ ਉਸ ਦੇ ਉੱਪਰ ਲੰਮਿਆਂ ਪਾਉਣਾ। ਇਸੇ ਤਰ੍ਹਾਂ ਪਿਓ ਸਾਹਮਣੇ ਧੀ ਨੂੰ, ਪੁੱਤ ਸਾਹਮਣੇ ਮਾਂ ਨੂੰ, ਸਹੁਰੇ ਸਾਹਮਣੇ ਨੂੰਹ ਨੂੰ।

ਤੁਸੀਂ ਆਪ ਸੋਚੋ ਜਿਨ੍ਹਾਂ ਨਾਲ ਇਹ ਸਭ ਕੁਝ ਬੀਤਿਆ ਹੋਵੇਗਾ, ਉਹਨਾਂ ਦਾ ਕੀ ਹਾਲ ਹੋਇਆ ਹੋਵੇਗਾ। ਜਦੋਂ 1989-1990 ਵਿੱਚ ਪੁਲੀਸ ਵਾਲੇ ਸਿੱਖਾਂ ਦੇ ਘਰਾਂ ਵਿੱਚੋਂ ਔਰਤਾਂ ਨੂੰ ਵੀ ਚੁੱਕ ਕੇ ਥਾਣਿਆਂ ਵਿੱਚ ਲਿਜਾਣ ਲੱਗ ਪਏ ਫਿਰ ਅਣਖੀ ਸਿੱਖ ਕੌਮ ਦੇ ਗੱਭਰੂਆਂ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੋਣੀ। ਫਿਰ ਜਿਸ ਤਰ੍ਹਾਂ ਅਠਾਰ੍ਹਵੀਂ ਸਦੀ ਵਿੱਚ ਸਿੱਖਾਂ ਵੱਲੋਂ ਜੰਗਲਾਂ ਦੀ ਸ਼ਰਨ ਲੈਣੀ ਪਈ, ਓਸੇ ਤਰ੍ਹਾਂ 1984 ਤੋਂ 1994 ਵਾਲੇ ਦਮਨ ਚੱਕਰ ਤੋਂ ਬਾਅਦ ਪ੍ਰਦੇਸਾਂ ਵਿੱਚ ਸ਼ਰਨ ਲੈਣੀ ਪਈ।

ਪੰਜਾਬ ਦੀ ਜਵਾਨੀ ਨੇ ਜਿਸ ਤਰ੍ਹਾਂ ਵੀ ਪ੍ਰਬੰਧ ਹੋਇਆ, ਜੁਗਾੜ ਕਰ ਕੇ ਵਿਦੇਸ਼ ਜਾਣਾ ਬਿਹਤਰ ਸਮਝਿਆ। ਹਰ ਮਾਂ-ਪਿਓ ਵੀ ਚਾਹੁੰਦਾ ਸੀ ਕਿ ਮੇਰਾ ਪੁੱਤ ਬਾਹਰ ਚਲਾ ਜਾਵੇ। ਭਾਵੇਂ ਓਥੇ ਜਾ ਕੇ ਕੁਝ ਵੀ ਨਾ ਕਰੇ ਪਰ ਉਹ ਜਿਊਂਦਾ ਤਾਂ ਰਹੇਗਾ।

ਇਸ ਦਾਸਤਾਨ ਵਿੱਚੋਂ ਮੇਰੀ ਵੀ ਇੱਕ ਦਾਸਤਾਨ ਹੈ, ਜਿਸ ਦਾ ਇਸ ਹੱਥਲੀ ਕਿਤਾਬ ਵਿੱਚ ਵਰਣਨ ਕਰਨ ਦਾ ਯਤਨ ਕੀਤਾ ਹੈ

- ਹਰਪ੍ਰੀਤ ਸਿੰਘ ਪੰਮਾ

ਹਿੰਦ ਹਕੂਮਤ ਦੇ ਜ਼ੁਲਮਾਂ ਤੋਂ ਤੰਗ ਆ ਕੇ
ਇੱਕ ਖਾੜਕੂ ਦੀ ਡੋਂਕੀ ਲਾ ਕੇ ਵਿਦੇਸ਼ ਜਾਣ ਦੀ ਸਾਚੀ ਗਾਥਾ

ਕੰਧ ਓਹਲੇ ਪ੍ਰਦੇਸ

(ਹੱਡ-ਬੀਤੀ)

ਲੇਖਕ: ਹਰਪ੍ਰੀਤ ਸਿੰਘ ਪੰਮਾ

ਖ਼ਾਲਸਾ ਫ਼ਤਹਿਨਾਮਾ ਪ੍ਰਕਾਸ਼ਨ

KHALSA FATEHNAMA PARKASHAN

5502, Gobind Nagar, Sultanwind Road, Amritsar.

Ph: 0183-3551988, 98557-89851

ਹਿੰਦ ਹਕੂਮਤ ਦੇ ਜ਼ੁਲਮਾਂ ਤੋਂ ਤੰਗ ਆ ਕੇ
ਇੱਕ ਖਾੜਕੂ ਦੀ ਡੌਂਕੀ ਲਾ ਕੇ ਵਿਦੇਸ਼ ਜਾਣ ਦੀ ਸਾਚੀ ਗਾਥਾ

ਕੰਧ ਓਹਲੇ ਪ੍ਰਦੇਸ

(ਹੱਡ-ਬੀਤੀ)

KANDH OHLE PARDES

by

HARPREET SINGH PAMMA

ISBN : 978-81-954462-9-2

© ਪ੍ਰਕਾਸ਼ਕ

ਪਹਿਲੀ ਵਾਰ ਜਨਵਰੀ 2024

ਲੇਖਕ:
ਹਰਪ੍ਰੀਤ ਸਿੰਘ ਪੰਮਾ
Contact/whatsapp: +43-699-141-49-114

ਪ੍ਰਕਾਸ਼ਕ:
ਖ਼ਾਲਸਾ ਫ਼ਤਹਿਨਾਮਾ ਪ੍ਰਕਾਸ਼ਨ
5502, ਗੋਬਿੰਦ ਨਗਰ, ਸੁਲਤਾਨਵਿੰਡ ਰੋਡ,
ਸ੍ਰੀ ਅੰਮ੍ਰਿਤਸਰ-143001
Ph: 98557-89851, 0183-3551988
E-mail : fatehnama2005@gmail.com
website : **www.fatehnama.com**
whatsapp Number : 91-98557-89851

ਪ੍ਰਿੰਟਰ:
ਪ੍ਰਿੰਟਵੈੱਲ,
146, ਇੰਡਸਟਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ।

ਕੀਮਤ: 300/-

ਸਮਰਪਣ

ਸੰਤ ਗਿਆਨੀ ਜਰਨੈਲ ਸਿੰਘ
ਜੀ ਖ਼ਾਲਸਾ ਭਿੰਡਰਾਂਵਾਲਿਆਂ
ਵੱਲੋਂ ਅਰੰਭੇ ਸੰਘਰਸ਼ 'ਚ ਜੂਝ ਕੇ
ਸ਼ਹਾਦਤਾਂ ਪਾਉਣ ਵਾਲੇ ਸਿੰਘਾਂ-
ਸਿੰਘਣੀਆਂ, ਜ਼ੁਲਮ-ਤਸ਼ੱਦਦ
ਝੱਲਣ ਵਾਲੇ, ਜਲਾਵਤਨੀ ਕੱਟ
ਰਹੇ ਸਿਦਕੀ ਸਿੱਖਾਂ ਅਤੇ
ਬੰਦੀ ਸਿੰਘਾਂ ਨੂੰ

ਮੁੱਖ ਬੰਦ

ਦੇਸ ਪੰਜਾਬ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਹੈ। ਇਸ ਨੂੰ 'ਸਿੱਖ ਹੋਮਲੈਂਡ' ਹੋਣ ਦਾ ਪ੍ਰਾਪਤ ਹੈ। ਇਸ ਧਰਤੀ ਦੇ ਚੱਪੇ-ਚੱਪੇ 'ਤੇ ਸਿੱਖ ਸ਼ਹੀਦਾਂ ਦਾ ਲਹੂ ਡੁੱਲ੍ਹਿਆ ਹੈ। ਇਸ ਦੀ ਆਬੋ-ਹਵਾ 'ਚ ਗੁਰੂ ਕੀ ਬਾਣੀ ਘੁਲੀ ਹੋਈ ਹੈ, ਇੱਥੇ ਹੀ ਮਾਣਮੱਤਾ ਸਿੱਖ ਇਤਿਹਾਸ ਸਿਰਜਿਆ ਗਿਆ ਹੈ। ਪੰਜਾਬ ਜਿਹਾ ਹੋਰ ਕੋਈ ਦੇਸ ਨਹੀਂ।

ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦਾ ਹੈ ? ਪਰ ਜੂਨ 1984 'ਚ ਹਿੰਦੁਸਤਾਨ ਦੀ ਹਕੂਮਤ ਨੇ ਦੇਸ ਪੰਜਾਬ ਅਤੇ ਸਿੱਖ ਕੌਮ ਨੂੰ ਅਜਿਹੀ ਮਾਰ ਮਾਰੀ ਕਿ ਪੰਜਾਬ ਦੇ ਅਨੇਕਾਂ ਅਣਖੀ ਸਿੱਖਾਂ ਨੂੰ ਪ੍ਰਦੇਸਾਂ 'ਚ ਜਾ ਕੇ ਵੱਸਣਾ ਪਿਆ।

1978 ਅਤੇ 1984 ਤੋਂ 1995 ਤਕ ਖ਼ਾਲਿਸਤਾਨ ਦੇ ਚੱਲੇ ਹਥਿਆਰਬੰਦ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ, ਬੇਅੰਤ ਪਰਿਵਾਰਾਂ ਨੇ ਸਰਕਾਰ ਦਾ ਜ਼ੁਲਮ-ਤਸ਼ੱਦਦ ਆਪਣੇ ਪਿੰਡੇ 'ਤੇ ਝੱਲਿਆ, ਕਈਆਂ ਨੇ ਲੰਮੀਆਂ ਜੇਲ੍ਹਾਂ ਕੱਟੀਆਂ, ਕਈ ਜਲਾਵਤਨੀ ਹੋ ਗਏ, ਹਕੂਮਤੀ ਜ਼ੁਲਮ ਤੋਂ ਤੰਗ ਆ ਕੇ ਕਈ ਸਿੰਘਾਂ ਨੂੰ ਪੰਜਾਬ ਛੱਡ ਕੇ ਵਿਦੇਸ਼ਾਂ 'ਚ ਸ਼ਰਨ ਲੈਣੀ ਪਈ।

ਅਠਾਰ੍ਹਵੀਂ ਸਦੀ ਦਾ ਇਤਿਹਾਸ ਪੜ੍ਹ-ਸੁਣ ਕੇ ਪਤਾ ਲੱਗਦਾ ਹੈ ਕਿ ਜਦੋਂ ਮੁਗ਼ਲ ਹਕੂਮਤ ਦਾ ਜ਼ੁਲਮ ਸਿਖ਼ਰਾਂ 'ਤੇ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸਿੱਖਾਂ ਨੂੰ ਚਰਖੜ੍ਹੀਆਂ 'ਤੇ ਚਾੜ੍ਹਿਆ ਜਾ ਰਿਹਾ ਸੀ, ਘੋਰ ਤਸੀਹੇ ਦੇ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸਮੇਂ ਜਿੱਥੇ ਸਿੱਖਾਂ ਨੇ ਸਿੱਖੀ ਸਿਦਕ ਦੀ ਅਦੁੱਤੀ ਮਿਸਾਲ ਪੈਦਾ ਕੀਤੀ, ਜ਼ਾਲਮ ਜਰਵਾਣਿਆਂ ਨੂੰ ਲੋਹੇ ਦੇ ਚਣੇ ਚਬਾਏ ਤੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਤਾਂ ਓਦੋਂ ਹੀ ਸੰਘਰਸ਼ ਦੀ ਇੱਕ ਨੀਤੀ ਤਹਿਤ ਸਿੱਖ ਜੰਗਲਾਂ-ਪਹਾੜਾਂ ਵੱਲ ਵੀ ਨਿਕਲ਼ ਜਾਂਦੇ ਸਨ ਤੇ ਠੀਕ ਸਮਾਂ ਆਉਣ 'ਤੇ ਫਿਰ ਨਿੱਤਰਦੇ ਸਨ।

ਇਸੇ ਤਰ੍ਹਾਂ ਜਦੋਂ ਹਿੰਦ ਸਰਕਾਰ ਨੇ ਵੀ ਅੱਤ ਚੁੱਕ ਲਈ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ-ਤੋਪਾਂ ਨਾਲ਼ ਫ਼ੌਜੀ ਹਮਲਾ

ਕਰ ਦਿੱਤਾ, ਨਵੰਬਰ 1984 'ਚ ਸਿੱਖਾਂ ਦੇ ਗਲ਼ਾਂ 'ਚ ਬਲਦੇ ਟਾਇਰ ਪਾਏ ਗਏ, ਬੀਬੀਆਂ ਦੀ ਪੱਤ ਰੋਲ਼ੀ ਗਈ, ਸਿੱਖਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰਿਆ ਜਾਣ ਲੱਗਾ ਤਾਂ ਸਿੱਖ ਕੌਮ ਦੇ ਜੁਝਾਰੂ-ਸੂਰਮਿਆਂ ਨੇ ਇੱਕ ਦਹਾਕਾ ਹਕੂਮਤ ਨੂੰ ਵਖਤ ਪਾਈ ਰੱਖਿਆ, ਦਿੱਲੀ ਦਰਬਾਰ ਦੇ ਕਿੰਗਰੇ ਹਿਲਾ ਕੇ ਰੱਖ ਦਿੱਤੇ, ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਵੀ ਲੰਮੀ ਜੰਗ ਲੜੀ ਤੇ ਇੱਕ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਤੇ ਉਹਨਾਂ ਸਮਿਆਂ ਦੌਰਾਨ ਹੀ ਕਾਫ਼ੀ ਸਿੱਖਾਂ ਨੂੰ ਆਪਣਾ ਘਰ-ਪਰਿਵਾਰ ਅਤੇ ਦੇਸ ਪੰਜਾਬ ਤਿਆਗਣਾ ਵੀ ਪਿਆ।

ਉਹਨਾਂ ਜੁਝਾਰੂ ਅਤੇ ਅਣਖੀਲੇ ਸਿੱਖਾਂ ਨੇ ਡਰ ਕੇ ਪੰਜਾਬ ਨਹੀਂ ਛੱਡਿਆ, ਉਹ ਝੁਕੇ-ਲਿਫੇ ਨਹੀਂ ਸਨ। ਉਹਨਾਂ ਨੇ ਆਪਣੀ ਤਾਕਤ ਅਤੇ ਸਮਰੱਥਾ ਤੋਂ ਵੱਧ ਕੇ ਸਰਕਾਰ ਨਾਲ਼ ਟੱਕਰ ਲਈ। ਤਾਂ ਹੀ ਉਹਨਾਂ ਸਿੰਘਾਂ ਦੇ ਖੌਫ਼ ਤੋਂ ਹਿੰਦ ਸਰਕਾਰ ਅੱਜ ਵੀ ਥਰ-ਥਰ ਕੰਬਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਸਿੱਖ ਚੈਨ ਨਾਲ਼ ਨਹੀਂ ਬੈਠੇ, ਉਹਨਾਂ ਨੇ ਆਪਣੇ ਪੰਥ ਅਤੇ ਪੰਜਾਬ ਨੂੰ ਵਿਸਾਰਿਆ ਨਹੀਂ, ਉਹਨਾਂ ਨੇ ਖ਼ਾਲਿਸਤਾਨ ਦੇ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ, ਉਹ ਓਥੇ ਰਹਿ ਕੇ ਜੋ ਕਰ ਸਕਦੇ ਸਨ, ਉਹਨਾਂ ਕੀਤਾ। ਅਜਿਹੇ ਸਿੱਖਾਂ ਤੋਂ ਵਾਰੇ-ਵਾਰੇ ਜਾਣ ਨੂੰ ਦਿਲ ਕਰਦਾ ਹੈ।

ਇੱਕ ਅਜਿਹੀ ਹੀ ਕਹਾਣੀ ਜੁਝਾਰੂ ਭਾਈ ਹਰਪ੍ਰੀਤ ਸਿੰਘ ਪੰਮਾ ਦੀ ਹੈ, ਜੋ ਉਹਨਾਂ ਨੇ ਇਸ ਕਿਤਾਬ 'ਕੰਧ ਓਹਲੇ ਪ੍ਰਦੇਸ' ਵਿੱਚ ਬਾਖੂਬੀ ਬਿਆਨੀ ਹੈ। ਭਾਈ ਹਰਪ੍ਰੀਤ ਸਿੰਘ ਪੰਮਾ ਨੂੰ ਹਥਿਆਰਬੰਦ ਸੰਘਰਸ਼ ਦੌਰਾਨ ਚੋਟੀ ਦੇ ਜੁਝਾਰੂ ਸਿੰਘਾਂ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਉਹਨਾਂ ਦੇ ਘਰ 'ਚ ਜੁਝਾਰੂ ਸਿੰਘਾਂ ਦੀ ਠਾਹਰ ਹੁੰਦੀ ਸੀ ਜਿਸ ਕਾਰਨ ਉਹ ਕਈ ਵਾਰ ਸਰਕਾਰੀ ਜ਼ੁਲਮ ਦਾ ਨਿਸ਼ਾਨਾ ਵੀ ਬਣੇ। ਜੇਲ੍ਹਾਂ, ਥਾਣੇ, ਕਚਹਿਰੀਆਂ ਤੇ ਬੁੱਚੜ ਪੁਲਸੀਆਂ ਦਾ ਜ਼ੁਲਮ ਉਹਨਾਂ ਨੂੰ ਸਿੱਖੀ ਸਿਦਕ ਤੋਂ ਡੁਲ੍ਹਾ ਨਾ ਸਕਿਆ। ਉਹਨਾਂ 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ' ਦੇ ਸਿਧਾਂਤ ਉੱਤੇ ਡਟ ਕੇ ਪਹਿਰਾ ਦਿੱਤਾ। ਉਹਨਾਂ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੇ ਬੋਲਾਂ ਤਹਿਤ ਖ਼ਾਲਿਸਤਾਨ ਦੀ ਜੰਗ-ਏ-ਅਜ਼ਾਦੀ ਦੇ ਸੰਘਰਸ਼ 'ਚ ਹਿੱਸਾ ਪਾ ਕੇ ਪੰਥਕ ਫ਼ਰਜ਼ ਅਦਾ ਕੀਤਾ।

ਸੰਘਰਸ਼ ਦੌਰਾਨ ਹੀ ਸੰਨ 1990 'ਚ ਸਰਕਾਰੀ ਜ਼ੁਲਮ ਤੋਂ ਤੰਗ ਆ ਕੇ ਉਹਨਾਂ ਨੂੰ ਪੰਜਾਬ ਤੋਂ ਵਿਦੇਸ਼ ਵੱਲ ਰੁਖ਼ ਕਰਨਾ ਪਿਆ। ਉਹ ਪੰਜਾਬ ਤੋਂ ਦਿੱਲੀ ਗਏ ਤੇ ਜਹਾਜ਼ 'ਤੇ ਚੜ੍ਹ ਕੇ ਚੈਕੋਸਲਵਾਕੀਆ ਪਹੁੰਚੇ। ਫਿਰ ਚੈਕੋਸਲਵਾਕੀਆ ਦਾ ਬਾਰਡਰ ਪਾਰ ਕਰ ਕੇ ਜਰਮਨ ਗਏ, ਫਿਰ ਕੁਝ ਸਮੇਂ ਬਾਅਦ ਜਰਮਨ ਦਾ ਬਾਰਡਰ ਪਾਰ ਕਰ ਕੇ ਸਵਿਟਜ਼ਰਲੈਂਡ ਗਏ ਤੇ ਫਿਰ ਸਵਿਟਜ਼ਰਲੈਂਡ ਦਾ ਬਾਰਡਰ ਟੱਪ ਕੇ ਆਸਟਰੀਆ ਆ ਗਏ, ਜਿੱਥੇ ਹੁਣ ਉਹ ਲੰਮੇ ਸਮੇਂ ਤੋਂ ਆਪਣੇ ਪਰਿਵਾਰ ਨਾਲ਼ ਰਹਿ ਰਹੇ ਹਨ। ਪੰਜਾਬ ਤੋਂ ਆਸਟਰੀਆ ਤਕ

ਦਾ ਸਫਰ ਉਹਨਾਂ ਲਈ ਬਿਖੜੇ ਪੈਂਡੇ ਤੇ ਸੰਘਰਸ਼ ਵਾਂਗ ਸੀ, ਬੜੀ ਜੱਦੋ-ਜਹਿਦ ਕਰਨੀ ਪਈ, ਖਤਰਨਾਕ ਰਾਹਾਂ ਤੋਂ ਲੰਘਣਾ ਪਿਆ ਤੇ ਬਚਦੇ-ਬਚਾਉਂਦੇ ਉਹ ਮੰਜ਼ਲ ਤਕ ਪਹੁੰਚੇ।

ਪਰ ਆਸਟਰੀਆ ਉਹਨਾਂ ਦੀ ਮੰਜ਼ਲ ਨਹੀਂ ਹੈ। ਉਹ ਖੁਦ ਕਹਿੰਦੇ ਹਨ ਕਿ ਪ੍ਰਦੇਸ ਇੱਕ ਮਿੱਠੀ ਜੇਲ੍ਹ ਹੈ ਅਤੇ ਸਾਡਾ ਸੰਘਰਸ਼ ਤਾਂ ਖ਼ਾਲਿਸਤਾਨ ਦੀ ਪ੍ਰਾਪਤੀ ਹੈ। ਇਹ ਗੱਲ ਹਰ ਇੱਕ ਸਿੱਖ ਦੇ ਦਿਲ ਦਿਮਾਗ ਵਿੱਚ ਹੋਣੀ ਚਾਹੀਦੀ ਹੈ ਕਿ ਆਪਣੇ ਦੇਸ਼ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੈ। ਇਸੇ ਕਰਕੇ ਭਾਈ ਹਰਪ੍ਰੀਤ ਸਿੰਘ ਪੰਮਾ ਹਮੇਸ਼ਾਂ ਪੰਥ ਅਤੇ ਪੰਜਾਬ ਲਈ ਚਿੰਤਤ ਰਹਿੰਦੇ ਹਨ, ਉਹ ਖ਼ਾਲਿਸਤਾਨ ਪ੍ਰਤੀ ਸੇਵਾਵਾਂ ਵੀ ਨਿਭਾਉਂਦੇ ਆ ਰਹੇ ਹਨ ਤੇ ਸੰਘਰਸ਼ਸ਼ੀਲ ਸਖਸ਼ੀਅਤਾਂ ਨੂੰ ਵੀ ਸਹਿਯੋਗ ਕਰ ਰਹੇ ਹਨ।

ਜਦ ਭਾਈ ਹਰਪ੍ਰੀਤ ਸਿੰਘ ਪੰਮਾ ਪਿਛਲੇ ਸਾਲ ਪੰਜਾਬ ਆਏ ਸਨ ਤਾਂ ਅਸੀਂ ਉਹਨਾਂ ਨੂੰ ਮਿਲੇ ਸਾਂ। ਉਹਨਾਂ ਅੰਦਰ ਪੰਥ ਅਤੇ ਪੰਜਾਬ ਲਈ ਜੁਝਾਰੂ ਜਜ਼ਬਾ ਅੱਜ ਵੀ ਠਾਠਾਂ ਮਾਰ ਰਿਹਾ ਹੈ, ਉਹਨਾਂ ਦੇ ਬੋਲਾਂ 'ਚ ਪੰਥ ਅਤੇ ਪੰਜਾਬ ਦਾ ਦਰਦ ਭਰਿਆ ਸੀ। ਉਹ ਨਾਮ-ਬਾਣੀ 'ਚ ਭਿੱਜੀ ਰੂਹ ਹਨ ਤੇ ਸੁਆਸ-ਸੁਆਸ ਕਰਕੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਪ੍ਰਣਾਏ ਹੋਏ ਹਨ। ਇਹੋ ਜਿਹੇ ਯੋਧੇ ਪੰਜਾਬ 'ਚ ਹੋਣ ਜਾਂ ਵਿਦੇਸ਼ਾਂ 'ਚ, ਅਸਲ 'ਚ ਸੰਘਰਸ਼ ਨੂੰ ਜਾਰੀ ਰੱਖਣ 'ਚ ਇਹਨਾਂ ਦਾ ਵੱਡਾ ਯੋਗਦਾਨ ਹੈ।

ਬਥੇਰੇ ਲੋਕ ਅਜਿਹੇ ਵੀ ਹਨ ਜੋ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਧਰਮ, ਬੋਲੀ, ਸੱਭਿਆਚਾਰ, ਪਹਿਰਾਵੇ ਅਤੇ ਮਿੱਟੀ ਤੋਂ ਦੂਰ ਹੋ ਜਾਂਦੇ ਹਨ ਪਰ ਧੰਨ ਹਨ ਉਹ ਸਿੰਘ-ਸੂਰਮੇ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਤ ਕੀਤਾ, ਖ਼ਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਸ਼ਹੀਦਾਂ ਦੀ ਬਾਤ ਪਾਈ, ਮਨੁੱਖੀ ਹੱਕਾਂ ਲਈ ਜ਼ੋਰਦਾਰ ਅਵਾਜ਼ ਉਠਾਈ, ਸਰਬੱਤ ਦੇ ਭਲੇ ਦੇ ਉਪਦੇਸ਼ ਨੂੰ ਕਮਾਇਆ। ਜਿਸ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਭਰ ਦੇ ਲੋਕ ਕਹਿਣ ਲੱਗ ਪਏ ਹਨ ਕਿ ਸਿੱਖ ਮਹਾਨ ਜਿਸ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਭਰ ਦੇ ਲੋਕ ਕਹਿਣ ਲੱਗ ਪਏ ਹਨ ਕਿ ਸਿੱਖ ਮਹਾਨ ਹਨ, ਸਿੱਖ ਇਮਾਨਦਾਰ ਹਨ, ਸਿੱਖਾਂ ਨਾਲ਼ ਭਾਰਤ 'ਚ ਅਨਿਆਂ ਹੋ ਰਿਹਾ ਹੈ, ਸਿੱਖ ਗ਼ੁਲਾਮ ਹਨ, ਸਿੱਖ ਬਾਗ਼ੀ ਹਨ, ਸਿੱਖਾਂ ਦਾ ਖ਼ਾਲਿਸਤਾਨ ਲਈ ਸੰਘਰਸ਼ ਜਾਇਜ਼ ਹੈ, ਅਜ਼ਾਦੀ ਦੀ ਗੱਲ ਕਰਨਾ ਸਿੱਖਾਂ ਦਾ ਹੱਕ ਹੈ।

ਪੰਥ ਅਤੇ ਪੰਜਾਬ ਦਾ ਜਦੋਂ ਵੀ ਕੋਈ ਸੰਘਰਸ਼ ਚੱਲਦਾ ਹੈ, ਮੋਰਚਾ ਲੱਗਦਾ ਹੈ, ਮੁੱਦਾ ਭਖ਼ਦਾ ਹੈ ਜਾਂ ਕੁਦਰਤੀ ਆਫ਼ਤ ਪੈਂਦੀ ਹੈ ਤਾਂ ਵਿਦੇਸ਼ਾਂ 'ਚ ਵੱਸਦੇ ਸਿੱਖ ਹਰ ਪੱਖ ਤੋਂ ਸ਼ਾਨਦਾਰ ਰੋਲ ਅਦਾ ਕਰਦੇ ਹਨ। ਵਿਦੇਸ਼ਾਂ ਦੇ ਸਿੱਖਾਂ ਨੇ ਕਦੇ ਵੀ ਪੰਥ ਅਤੇ ਪੰਜਾਬ ਨੂੰ ਇਕੱਲਾ ਨਹੀਂ ਛੱਡਿਆ। ਉਹ ਵੀ ਜਾਣਦੇ ਹਨ ਕਿ ਸਾਡੀ ਵੀ ਸ਼ਾਨ ਪੰਥ ਅਤੇ ਪੰਜਾਬ ਕਰਕੇ ਹੈ, ਜੇ ਪੰਜਾਬ ਜਿਉਂਦਾ ਰਹੇਗਾ ਤਾਂ ਸਾਡਾ ਵੀ ਮਾਣ ਬਰਕਰਾਰ ਰਹੇਗਾ। ਇਸ ਲਈ ਪੰਥ ਅਤੇ ਪੰਜਾਬ ਦੀ ਹੋਂਦ ਨਾਲ਼ ਹੀ ਸਾਡੀ ਸਭ ਦੀ ਹੋਂਦ ਹੈ। ਸਰਕਾਰਾਂ ਪੰਥ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀਆਂ ਨੇ, ਸਿੱਖਾਂ ਨੂੰ ਪੰਜਾਬ ਬਚਾਉਣਾ ਪਏਗਾ, ਸਾਨੂੰ

ਸੰਘਰਸ਼ ਲੜਨਾ ਪਏਗਾ। ਪੰਜਾਬ ਲਈ ਹਰੇਕ ਸਿੱਖ ਅਤੇ ਪੰਜਾਬੀ ਨੂੰ ਚਿੰਤਤ ਅਤੇ ਸੰਘਰਸ਼ਸ਼ੀਲ ਹੋਣ ਦੀ ਲੋੜ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੱਕ ਦਿਨ ਖ਼ਾਲਿਸਤਾਨ ਬਣੇਗਾ।

ਮੈਂ ਸਮਝਦਾ ਹਾਂ ਕਿ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ। ਪਰ ਆਪਣੇ ਪੰਥ ਅਤੇ ਪੰਜਾਬ ਨੂੰ ਭੁੱਲ ਜਾਣਾ ਤਾਂ ਤਬਾਹੀ ਹੈ। ਵਿਦੇਸ਼ ਜਾਣਾ, ਘੁੰਮਣਾ-ਫਿਰਨਾ, ਕਾਰੋਬਾਰ ਵਧਾਉਣਾ ਅਤੇ ਆਰਥਿਕ ਤੌਰ 'ਤੇ ਮਜਬੂਤ ਹੋਣਾ ਤੇ ਫਿਰ ਕੁਝ ਸਾਲਾਂ ਬਾਅਦ ਵਾਪਸ ਮੁੜ ਆਉਣ ਵਿੱਚ ਤਾਂ ਸਾਡੀ ਭਲਾਈ ਹੈ। ਅਸੀਂ ਆਪਣੇ ਮੂਲ ਅਤੇ ਜੜ੍ਹਾਂ ਤੋਂ ਨਾ ਟੁੱਟੀਏ। ਵਿਦੇਸ਼ ਜਾਣ ਦੀ ਦੌੜ ਵਿੱਚ ਕਈ ਨੌਜਵਾਨ ਬੇਵਜ੍ਹਾ ਪੰਜਾਬ ਨੂੰ ਨਿੰਦ-ਭੰਡ ਰਹੇ ਹਨ, ਜਦ ਕਿ ਪੰਜਾਬ ਦਾਤਾ ਹੈ, ਪੰਜਾਬ 'ਚ ਬਹੁਤ ਕੁਝ ਕਰਨ ਵਾਲਾ ਹੈ, ਇਹ ਸਾਡੇ ਪੁਰਖਿਆਂ ਦੀ ਧਰਤੀ ਹੈ, ਸਾਨੂੰ ਚਾਹੀਦਾ ਹੈ ਕਿ ਪੰਜਾਬ 'ਚ ਰਹਿ ਕੇ ਆਪਣੇ ਕਾਰੋਬਾਰ ਚਲਾਉਣ ਦੀ ਕੋਸ਼ਿਸ਼ ਕਰੀਏ।

ਹਿੰਦ ਹਕੂਮਤ ਸਾਨੂੰ ਸਿੱਖੀ ਤੋਂ ਬਾਗ਼ੀ ਕਰਨਾ ਚਾਹੁੰਦੀ ਹੈ, ਸਾਨੂੰ ਪੰਜਾਬ ਦੀ ਧਰਤੀ ਤੋਂ ਦੂਰ ਕਰਨਾ ਚਾਹੁੰਦੀ ਹੈ, ਇਹ ਪੰਜਾਬ ਸਾਡਾ ਹੈ, ਅਸੀਂ ਸੰਘਰਸ਼ ਕੀਤੇ ਹਨ, ਖ਼ੂਨ ਡੋਲ੍ਹਿਆ ਹੈ, ਹੁਣ ਇਸ ਨੂੰ ਗੈਰਾਂ ਦੇ ਹੱਥ ਕਿਉਂ ਦਿੰਦੇ ਜਾ ਰਹੇ ਹਾਂ।

ਸਿੱਖੋ! ਹਕੂਮਤੀ ਜਾਲ਼ 'ਚ ਨਾ ਫਸੋ, ਪੰਜਾਬ ਵਿਰੋਧੀ ਬਿਰਤਾਂਤ ਨੂੰ ਤੋੜਨ ਦੀ ਲੋੜ ਹੈ। ਪੰਜਾਬ ਲਈ ਜੂਝਣ ਵਾਲ਼ੇ ਅਤੇ ਅਵਾਜ਼ ਬੁਲੰਦ ਕਰਨ ਵਾਲੇ ਸਭਨਾਂ ਵੀਰਾਂ-ਭੈਣਾਂ ਦਾ ਧੰਨਵਾਦ ਹੈ। ਇਹ ਓਹੀ ਪੰਜਾਬ ਹੈ ਜਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ ਤਾਂ ਗੋਰੇ ਵੀ ਇੱਥੇ ਨੌਕਰੀਆਂ ਕਰਨ ਆਉਂਦੇ ਸਨ, ਪੰਜਾਬ ਐਨਾ ਅਮੀਰ ਤੇ ਖ਼ੁਸ਼ਹਾਲ ਸੀ।

ਅਖ਼ੀਰ 'ਤੇ 'ਖ਼ਾਲਸਾ ਫ਼ਤਹਿਨਾਮਾ ਪ੍ਰਕਾਸ਼ਨ' ਅਤੇ 'ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ' ਜਥੇਬੰਦੀ ਵੱਲੋਂ ਦਾਸ ਇਸ ਕਿਤਾਬ 'ਕੰਧ ਓਹਲੇ ਪ੍ਰਦੇਸ' ਦਾ ਭਰਪੂਰ ਸਵਾਗਤ ਅਤੇ ਲੇਖਕ ਭਾਈ ਹਰਪ੍ਰੀਤ ਸਿੰਘ ਪੰਮਾ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ ਕਿ ਕਲਮ ਦਾ ਸਫ਼ਰ ਜਾਰੀ ਰਹੇ, ਗੁਰੂ ਸਾਹਿਬ ਅੰਗ-ਸੰਗ ਸਹਾਈ ਹੋਣ।

ਖ਼ਾਲਿਸਤਾਨ ਜ਼ਿੰਦਾਬਾਦ! ਦੇਸ ਪੰਜਾਬ ਜ਼ਿੰਦਾਬਾਦ! ਸਿੱਖ ਹੋਮਲੈਂਡ ਜ਼ਿੰਦਾਬਾਦ! ਰਾਜ ਕਰੇਗਾ ਖ਼ਾਲਸਾ। ਪੰਥ ਕੀ ਜੀਤ। ਦੇਗ ਤੇਗ ਫ਼ਤਹਿ। ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜ਼ਿੰਦਾਬਾਦ।

- ਰਣਜੀਤ ਸਿੰਘ ਦਮਦਮੀ ਟਕਸਾਲ

(ਪ੍ਰਧਾਨ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)

25 ਦਸੰਬਰ 2023

* * * * *

ਤਤਕਰਾ

ਕੰਧ ਓਹਲੇ ਪ੍ਰਦੇਸ	9
ਪਰਵਾਸ ਪਿੱਛੇ ਕਾਰਨ	10
ਅਨੰਦ ਕਾਰਜ ਮਗਰੋਂ ਵਿਦੇਸ਼ ਜਾਣ ਦਾ ਖ਼ਿਆਲ	17
ਦਿੱਲੀ ਦੇ ਏਜੰਟ ਕੋਲ ਜਾਣਾ	20
ਚੈਕੋਸਲਵਾਕੀਆ ਦੀ ਫਲਾਈਟ	24
ਡੋਂਕੀ ਲਾ ਕੇ ਜਰਮਨ ਵਿੱਚ ਪ੍ਰਵੇਸ਼	33
ਜਰਮਨ ਵਿੱਚ ਕੀ-ਕੀ ਹੋਇਆ	39
ਜਰਮਨ ਦਾ ਬਾਰਡਰ ਟੱਪ ਕੇ ਸਵਿਟਜ਼ਰਲੈਂਡ ਪਹੁੰਚਣ ਦੀ ਕਹਾਣੀ	49
ਸਵਿਟਜ਼ਰਲੈਂਡ ਦਾ ਬਾਰਡਰ ਟੱਪ ਕੇ ਆਸਟਰੀਆ 'ਚ ਦਾਖ਼ਲਾ	64
ਆਸਟਰੀਆ ਦੇਸ਼ ਦਾ ਸਫ਼ਰ ਸ਼ੁਰੂ	71
ਆਸਟਰੀਆ 'ਚ ਧਾਰਮਿਕ ਗਤੀਵਿਧੀਆਂ	94
ਮੇਰੇ ਪ੍ਰਦੇਸੀ ਭਰਾਵੋ! ਪੰਜਾਬ ਬਚਾ ਲਓ	100
ਪ੍ਰਦੇਸ ਇੱਕ ਮਿੱਠੀ ਜੇਲ੍ਹ	113
ਪ੍ਰਦੇਸ ਆ ਕੇ ਕੀ ਕਮਾਇਆ?	116
ਪ੍ਰਦੇਸ ਆ ਕੇ ਕੀ ਗਵਾਇਆ ?	120
ਪ੍ਰਦੇਸੀਆਂ ਦਾ ਦਰਦ	124

ਕੰਧ ਓਹਲੇ ਪ੍ਰਦੇਸ

'ਪ੍ਰਦੇਸ' ਪਰ+ਦੇਸ; ਪਰਾਇਆ ਦੇਸ, ਬੇਗਾਨਾ ਦੇਸ, ਜਿਸ ਦੇਸ ਵਿੱਚ ਇਨਸਾਨ ਦਾ ਜਨਮ ਨਹੀਂ ਹੋਇਆ, ਜਿਸ ਦੇਸ਼ ਵਿੱਚ ਇਨਸਾਨ ਨੇ ਆਪਣਾ ਬਚਪਨ-ਜਵਾਨੀ ਨਹੀਂ ਬਿਤਾਈ, ਉਸ ਨੂੰ 'ਪ੍ਰਦੇਸ' ਕਿਹਾ ਜਾਂਦਾ ਹੈ।

'ਕੰਧ ਓਹਲੇ ਪ੍ਰਦੇਸ' ਦਾ ਮਤਲਬ, ਜਿਸ ਕੰਧ ਦੇ ਇੱਕ ਪਾਸੇ ਖੜ੍ਹੇ ਇਨਸਾਨ ਨੂੰ ਕੁਝ ਨਹੀਂ ਪਤਾ ਹੁੰਦਾ ਕਿ ਦੂਜੇ ਪਾਸੇ ਕੀ ਹੈ, ਕੀ ਹੋ ਰਿਹਾ ਹੈ। ਇਹ ਪਿੰਡਾਂ ਦਾ ਹੀ ਅਖਾਣ ਹੈ, ਜਦੋਂ ਪ੍ਰਦੇਸ ਵਿੱਚ ਕਿਸੇ ਨਾਲ਼ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਆਮ ਕਿਹਾ ਜਾਂਦਾ ਕਿ 'ਕੰਧ ਓਹਲੇ ਪ੍ਰਦੇਸ ਹੈ ਜੀ।'

ਪ੍ਰਸਿੱਧ ਕਥਾਵਾਚਕ ਤੇ ਵਿਦਵਾਨ ਭਾਈ ਸੰਤ ਸਿੰਘ ਜੀ ਮਸਕੀਨ ਦੇ ਬੋਲ ਹਨ ਕਿ ਜੋ ਬੱਚਾ ਅਜੇ ਮਾਤਾ ਦੇ ਗਰਭ ਵਿੱਚ ਹੈ, ਪੇਟ ਵਿੱਚ ਹੈ, ਉਸ ਨੂੰ ਕੀ ਪਤਾ ਬਚਪਨ ਕੀ ਹੁੰਦਾ ਹੈ ? ਬਚਪਨ ਦੀਆਂ ਖੇਡਾਂ-ਇੱਲਤਾਂ-ਸ਼ਰਾਰਤਾਂ-ਭੋਲਾਪਣ ਉਸ ਵਿਚਾਰੇ ਨੂੰ ਨਹੀਂ ਪਤਾ ਕੀ ਹੁੰਦਾ ਹੈ ? ਇੱਕ ਬੱਚੇ ਨੂੰ ਕੀ ਪਤਾ ਜਵਾਨੀ ਕੀ ਹੁੰਦੀ ਹੈ ? ਜਵਾਨੀ ਦਾ ਜੋਸ਼ ਜਵਾਨੀ ਦਾ ਅਹੰਕਾਰ, ਜਵਾਨੀ ਦੀਆਂ ਮਸਤੀਆਂ ਕੀ ਹੁੰਦੀਆਂ ਹਨ ? ਇੱਕ ਜਵਾਨ ਨੂੰ ਕੀ ਪਤਾ ਬੁਢਾਪਾ ਕੀ ਹੁੰਦਾ ਹੈ; ਬੁਢਾਪੇ ਦੀਆਂ ਕੀ ਮਜਬੂਰੀਆਂ ਕੀ ਮੁਸ਼ਕਲਾਂ ਹੁੰਦੀਆਂ ਹਨ ? ਇੱਕ ਬੁੱਢੇ ਨੂੰ ਕੀ ਪਤਾ ਮਰਨ ਦਾ ਦੁੱਖ ਕੀ ਹੁੰਦਾ ਹੈ ? ਉਹ ਤਾਂ ਸਿਰਫ਼ ਮਰ ਕੇ ਹੀ ਪਤਾ ਲੱਗਦਾ ਹੈ।

ਇਸੇ ਤਰ੍ਹਾਂ ਆਪਣੇ ਦੇਸ਼ ਵਿੱਚ ਬੈਠੇ ਇਨਸਾਨ ਨੂੰ ਨਹੀਂ ਪਤਾ ਹੁੰਦਾ ਕਿ ਪ੍ਰਦੇਸ ਕੀ ਹੈ, ਓਥੇ ਕਿਸ ਤਰ੍ਹਾਂ ਦੇ ਹਾਲਾਤ ਹਨ। ਉਹ ਪੜ੍ਹਦਾ-ਸੁਣਦਾ ਜ਼ਰੂਰ ਹੈ, ਬਾਹਰ ਇੰਝ ਹੈ, ਬਾਹਰ ਉਂਝ ਹੈ। ਪ੍ਰਦੇਸ ਦੇ ਦੁੱਖਾਂ, ਸੁੱਖਾਂ ਅਤੇ ਮਜਬੂਰੀਆਂ ਦਾ ਪ੍ਰਦੇਸ ਭੋਗ ਰਹੇ ਇਨਸਾਨ ਨੂੰ ਹੀ ਪਤਾ ਹੁੰਦਾ ਹੈ।

ਬਾਕੀ ਵਾਹਿਗੁਰੂ ਜੀ ਵੱਲੋਂ ਲਿਖੇ ਕਰਮਾਂ ਅਨੁਸਾਰ ਹੀ ਇਨਸਾਨ ਜ਼ਿੰਦਗੀ ਭੋਗਦਾ ਹੈ। ਸਮੇਂ-ਸਮੇਂ ਅਨੁਸਾਰ ਹਾਲਾਤ ਬਦਲਦੇ ਰਹਿੰਦੇ ਹਨ। ਪ੍ਰਦੇਸ ਬੈਠਿਆਂ ਨੂੰ ਦੇਸ ਚੰਗਾ ਲੱਗਦਾ ਅਤੇ ਦੇਸ ਬੈਠਿਆਂ ਨੂੰ ਪ੍ਰਦੇਸ। ਖ਼ੈਰ, ਸਭ ਦੀ ਆਪੋ-ਆਪਣੀ ਸੋਚ ਵੱਖਰੀ ਹੁੰਦੀ ਹੈ।

* * * * *

ਪਰਵਾਸ ਪਿੱਛੇ ਕਾਰਨ

ਭਾਈ ਰਾਮ ਸਿੰਘ ਜੀ ਮੁਖੀ ਦਮਦਮੀ ਟਕਸਾਲ ਸੰਗਰਾਵਾਂ, ਜ਼ਿਲ੍ਹਾ ਗੁਰਦਾਸਪੁਰ; ਇੱਕ ਵਾਰੀ ਸਾਡੇ ਪਿੰਡ ਕਥਾ ਕਰਨ ਆਏ ਤਾਂ ਉਹਨਾਂ ਬਚਨ ਕੀਤੇ ਕਿ "ਇਤਿਹਾਸ ਸੁਣਾ ਦੇਣਾ ਅਤੇ ਇਤਿਹਾਸ ਸੁਣ ਲੈਣਾ, ਇਤਿਹਾਸ ਪੜ੍ਹਾ ਦੇਣਾ ਅਤੇ ਇਤਿਹਾਸ ਪੜ੍ਹ ਲੈਣਾ ਕੋਈ ਵੱਡੀ ਗੱਲ ਨਹੀਂ ਹੁੰਦਾ, ਪਰ ਇਤਿਹਾਸ ਬਣਾਉਣਾ ਬਹੁਤ ਔਖਾ ਹੁੰਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਦਸਾਂ ਗੁਰੂ ਸਾਹਿਬਾਨ ਨੇ ਇਤਿਹਾਸ ਬਣਾਇਆ, ਕਰੀਬ ਦੋ ਸੌ ਚਾਲ਼ੀ ਸਾਲ ਦਾ ਸਮਾਂ ਬਣਦਾ ਹੈ। 1469 ਤੋਂ ਲੈ ਕੇ 1708 ਤਕ। 1469 ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। 1708 ਵਿੱਚ ਗੁਰੂ ਗੋਬਿੰਦ ਸਿੰਘ ਜੋਤੀ-ਜੋਤ ਸਮਾਏ, ਸੱਚਖੰਡ ਪਿਆਨਾ ਕੀਤਾ। ਉਸ ਤੋਂ ਬਾਅਦ ਗੁਰੂ ਸਾਹਿਬ ਜੀ ਦੇ ਸਿੱਖ ਅੱਜ ਤਕ ਇਤਿਹਾਸ ਬਣਾ ਰਹੇ ਹਨ। ਪਿਛਲੇ ਸਿੱਖਾਂ ਦਾ ਇਤਿਹਾਸ ਅਸੀਂ ਪੜ੍ਹ-ਸੁਣ-ਲਿਖ ਰਹੇ ਹਾਂ ਅਤੇ ਹੁਣ ਵਾਲ਼ਿਆਂ ਦਾ ਬਾਅਦ ਵਾਲ਼ੇ ਪੜ੍ਹਨ ਸੁਣਨਗੇ...।"

ਸੰਨ 1978 ਤੋਂ ਪਹਿਲਾਂ ਵਾਲ਼ੇ ਇਤਿਹਾਸ ਬਾਰੇ ਤਾਂ ਅਸੀਂ ਪੜ੍ਹਿਆ ਸੁਣਿਆ ਹੀ ਸੀ, ਪਰ 1978 ਤੋਂ 1994 ਵਾਲ਼ੇ ਇਤਿਹਾਸ ਨੂੰ ਬਣਾਉਣ ਵਾਲ਼ੇ ਅਤੇ ਵੇਖਣ-ਸੁਣਨ ਵਾਲ਼ੇ ਵੀ ਕਾਫ਼ੀ ਹਾਲ਼ੇ ਬੈਠੇ ਨੇ। ਮੀਰ ਮੰਨੂੰ, ਜ਼ਕਰੀਆ ਖ਼ਾਨ, ਔਰੰਗਜ਼ੇਬ, ਫੁਰਖ਼ਸੀਅਰ, ਅਬਦਾਲੀ, ਬਾਬਰ, ਮੱਸੇ ਰੰਘੜ ਹੋਰਾਂ ਬਾਰੇ ਤਾਂ ਅਸੀਂ ਪੜ੍ਹਿਆ-ਸੁਣਿਆ ਹੀ ਹੈ ਪਰ ਕੱਲ੍ਹ ਅਤੇ ਅੱਜ ਵਾਲ਼ੇ ਜ਼ਾਲਮ ਤਾਂ ਅਸੀਂ ਖੁਦ ਵੇਖੇ ਅਤੇ ਸੁਣੇ ਹਨ।

ਜਿਸ ਤਰ੍ਹਾਂ ਪਿੱਛੇ ਲਿਖਿਆ ਹੈ ਕਿ ਪ੍ਰਦੇਸ ਭੋਗਣ ਵਾਲ਼ੇ ਨੂੰ ਹੀ ਪਤਾ ਹੁੰਦਾ ਪ੍ਰਦੇਸ ਕੀ ਹੁੰਦਾ, ਇਸੇ ਤਰ੍ਹਾਂ ਇਤਿਹਾਸ ਬਣਾਉਣ ਵਾਲ਼ਿਆਂ ਨੂੰ ਵੀ ਪਤਾ ਹੁੰਦਾ ਕਿ ਇਤਿਹਾਸ ਕਿਵੇਂ ਬਣਦਾ ਹੈ। ਜੇਠ ਦੇ ਮਹੀਨੇ ਵਿੱਚ ਤੱਤੀ ਤਵੀ 'ਤੇ ਬੈਠ ਕੇ ਅਤੇ ਤੱਤੀ ਰੇਤਾ ਸਿਰ ਵਿੱਚ ਪਵਾਉਣ ਵਾਲ਼ੇ ਗੁਰੂ ਅਰਜਨ ਦੇਵ ਜੀ ਹੀ ਦੱਸ ਸਕਦੇ ਹਨ ਕਿ ਉਹ ਸਮਾਂ ਕਿਹੋ ਜਿਹਾ ਸੀ, ਬਾਬਰ ਦੀ ਜੇਲ੍ਹ ਵਿੱਚ ਬੰਦ ਬਾਬਾ ਨਾਨਕ ਜੀ ਹੀ ਦੱਸ ਸਕਦੇ ਹਨ ਕਿ ਉਹ ਸਮਾਂ ਕਿਹੋ ਜਿਹਾ ਸੀ।

ਚਾਂਦਨੀ ਚੌਂਕ ਵਿੱਚ ਸੀਸ ਕਟਵਾਉਣ ਵਾਲੇ ਗੁਰੂ ਤੇਗ ਬਹਾਦਰ ਜੀ, ਆਰੇ ਨਾਲ ਚੀਰ ਹੋਣ ਵਾਲੇ ਭਾਈ ਦਿਆਲਾ ਜੀ, ਰੂੰ ਵਿੱਚ ਸੜਨ ਵਾਲੇ ਭਾਈ ਸਤੀ ਦਾਸ ਜੀ ਹੀ ਦੱਸ ਸਕਦੇ ਹਨ, ਉਹ ਸਮਾਂ ਕਿਹੋ ਜਿਹਾ ਸੀ। ਸਰਹੰਦ ਦੀਆਂ ਨੀਂਹਾਂ ਵਿੱਚ ਚਿਣੇ ਜਾਣ ਵਾਲੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਜੋ ਕਿ ਸਰਹੰਦ ਦੀ ਦੀਵਾਰ ਡਿੱਗਣ ਤੋਂ ਬਾਅਦ ਜੱਲਾਦਾਂ ਵੱਲੋਂ ਉਹਨਾਂ ਦੀਆਂ ਸਾਹ-ਰਗਾਂ ਵੱਢੀਆਂ ਗਈਆਂ ਸਨ। ਇਤਿਹਾਸਕਾਰਾਂ ਅਨੁਸਾਰ ਸਾਹ-ਰਗਾਂ ਵੱਢਣ ਤੋਂ ਬਾਅਦ ਕਰੀਬ ਸਾਰਾ ਮਿੰਟ ਸਾਹਿਬਜ਼ਾਦੇ ਤੜਫਦੇ ਰਹੇ। ਉਸ ਸਮੇਂ ਦਾ ਦੁੱਖ ਤਾਂ ਉਹ ਨਿੱਕੀ ਉਮਰੇ ਬਾਬੇ ਕਹਿਲਾਉਣ ਵਾਲੇ ਹੀ ਦੱਸ ਸਕਦੇ ਹਨ, ਕੀ ਸੀ। ਜਦੋਂ ਅੱਸੀ ਸਾਲ ਦੀ ਮਾਤਾ ਗੁਜਰ ਕੌਰ ਜੀ ਨੂੰ ਆਪਣੇ ਪੋਤਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਹੋਵੇਗੀ ਭਾਵੇਂ ਕਿ ਉਹਨਾਂ ਨੂੰ ਪਤਾ ਸੀ ਕਿ ਇਹ ਭਾਣਾ ਵਾਪਰਨਾ ਹੀ ਵਾਪਰਨਾ ਹੈ, ਉਹ ਤਾਂ ਅਗੰਮੀ ਰੂਹਾਂ ਸਨ ਪਰ ਆਪਾਂ ਕੁਝ ਪਲ ਲਈ ਦੁਨਿਆਵੀ ਤੌਰ 'ਤੇ ਸੋਚ ਕੇ ਕਲਪਨਾ ਤਾਂ ਕਰ ਸਕਦੇ ਹਾਂ। ਦੁਨੀਆਂ ਦਾ ਸਭ ਤੋਂ ਵੱਡਾ ਇਤਿਹਾਸ ਰਚਣਹਾਰੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥੀਂ ਆਪਣੀ ਬੁੱਢੀ ਮਾਤਾ ਜੀ ਦਾ ਸੰਸਕਾਰ ਵੀ ਨਾ ਕਰ ਸਕੇ। ਆਪਣੇ ਪੁੱਤਰਾਂ ਦਾ ਸੰਸਕਾਰ ਨਾ ਕਰ ਸਕੇ, ਉਹਨਾਂ ਨੂੰ ਘੋੜੀ ਚੜਦਿਆਂ ਤਾਂ ਕੀ ਵੇਖਣਾ ਸੀ। ਦੁਨੀਆਂ ਦਾ ਉਹ ਮਹਾਨ ਬਾਪ ਜਿਸ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਹੱਥੀਂ ਤਿਆਰ ਕਰ ਕੇ ਜੰਗ ਵੱਲ ਤੋਰਿਆ ਅਤੇ ਸ਼ਹੀਦੀ ਪਾਉਣ 'ਤੇ ਸੈਕਾਰੇ ਦਿੱਤੇ। ਜਿਨ੍ਹਾਂ ਮਾਤਾਵਾਂ ਨੇ ਆਪਣੇ ਪੁੱਤਰਾਂ ਦੇ ਕੋਈ ਸ਼ਗਨ ਨਾ ਕੀਤੇ।

ਕਿਹਨਾਂ ਦੀ ਖਾਤਰ ਇਹ ਸਭ ਕੁਝ ਕੀਤਾ ਗੁਰੂ ਸਾਹਿਬ ਨੇ? ਸਾਡੀ ਖਾਤਰ। ਆਉਣ ਵਾਲੀਆਂ ਪੁਸ਼ਤਾਂ ਨੂੰ ਸਿੱਖਿਆ ਦੇਣ ਦੀ ਖਾਤਰ; ਤੇ ਅਸੀਂ ਸਾਰੇ ਸੁੱਖ-ਸਹੂਲਤਾਂ ਹੋਣ ਦੇ ਬਾਵਜੂਦ ਸਿੱਖੀ ਤੋਂ ਮੁਨਕਰ ਹੋਏ ਬੈਠੇ ਹਾਂ। ਮਾਣ ਹੈ ਉਹਨਾਂ 'ਤੇ, ਜਿਨ੍ਹਾਂ ਨੇ ਸਿੱਖੀ ਸਾਂਭੀ ਹੋਈ ਹੈ। ਰੋਸ ਅਤੇ ਗਿਲਾ ਉਹਨਾਂ 'ਤੇ ਹੈ, ਜੋ ਸਿੱਖੀ ਤੋਂ ਮੁਨਕਰ ਹੋਏ ਬੈਠੇ ਹਨ।

ਕਿਹਾ ਜਾਂਦਾ ਹੈ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸੀ ਦਾ ਆਪਣੇ ਚਾਰੇ ਹੀ ਸਾਹਿਬਜ਼ਾਦੇ ਸ਼ਹੀਦ ਕਰਾਉਣ ਦਾ ਇੱਕ ਮਕਸਦ ਇਹ ਵੀ ਸੀ ਕਿ ਜੇਕਰ ਇੱਕ ਵੀ ਬਚ ਗਿਆ ਜਾਂ ਬਚਾ ਲਿਆ ਗਿਆ ਤਾਂ ਬਾਅਦ ਵਿੱਚ ਸਿੱਖਾਂ ਨੇ ਉਸ ਨੂੰ ਹੀ ਗੁਰੂ ਬਣਾ ਦੇਣਾ ਹੈ। ਵਾਹ ਕਲਗੀਆਂ ਵਾਲਿਆ, ਧੰਨ ਹੈ ਤੂੰ; ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖੀ ਦੀ ਖਾਤਰ ਐਡੀ ਵੱਡੀ ਕੁਰਬਾਨੀ ? ਹਾਲਾਂਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਗੁਰੂ ਬਣਨ ਦੇ ਪੂਰੇ ਲਾਇਕ ਸਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦ ਸਿੰਘ ਜੀ ਬਹਾਦਰ ਦਾ ਸਮਾਂ ਆਇਆ। ਕਰੀਬ ਸੱਤ-ਅੱਠ ਸਾਲ ਇਹ ਸਮਾਂ ਚੱਲਿਆ। ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾਉਣ ਵਾਲਿਆਂ ਨੂੰ ਸਜ਼ਾਵਾਂ ਮਿਲੀਆਂ। ਸਰਹੰਦ ਢੀਂਹ-ਢੇਰੀ ਹੋਈ। ਬਾਬੇ

ਨਾਨਕ ਦੇ ਨਾਂ ਵਾਲ਼ਾ ਸਿੱਕਾ ਚੱਲਿਆ। ਕਾਫ਼ੀ ਜੰਗ-ਯੁੱਧ ਹੋਏ, ਸ਼ਹੀਦੀਆਂ ਹੋਈਆਂ ਆਖ਼ਰਕਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਤੇ ਉਹਨਾਂ ਦਾ ਸਪੁੱਤਰ ਚਾਰ ਸਾਲ ਦਾ 'ਅਜੈ ਸਿੰਘ' ਵੀ ਸ਼ਹੀਦੀ ਪਾ ਗਿਆ। ਉਸ ਤੋਂ ਬਾਅਦ ਸਿੱਖਾਂ ਉੱਤੇ ਜ਼ੁਲਮਾਂ ਦੀ ਹਨੇਰੀ ਝੁਲ਼ਾ ਦਿੱਤੀ ਗਈ। ਇੱਥੋਂ ਤਕ ਹੁਕਮ ਹੋ ਗਏ ਕਿ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਮਿਲੇ, ਕਤਲ ਕਰ ਦਿੱਤਾ ਜਾਵੇ। ਸਿੱਖ ਦੀ ਖ਼ਬਰ ਦੇਣ ਵਾਲ਼ੇ ਨੂੰ ਦਸ ਰੁਪਏ ਇਨਾਮ, ਸਿੱਖ ਨੂੰ ਜਿੰਦਾ ਫੜ ਕੇ ਲਿਆਉਣ ਵਾਲ਼ੇ ਨੂੰ 50 ਰੁਪਏ ਇਨਾਮ, ਸਿੱਖ ਦਾ ਸਿਰ ਵੱਢ ਕੇ ਮਤਲਬ ਕਤਲ ਕਰਨ ਵਾਲ਼ੇ ਨੂੰ 80 ਰੁਪਏ ਇਨਾਮ। ਜ਼ੁਲਮਾਂ ਦੀ ਇੰਤਹਾ (ਸਿਖਰ) ਹੋਣ ਤੋਂ ਬਾਅਦ ਸਿੱਖਾਂ ਨੂੰ ਜੰਗਲਾਂ ਵਿੱਚ ਸ਼ਰਨ ਲੈਣੀ ਪਈ। ਇਸੇ ਤਰ੍ਹਾਂ 1990 ਜਾਂ ਕਹਿ ਲਓ 1984 ਤੋਂ 1994 ਦੇ ਜ਼ੁਲਮਾਂ ਤੋਂ ਬਾਅਦ ਸਿੱਖਾਂ ਨੂੰ ਪ੍ਰਦੇਸਾਂ ਵਿੱਚ ਸ਼ਰਨ ਲੈਣੀ ਪਈ।

70 ਸਾਲ ਸਾਡੇ ਵੱਡੇ-ਵਡੇਰਿਆਂ ਨੇ ਸਾਡੀ ਖ਼ਾਤਰ ਜੰਗਲ਼ਾਂ ਵਿੱਚ ਪਰਿਵਾਰਾਂ ਸਮੇਤ ਗੁਜ਼ਾਰੇ। 70 ਸਾਲ ਸਾਡੇ ਵੱਡੇ-ਵਡੇਰਿਆਂ ਨੇ ਮੰਜੇ ਉੱਤੇ ਸੌਂ ਕੇ ਨਹੀਂ ਸੀ ਵੇਖਿਆ ਅਤੇ ਥਾਲ਼ੀ ਵਿੱਚ ਰੋਟੀ ਨਹੀਂ ਸੀ ਖਾਧੀ। ਦੋ ਘੱਲੂਘਾਰੇ ਛੋਟਾ ਅਤੇ ਵੱਡਾ ਝੱਲੇ। ਛੋਟੇ ਵਿੱਚ 10 ਹਜ਼ਾਰ ਸਿੱਖ ਅਤੇ ਵੱਡੇ ਵਿੱਚ ਇੱਕ ਦਿਨ ਵਿੱਚ 35 ਤੋਂ 50 ਹਜ਼ਾਰ ਸਿੱਖ ਸ਼ਹੀਦੀ ਪਾ ਗਏ। (ਇਤਿਹਾਸਕਾਰਾਂ ਦੇ ਵੱਖਰੇ-ਵੱਖਰੇ ਅੰਦਾਜੇ ਹਨ ਦੂਜੇ ਘਲੂਘਾਰੇ ਦੇ ਗਿਣਤੀ ਬਾਰੇ) ਪਰ ਸਿੱਖਾਂ ਨੇ ਸਿੱਖੀ ਨਹੀਂ ਛੱਡੀ।

ਮੁਗ਼ਲਾਂ ਦੀ ਸ਼ਰਤ ਇਹ ਸੀ 'ਜਾਂ ਮੁਸਲਮਾਨ ਬਣ ਜਾਓ ਤੇ ਜਾਂ ਮਰਨ ਲਈ ਤਿਆਰ ਹੋ ਜਾਓ।' ਸਿੱਖਾਂ ਨੇ 'ਮੁਸਲਮਾਨ ਬਣਨ' ਨਾਲ਼ੋਂ 'ਮਰਨ' ਨੂੰ ਪਹਿਲ ਦਿੱਤੀ। ਇਹ ਸਾਰਾ ਕੁਝ ਵਾਪਰਨ ਤੋਂ ਬਾਅਦ 1799 ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦਾ ਸਮਾਂ ਸ਼ੁਰੂ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ ਬਾਰਾਂ ਮਿਸਲਾਂ ਨੂੰ ਇਕੱਠੀਆਂ ਕਰ ਕੇ ਇੱਕ ਵਿਸ਼ਾਲ 'ਖ਼ਾਲਸਾ ਰਾਜ' ਕਾਇਮ ਕੀਤਾ; ਕਾਬਲ-ਕੰਧਾਰ ਤੋਂ ਲੇਹ-ਲੱਦਾਖ ਤਕ ਵਿਸ਼ਾਲ ਖ਼ਾਲਸਾ ਰਾਜ। ਅਨੇਕਾਂ ਮੱਲਾਂ ਮਾਰੀਆਂ।

ਅਫ਼ਸੋਸ, ਦੋ ਬ੍ਰਾਹਮਣਾਂ ਤੇ ਅੱਠ ਡੋਗਰਿਆਂ ਦੀਆਂ ਗ਼ੱਦਾਰੀਆਂ ਕਰਕੇ ਖ਼ਾਲਸਾ ਰਾਜ ਖ਼ਤਮ ਹੋਇਆ। 1839 ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਮੌਤ ਤੋਂ ਬਾਅਦ ਅੰਗਰੇਜ਼ ਪੰਜਾਬ ਵਿੱਚ ਪੈਰ ਰੱਖ ਸਕਿਆ। ਪੰਜਾਬ ਜੋ ਕਿ ਉਸ ਵੇਲ਼ੇ ਇੱਕ ਦੇਸ਼ ਸੀ। ਅੱਜ ਦਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਲਹਿੰਦਾ ਪੰਜਾਬ (ਪਾਕਿਸਤਾਨ ਵਾਲ਼ਾ) ਇਹ ਦੇਸ਼ ਪੰਜਾਬ ਸੀ। ਹਿੰਦੋਸਤਾਨ-ਇੰਡੀਆ-ਭਾਰਤ, ਜਮਨਾ ਨਦੀ ਤੋਂ ਪਰੇ ਸ਼ੁਰੂ ਹੁੰਦਾ ਸੀ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ। ਪਾਤਸ਼ਾਹੀ ਫ਼ੌਜਾਂ ਦੋਵੇਂ ਭਾਰੀਆਂ ਨੇ।

(ਸ਼ਾਹ ਮੁਹੰਮਦ)

ਸਿੱਖਾਂ ਵੱਲੋਂ ਅੰਗਰੇਜ਼ਾਂ ਨੂੰ ਵੱਡੀ ਟੱਕਰ ਦਿੱਤੀ, ਅੰਗਰੇਜ਼ਾਂ ਅਤੇ ਸਿੱਖ ਫ਼ੌਜਾਂ ਦੀ

ਗਹਿਗੱਚ ਲੜਾਈ ਹੋਈ। 1849 ਵਿੱਚ ਅੰਗਰੇਜ਼ਾਂ ਦਾ ਪੂਰੇ ਪੰਜਾਬ ਉੱਤੇ ਮੁਕੰਮਲ ਕਬਜ਼ਾ ਹੋ ਗਿਆ ਸੀ। ਫਿਰ ਸਿੱਖਾਂ ਨੇ 1849 ਤੋਂ 1947 ਤਕ ਕਰੀਬ ਸੌ ਸਾਲ ਜੰਗ ਲੜੀ। ਹੋਰਾਂ ਕੌਮਾਂ ਨੇ ਵੀ ਹਿੱਸਾ ਪਾਇਆ ਪਰ ਨਾ-ਮਾਤਰ ਸੀ। ਗਾਂਧੀ ਦਾ ਚਰਖਾ ਤੇ ਬੰਕਰੀ ਅੰਗਰੇਜ਼ਾਂ ਨੂੰ ਡਰਾ ਨਾ ਸਕੇ।

1947 ਵਿੱਚ ਜਦੋਂ ਅੰਗਰੇਜ਼ ਜਾਣ ਲੱਗੇ ਤਾਂ ਨਹਿਰੂ-ਗਾਂਧੀ-ਪਟੇਲ ਆਦਿ ਨਾਲ ਰਲ਼ ਕੇ ਪੰਜਾਬ ਦੇ ਦੋ ਟੋਟੇ ਕਰ ਗਏ। ਹਿੰਦੋਸਤਾਨ ਨਹੀਂ ਵੰਡਿਆ ਗਿਆ, ਬਲਕਿ ਪੰਜਾਬ ਵੰਡਿਆ ਗਿਆ।

ਵੈਸੇ ਤਾਂ ਪੜ੍ਹਨ-ਸੁਣਨ ਵਿੱਚ ਆਉਂਦਾ ਹੈ ਕਿ ਅੰਗਰੇਜ਼ ਕਾਫ਼ੀ ਸਮਾਂ ਪਹਿਲਾਂ ਹੀ ਭਾਰਤ ਛੱਡਣ ਨੂੰ ਫਿਰਦੇ ਸਨ, ਪਰ ਗਾਂਧੀ ਅਤੇ ਨਹਿਰੂ ਹੁਰਾਂ ਨੇ ਉਹਨਾਂ ਨੂੰ ਰੋਕਿਆ ਹੋਇਆ ਸੀ ਕਿ ਸਾਨੂੰ ਰਾਜ ਕਰਨ ਦੇ ਹੋਰ ਤੌਰ-ਤਰੀਕੇ ਦੱਸ ਕੇ ਹੀ ਜਾਇਓ। ਅਸਲ ਵਿੱਚ ਦੂਜੀ ਵਿਸ਼ਵ ਜੰਗ ਕਰਕੇ ਪੈਦਾ ਹੋਏ ਅੰਤਰ-ਰਾਸ਼ਟਰੀ ਹਾਲਾਤ ਕਾਰਨ ਬ੍ਰਿਟਿਸ਼ ਸਰਕਾਰ ਦੀ ਏਸ਼ੀਆ ਵਿੱਚ ਪਕੜ ਢਿੱਲੀ ਹੋ ਗਈ ਤਾਂ ਉਹਨਾਂ ਨੂੰ ਏਸ਼ੀਆ 'ਚ ਸਥਾਪਿਤ ਕੀਤੀਆਂ ਆਪਣੀਆਂ ਬ੍ਰਿਟਿਸ਼-ਕਲੋਨੀਆਂ ਨੂੰ ਛੱਡਣਾ ਪਿਆ।

ਕਹਿੰਦੇ ਹਨ ਜਿਸ ਆਖ਼ਰੀ ਦਿਨ ਅੰਗਰੇਜ਼ਾਂ ਨੇ ਭਾਰਤ ਛੱਡਣਾ ਸੀ ਤਾਂ ਹਿੰਦੂ ਕਾਂਗਰਸੀ ਲੀਡਰਾਂ ਨੇ ਅੰਗਰੇਜ਼ਾਂ ਨੂੰ ਪੁੱਛਿਆ, ਹੁਣ ਜਾਣ ਲੱਗੇ ਕੋਈ ਆਖ਼ਰੀ ਸਲਾਹ ਜਾਂ ਨਸੀਹਤ ਰਾਜ ਕਰਨ ਬਾਰੇ ਦੱਸੋ ਤਾਂ ਅੰਗਰੇਜ਼ਾਂ ਨੇ ਕਿਹਾ ਰਾਜ ਤਾਂ ਹੁਣ ਤੁਹਾਨੂੰ ਅਸੀਂ ਦੇ ਚੱਲੇ ਹਾਂ ਪਰ ਜੇਕਰ ਇਸ ਨੂੰ ਖੋਹਿਆ ਤਾਂ ਸਿੱਖ ਹੀ ਤੁਹਾਡੇ ਕੋਲੋਂ ਖੋਹਣਗੇ, ਹੋਰ ਕੋਈ ਕੌਮ ਤੁਹਾਡੇ ਸਾਮ੍ਹਣੇ ਸਿਰ ਨਹੀਂ ਚੁੱਕੇਗੀ। ਇਹ ਅੰਗਰੇਜ਼ਾਂ ਦਾ ਨਿੱਜੀ ਤਜ਼ਰਬਾ ਸੀ ਕਿਉਂਕਿ ਸਿੱਖਾਂ ਨੇ ਉਹਨਾਂ ਨੂੰ ਕਈ ਜੰਗਾਂ ਵਿੱਚ ਲੋਹੇ ਦੇ ਚਣੇ ਚਬਾਏ ਸਨ।

ਸ਼ਾਹ ਮੁਹੰਮਦਾ ਸਿੱਖਾਂ ਨੇ ਗੋਰਿਆਂ ਦੇ। ਵਾਂਗ ਨਿੰਬੂਆਂ ਲਹੂ ਨਿਚੋੜ ਦਿੱਤੇ।

900 ਸਾਲ ਗ਼ੁਲਾਮ ਰਹਿਣ ਵਾਲ਼ੀ ਹਿੰਦੂ ਕੌਮ (700 ਸਾਲ ਮੁਗ਼ਲਾਂ ਦੀ ਅਤੇ 200 ਸਾਲ ਅੰਗਰੇਜ਼ਾਂ ਦੀ) 15 ਅਗਸਤ 1947 ਨੂੰ ਹਿੰਦੁਸਤਾਨ ਦੀ ਮਾਲਕ ਬਣ ਗਈ। ਜਦੋਂ ਅੰਗਰੇਜ਼ਾਂ ਵੱਲੋਂ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਕੀਤੀ ਗਈ ਤਾਂ ਸਿੱਖਾਂ ਨੂੰ ਵੀ ਪੇਸ਼ਕਸ਼ ਹੋਈ ਕਿ ਆਪਣਾ ਦੇਸ਼ ਲੈ ਲਓ। ਪਰ ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ ਵਰਗੇ ਢਿੱਲੇ ਲੀਡਰਾਂ ਕਰਕੇ ਸਿੱਖ ਕੌਮ ਦੁਬਾਰਾ ਹਿੰਦੂਆਂ ਦੀ ਗ਼ੁਲਾਮ ਹੋ ਗਈ। ਪਾਕਿਸਤਾਨ ਬਣਾਉਣ ਵਾਲ਼ੇ ਮੁਹੰਮਦ ਅਲੀ ਜਿਨਾਹ ਨੇ ਉਸ ਵੇਲ਼ੇ ਸਿੱਖ ਲੀਡਰਾਂ ਨੂੰ ਕਿਹਾ ਸੀ ਕਿ "ਤੁਸੀਂ ਹਿੰਦੂ ਨੂੰ ਗ਼ੁਲਾਮ ਸਾਥੀ ਵੱਜੋਂ ਹੀ ਵੇਖਿਆ ਹੈ, ਜਦੋਂ ਅਜ਼ਾਦ ਹਾਕਮ ਵਜੋਂ ਵੇਖੋਗੇ ਤਾਂ ਪਛਤਾਉਂਗੇ।"

ਹਿੰਦੂ ਜਦੋਂ ਗ਼ੁਲਾਮ ਹੋਵੇ ਤਾਂ ਮੋਮ ਵਰਗਾ ਹੁੰਦਾ ਹੈ ਨਰਮ, ਪਰ ਜਦੋਂ ਹਿੰਦੂ ਅਜ਼ਾਦ ਹੋਵੇ ਤਾਂ ਲੋਹੇ ਵਰਗਾ ਸਖ਼ਤ ਹੁੰਦਾ ਹੈ। ਗੱਲ ਓਹੀ ਹੋਈ ਅਜ਼ਾਦ ਹੁੰਦਿਆਂ ਹੀ ਹਿੰਦੂ ਲੀਡਰਾਂ

ਦੇ ਤੇਵਰ ਬਦਲ ਗਏ। ਮਾਸਟਰ ਤਾਰਾ ਸਿੰਘ ਹੋਰੀਂ ਚਾਈਂ-ਚਾਈਂ ਜਵਾਹਰ ਲਾਲ ਨਹਿਰੂ ਕੋਲ ਗਏ ਕਿ ਤੁਸੀਂ ਵਾਅਦਾ ਕੀਤਾ ਸੀ ਕਿ ਭਾਰਤ ਵਿੱਚ ਸਿੱਖਾਂ ਨੂੰ ਇੱਕ ਅਜਿਹਾ ਖਿੱਤਾ ਦਿੱਤਾ ਜਾਵੇਗਾ, ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣਗੇ ਤਾਂ ਨਹਿਰੂ ਕਹਿੰਦਾ 'ਮਾਸਟਰ ਜੀ ਤਬ ਬਾਤ ਔਰ ਥੀ ਅਬ ਬਾਤ ਔਰ ਹੈ, ਅਬ ਵਕਤ ਬਦਲ ਗਿਆ ਹੈ।' ਨਹਿਰੂ ਨੇ ਮਾਸਟਰ ਜੀ ਨੂੰ ਖ਼ਾਲੀ ਹੱਥੀਂ ਵਾਪਸ ਭੇਜ ਦਿੱਤਾ।

ਓਧਰੋਂ ਸਿੱਖਾਂ ਨੂੰ ਅਜ਼ਾਦੀ ਦਾ ਪਹਿਲਾ ਤੋਹਫ਼ਾ ਹਿੰਦੂ ਲੀਡਰਾਂ ਵੱਲੋਂ ਇਹ ਦਿੱਤਾ ਗਿਆ ਕਿ 'ਸਿੱਖ ਇੱਕ ਜ਼ਰਾਇਮ ਪੇਸ਼ਾ ਕੌਮ ਹੈ।' ਭਾਰਤ ਦੀਆਂ ਸਾਰੀਆਂ ਸਟੇਟਾਂ ਦੇ ਸਾਰੇ ਜ਼ਿਲ੍ਹਿਆਂ ਦੇ ਡੀ.ਸੀਜ਼. ਨੂੰ ਇਹ ਸਰਕੂਲਰ ਭੇਜ ਦਿੱਤਾ ਗਿਆ- "ਸਿੱਖ ਜ਼ਰਾਇਮ ਪੇਸ਼ਾ ਲੋਕ ਹਨ (ਲੁੱਟਾਂ ਖੋਹਾਂ ਕਰ ਕੇ ਖਾਣ ਵਾਲ਼ੇ ਲੋਕ) ਇਹਨਾਂ ਉੱਤੇ ਕਰੜੀ ਨਜ਼ਰ ਰੱਖੀ ਜਾਵੇ।"

ਹਿੰਦੁਸਤਾਨ ਲਈ 93% ਕੁਰਬਾਨੀਆਂ ਸਿੱਖਾਂ ਨੇ ਕੀਤੀਆਂ। ਕਾਲ਼ੇ ਪਾਣੀ ਸਿੱਖ ਗਏ, ਜੇਲ੍ਹਾਂ ਸਿੱਖਾਂ ਨੇ ਕੱਟੀਆਂ। ਜੁਲਾਈ 1955 ਵਿੱਚ ਪ੍ਰਧਾਨ ਮੰਤਰੀ ਨਹਿਰੂ ਨੇ ਦਰਬਾਰ ਸਾਹਿਬ ਅੰਦਰ ਪੁਲੀਸ ਭੇਜੀ। ਪੰਜਾਬੀ ਸੂਬਾ ਬਣਾਉਣ ਤੋਂ ਹੀ ਮੁਨਕਰ ਹੋ ਗਿਆ। ਸਿੱਖਾਂ ਨੇ ਤਕੜਾ ਮੋਰਚਾ ਲਾ ਕੇ ਛੋਟੀ ਜਿਹੀ ਪੰਜਾਬੀ ਸੂਬੀ ਲੈਣ ਵਿੱਚ ਹੀ ਭਲ਼ਾ ਸਮਝਿਆ।

1947 ਦੀ ਵੰਡ ਸਮੇਂ ਸਿੱਖਾਂ ਦਾ ਬਹੁਤ ਵੱਡਾ ਉਜਾੜਾ ਹੋਇਆ। ਪਾਕਿਸਤਾਨ ਤੋਂ ਉਜੜ ਕੇ ਆਏ ਸਿੱਖਾਂ ਨੇ ਮਿਹਨਤਾਂ-ਮੁਸ਼ਕਤਾਂ ਕਰ ਕੇ ਵੀਹਾਂ ਕੁ ਸਾਲਾਂ ਵਿੱਚ ਆਪਣੇ ਆਪ ਨੂੰ ਕਾਮਯਾਬ ਕਰ ਲਿਆ। ਪੰਜਾਬ ਦੇ ਸਿੱਖ ਕਾਫ਼ੀ ਖ਼ੁਸ਼ਹਾਲ ਹੋ ਗਏ। ਸਿੱਖਾਂ ਦੇ ਸਾਰੇ ਤਿਉਹਾਰ-ਗੁਰਪੁਰਬ ਬੜੀ ਧੂਮਧਾਮ ਨਾਲ਼ ਮਨਾਏ ਜਾਣ ਲਗ ਪਏ। ਸਿੱਖ ਖ਼ੁਸ਼ ਨਜ਼ਰ ਆਉਣ ਲੱਗ ਪਏ।

ਪੰਜਾਬ ਦੇ ਅਕ੍ਰਿਤਘਣ ਮੱਕਾਰ ਪੰਜਾਬੀ ਬੋਲੀ ਨਾਲ਼ ਗ਼ੱਦਾਰੀ ਕਰਨ ਵਾਲ਼ੇ ਲਾਲਾ ਜਗਤ ਨਰਾਇਣ ਵਰਗੇ ਹਿੰਦੂ ਲੀਡਰਾਂ ਦੇ ਸਿੱਖਾਂ ਨੂੰ ਖ਼ੁਸ਼ ਵੇਖ ਕੇ ਢਿੱਡ ਵਿੱਚ ਪੀੜ ਹੋਣ ਲੱਗ ਪਈ। ਲਾਲਾ ਜੀ ਨੇ ਦਿੱਲੀ ਜਾ ਕੇ ਸਾਰੀ ਖ਼ਬਰ ਦਿੱਤੀ। ਇੰਦਰਾ ਗਾਂਧੀ ਨੇ ਅਤੇ ਲਾਲ਼ੇ ਹੋਰੀਂ ਪੰਜਾਬ ਨੂੰ ਲਾਂਬੂ ਲਾਉਣ ਲਈ ਵਿਓਂਤ ਬਣਾ ਕੇ ਗੁਰਬਚਨੇ ਨਿਰੰਕਾਰੀ ਨੂੰ ਪੰਜਾਬ ਭੇਜ ਦਿੱਤਾ। ਸੰਨ 1978 ਦੀ ਵਿਸਾਖੀ ਨੂੰ ਨਰਕਧਾਰੀ ਬਾਬੇ ਨੇ ਪੰਜਾਬ ਵਿੱਚ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਪੰਜ ਪਿਆਰਿਆਂ ਤੋਂ ਉੱਪਰ 'ਸੱਤ ਸਿਤਾਰੇ' ਸਾਜਣ ਦੀ ਗੱਲ ਕੀਤੀ। ਉਸ ਨੂੰ ਰੋਕਣ ਗਏ ਸਿੰਘਾਂ ਵਿੱਚੋਂ 13 ਸ਼ਹੀਦ ਅਤੇ 78 ਸਿੰਘਾਂ ਨੂੰ ਜ਼ਖ਼ਮੀ ਕੀਤਾ ਗਿਆ। ਹਮਲੇ ਮੌਕੇ ਜਨਸੰਘ (ਭਾਜਪਾ) ਦੇ ਲੀਡਰ, ਪੁਲੀਸ ਫ਼ੋਰਸਾਂ ਅਤੇ ਨਰਕਧਾਰੀਆਂ ਦੇ ਗੁੰਡੇ ਸ਼ਾਮਲ ਸਨ।

13 ਅਪ੍ਰੈਲ 1978 ਦੀ ਵਿਸਾਖੀ ਤੋਂ ਪੰਜਾਬ ਨੂੰ ਬੈਕ-ਗੇਅਰ ਲਾ ਦਿੱਤਾ ਗਿਆ।

13 ਸਿੰਘਾਂ ਦੇ ਸੰਸਕਾਰ ਸਮੇਂ ਮਰਦੇ-ਮੁਜਾਹਿਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੰਘਾਂ ਦਾ ਬਦਲਾ ਲੈਣ ਦਾ ਐਲਾਨ ਕਰ ਦਿੱਤਾ। 1980 ਵਿੱਚ ਗੁਰਬਚਨਾ ਨਰਕਧਾਰੀ ਸੋਧਿਆ ਗਿਆ। 1982 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਅਰਦਾਸ ਕਰ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ 'ਧਰਮ ਯੁੱਧ ਮੋਰਚਾ' ਲਾ ਦਿੱਤਾ। ਜੂਨ 1984 ਵਿੱਚ ਪਾਪਣ ਇੰਦਰਾ ਗਾਂਧੀ ਨੇ ਸਿੱਖਾਂ ਦੇ ਜਾਨ ਤੋਂ ਵੱਧ ਪਿਆਰੇ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਉੱਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰ ਦਿੱਤਾ। ਪੂਰੀ ਦੁਨੀਆਂ ਵਿੱਚ ਵੱਸਦੀ ਸਿੱਖ ਕੌਮ ਦੇ ਹਿਰਦੇ ਛਲਣੀ-ਛਲਣੀ ਹੋ ਗਏ। ਹਿੰਦੋਸਤਾਨ-ਪ੍ਰਸਤ ਸਿੱਖਾਂ ਦੇ ਵੀ ਹਿਰਦੇ ਵਲੂੰਧਰੇ ਗਏ। ਜਿਸ ਤਰ੍ਹਾਂ ਮੁਸਲਮਾਨ ਲਈ ਮੱਕੇ ਤੋਂ ਪਰੇ ਉਜਾੜ ਹੈ। ਇਸੇ ਤਰ੍ਹਾਂ ਸਿੱਖ ਲਈ ਹਰਿਮੰਦਰ ਸਾਹਿਬ ਤੋਂ ਪਰੇ ਉਜਾੜ ਹੈ।

ਇੰਦਰਾ ਨੇ ਇਹ ਸਾਰਾ ਕੁਝ ਇਸ ਕਰਕੇ ਕੀਤਾ ਸੀ ਕਿ ਸਿੱਖ ਦੁਬਾਰਾ ਸਿਰ ਨਹੀਂ ਚੁੱਕ ਸਕਣਗੇ। ਪਰ ਉਹ ਬੱਸ ਇੱਥੇ ਹੀ ਭੁਲੇਖਾ ਖਾ ਗਈ ਸੀ। ਜੇਕਰ ਕਿਤੇ ਉਸ ਨੇ ਥੋੜ੍ਹਾ ਬਹੁਤ ਵੀ ਸਿੱਖਾਂ ਦਾ ਇਤਿਹਾਸ ਪੜ੍ਹਿਆ-ਸੁਣਿਆ ਹੁੰਦਾ, ਸ਼ਾਇਦ ਉਹ ਇਸ ਚੱਕਰ ਵਿੱਚ ਨਾ ਪੈਂਦੀ। ਉਸ ਨੂੰ ਨਹੀਂ ਸੀ ਪਤਾ ਕਿ ਸਿੱਖ ਤਾਂ ਮੌਤ ਵਿੱਚੋਂ ਹੀ ਜ਼ਿੰਦਗੀ ਭਾਲਦੇ ਨੇ। ਸਿੱਖਾਂ ਨੇ ਤਾਂ ਵੱਡੇ ਘੱਲੂਘਾਰੇ ਵਿੱਚ ਅੱਧੀ ਕੌਮ ਸ਼ਹੀਦ ਕਰਵਾਉਣ ਤੋਂ ਤਿੰਨ ਮਹੀਨੇ ਬਾਅਦ ਸਰਹੰਦ 'ਤੇ ਕਬਜ਼ਾ ਕਰ ਲਿਆ ਸੀ ਅਤੇ ਉਸ ਤੋਂ ਬਾਅਦ ਦੀਵਾਲੀ 'ਤੇ 'ਸਰਬੱਤ ਖ਼ਾਲਸਾ' ਕਰ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਯੁੱਧ ਕਰਨ ਲਈ ਲਲਕਾਰਿਆ ਸੀ। ਉਸੇ ਜੰਗ ਵਿੱਚ ਅਬਦਾਲੀ ਹਾਰਿਆ ਅਤੇ ਮੁੜ ਕੇ ਉਸ ਨੇ ਹਿੰਦੋਸਤਾਨ ਵੱਲ ਮੂੰਹ ਨਹੀਂ ਸੀ ਕੀਤਾ।

1984 ਦੇ ਘਲੂਘਾਰੇ ਤੋਂ ਬਾਅਦ ਪੰਜਾਬ ਦਾ ਹਰ ਨੌਜਵਾਨ ਬਦਲਾ ਲੈਣ ਲਈ ਕਾਹਲਾ ਸੀ। ਜਿਸ ਕੋਲੋਂ ਜਿਸ ਤਰ੍ਹਾਂ ਦਾ ਵੀ ਪ੍ਰਬੰਧ ਹੋਇਆ, ਉਸ ਨੇ ਕਰ ਲਿਆ। 1985 ਦੇ ਅਖ਼ੀਰ ਤਕ ਪੰਜਾਬ ਵਿੱਚ ਹਰ ਪਿੰਡ ਕਸਬੇ ਵਿੱਚ ਕੋਈ ਨਾ ਕੋਈ ਦੀਵਾਨ ਹੁੰਦਾ ਸੀ। ਇਹਨਾਂ ਦੀਵਾਨਾਂ ਵਿੱਚ ਹਰਿਮੰਦਰ ਸਾਹਿਬ ਉੱਤੇ ਹੋਏ ਹਮਲੇ ਦਾ ਜ਼ਿਕਰ ਹੁੰਦਾ।

1986 ਦੇ ਅਖ਼ੀਰ ਤਕ ਸਿੰਘਾਂ ਨੇ ਵੀ ਕਾਫ਼ੀ ਅਸਲੇ ਦਾ ਪ੍ਰਬੰਧ ਕਰ ਲਿਆ ਸੀ। ਓਧਰ ਸੈਂਟਰ ਸਰਕਾਰ ਵੱਲੋਂ ਵੀ ਪੰਜਾਬ ਪੁਲੀਸ ਨੂੰ ਪੂਰੀ ਖੁੱਲ੍ਹ ਦੇ ਦਿੱਤੀ। ਕੁਝ ਨੇਕ ਦਿਲ ਪੁਲੀਸ ਵਾਲਿਆਂ ਤੋਂ ਬਿਨਾਂ ਬਾਕੀ ਸਾਰੇ ਪੁਲੀਸ ਵਾਲੇ ਹਲਕਾਏ ਹੋਏ ਕੁੱਤਿਆਂ ਵਾਂਗ ਸਿੰਘਾਂ ਦਾ ਸ਼ਿਕਾਰ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਸਨ। ਪੰਜਾਬ ਦੇ ਸਾਰੇ ਥਾਣੇ-ਚੌਂਕੀਆਂ ਬੁੱਚੜਖ਼ਾਨਿਆਂ ਦਾ ਰੂਪ ਧਾਰ ਚੁੱਕੇ ਸਨ। ਪੁਲੀਸ ਵਾਲੇ ਵੀ ਪੂਰੇ ਜਮਦੂਤਾਂ ਬਣ ਗਏ ਸਨ। ਥਾਣਿਆਂ ਵਿੱਚ ਸਿੱਖ ਨੌਜਵਾਨਾਂ ਉੱਤੇ ਤੀਜੇ ਦਰਜੇ ਦਾ ਅੱਤਿਆਚਾਰ ਕੀਤਾ ਜਾਂਦਾ। ਪੁੱਠੇ ਟੰਗਣਾ, ਚੱਡੇ ਪਾੜਨੇ, ਘੋਟਣਾ ਲਾਉਣਾ, ਲੱਤਾਂ ਉੱਤੇ ਲੋਹੇ ਦਾ ਭਾਰਾ ਜਿਹਾ

ਰੁੱਲਾ ਫੇਰਨਾ, ਗੁਪਤ ਅੰਗਾਂ ਉੱਤੇ ਕਰੰਟ ਲਾਉਣਾ, ਪੱਟ ਚੀਰ ਕੇ ਵਿੱਚ ਲੂਣ ਜਾਂ ਮਿਰਚਾਂ ਭਰਨੀਆਂ, ਗਰਮ ਸਰੀਏ ਵਿੱਡ ਵਿੱਚ ਦੀ ਆਰ-ਪਾਰ ਲੰਘਾ ਦੇਣੇ, ਪਲਾਸ ਨਾਲ ਨਹੁੰ ਪੁੱਟ ਦੇਣੇ; ਇਸ ਤਰ੍ਹਾਂ ਦੇ ਅੱਤਿਆਚਾਰ ਪੁਲੀਸ ਲਈ ਆਮ ਗੱਲ ਸੀ।

ਜਦੋਂ ਇਸ ਤਰ੍ਹਾਂ ਦੇ ਚੁਲਮਾਂ ਨਾਲ ਵੀ ਸਿੰਘਾਂ ਨੇ ਹਾਰ ਨਾ ਮੰਨੀ ਤਾਂ ਹੋਰ ਘਟੀਆ ਹਰਕਤਾਂ ਉੱਤੇ ਪੁਲੀਸ ਉੱਤਰ ਆਈ। ਭਰਾ ਦੇ ਸਾਮ੍ਹਣੇ ਭੈਣ ਨੂੰ ਨੰਗਿਆਂ ਕਰਨਾ, ਫਿਰ ਜਬਰਦਸਤੀ ਉਸ ਦੇ ਉੱਪਰ ਲੰਮਿਆਂ ਪਾਉਣਾ। ਇਸੇ ਤਰ੍ਹਾਂ ਪਿਓ ਸਾਮ੍ਹਣੇ ਧੀ ਨੂੰ, ਪੁੱਤ ਸਾਮ੍ਹਣੇ ਮਾਂ ਨੂੰ, ਸੌਹਰੇ ਸਾਮ੍ਹਣੇ ਨੂੰਹ ਨੂੰ।

ਇਹ ਗੱਲਾਂ ਲਿਖਦਿਆਂ ਮੇਰੀ ਕਲਮ ਕੰਬਦੀ ਹੈ ਅਤੇ ਦਿਲ ਰੋਂਦਾ ਹੈ ਪਰ ਤੁਸੀਂ ਆਪ ਸੋਚੋ ਜਿਨ੍ਹਾਂ ਨਾਲ਼ ਇਹ ਸਭ ਕੁਝ ਬੀਤਿਆ ਹੋਵੇਗਾ, ਉਹਨਾਂ ਦਾ ਕੀ ਹਾਲ ਹੋਇਆ ਹੋਵੇਗਾ। ਜਦੋਂ 1989-1990 ਵਿੱਚ ਪੁਲੀਸ ਵਾਲ਼ੇ ਸਿੰਘਾਂ ਦੇ ਘਰਾਂ ਵਿੱਚੋਂ ਔਰਤਾਂ ਨੂੰ ਵੀ ਚੁੱਕ ਕੇ ਥਾਣਿਆਂ ਵਿੱਚ ਲਿਜਾਣ ਲੱਗ ਪਏ ਫਿਰ ਅਣਖੀ ਸਿੱਖ ਕੌਮ ਦੇ ਗੱਭਰੂਆਂ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੋਈ। ਫਿਰ ਜਿਸ ਤਰ੍ਹਾਂ ਅਠਾਰਵੀਂ ਸਦੀ ਵਿੱਚ ਸਿੱਖਾਂ ਵੱਲੋਂ ਜੰਗਲ਼ਾਂ ਦੀ ਸ਼ਰਨ ਲੈਣੀ ਪਈ, ਓਸੇ ਤਰ੍ਹਾਂ 1984 ਤੋਂ 1994 ਵਾਲ਼ੇ ਦਮਨ ਚੱਕਰ ਤੋਂ ਬਾਅਦ ਪ੍ਰਦੇਸਾਂ ਵਿੱਚ ਸ਼ਰਨ ਲੈਣੀ ਪਈ। ਪੰਜਾਬ ਦੀ ਜਵਾਨੀ ਨੇ ਜਿਸ ਤਰ੍ਹਾਂ ਵੀ ਪ੍ਰਬੰਧ ਹੋਇਆ, ਜੁਗਾੜ ਕਰ ਕੇ ਵਿਦੇਸ਼ ਜਾਣਾ ਬਿਹਤਰ ਸਮਝਿਆ। ਹਰ ਮਾਂ-ਪਿਓ ਵੀ ਚਾਹੁੰਦਾ ਸੀ ਕਿ ਮੇਰਾ ਪੁੱਤ ਬਾਹਰ ਚਲਾ ਜਾਵੇ। ਭਾਵੇਂ ਓਥੇ ਜਾ ਕੇ ਕੁਝ ਵੀ ਨਾ ਕਰੇ ਪਰ ਉਹ ਜਿਊਂਦਾ ਤਾਂ ਰਹੇਗਾ।

ਇਸ ਦਾਸਤਾਨ ਵਿੱਚੋਂ ਮੇਰੀ ਵੀ ਇੱਕ ਦਾਸਤਾਨ ਹੈ, ਜਿਸ ਦਾ ਇਸ ਹੱਥਲੀ ਕਿਤਾਬ ਵਿੱਚ ਵਰਣਨ ਕਰਨ ਦਾ ਯਤਨ ਕੀਤਾ ਹੈ।

– ਹਰਪ੍ਰੀਤ ਸਿੰਘ ਪੰਮਾ, ਆਸਟਰੀਆ

* * * * *

ਅਨੰਦ ਕਾਰਜ ਮਗਰੋਂ ਵਿਦੇਸ਼ ਜਾਣ ਦਾ ਖ਼ਿਆਲ

ਪ੍ਰਦੇਸ ਆਉਣ ਤੋਂ ਪਹਿਲਾਂ ਮੇਰੇ ਨਾਲ ਕੀ ਕੁਝ ਵਾਪਰਿਆ, ਜਾਣਨ ਲਈ ਪਾਠਕ ਮੇਰੀ ਪਹਿਲੀ ਕਿਤਾਬ 'ਅੱਖੀਂ ਵੇਖਿਆ, ਕੰਨੀਂ ਸੁਣਿਆ, ਹੱਡੀਂ ਹੰਢਾਇਆ ਖਾੜਕੂ ਸੰਘਰਸ਼', ਖਾਲਸਾ ਫ਼ਤਹਿਨਾਮਾ ਪ੍ਰਕਾਸ਼ਨ ਅੰਮ੍ਰਿਤਸਰ ਮੋਬਾਇਲ ਨੰਬਰ 0091 98557-89851 ਵਾਲਿਆਂ ਤੋਂ ਲੈ ਕੇ ਪੜ੍ਹ ਸਕਦੇ ਹਨ।

ਜਿਨ੍ਹਾਂ ਨੇ ਮੇਰੀ ਪਹਿਲੀ ਕਿਤਾਬ ਪੜ੍ਹੀ ਹੈ, ਉਹਨਾਂ ਨੂੰ ਪਤਾ ਹੀ ਹੈ। ਜੁਲਾਈ ਸੰਨ 1988 ਵਿੱਚ ਮੇਰੀ ਜੇਲ੍ਹ ਵਿੱਚੋਂ ਰਿਹਾਈ ਹੋਈ। ਮੇਰੇ ਖ਼ਿਆਲ ਮੁਤਾਬਿਕ 20 ਜੁਲਾਈ 1988 ਸੀ। ਮੇਰੇ ਭਾਪਾ ਜੀ 'ਗੈਮਨ ਇੰਡੀਆ ਲਿਮਟਿਡ ਕੰਪਨੀ' ਵਿੱਚ ਬਤੌਰ ਸਿਵਲ ਇੰਜੀਨੀਅਰ ਦੀ ਨੌਕਰੀ ਕਰਦੇ ਸਨ। ਇਹ ਇੱਕ ਪ੍ਰਾਈਵੇਟ ਕੰਸਟਰਕਸ਼ਨ ਕੰਪਨੀ ਸੀ, ਸ਼ਾਇਦ ਹੁਣ ਵੀ ਹੋਵੇਗੀ। ਵੱਡੇ-ਵੱਡੇ ਪੁਲ ਬਣਾਉਣੇ, ਪਹਾੜਾਂ ਵਿੱਚ ਸੁਰੰਗਾਂ ਬਣਾਉਣੀਆਂ, ਇਸ ਦਾ ਕੰਮ ਸੀ। ਭਾਰਤ ਦਾ ਮਸ਼ਹੂਰ ਜੰਮੂ-ਤਵੀ ਪੁਲ ਇਸੇ ਕੰਪਨੀ ਨੇ ਹੀ ਬਣਾਇਆ ਹੈ। ਪ੍ਰਾਈਵੇਟ ਸਰਵਿਸ ਹੋਣ ਕਰਕੇ ਭਾਪਾ ਜੀ ਨੂੰ ਨਾ ਕੋਈ ਪੈਨਸ਼ਨ, ਨਾ ਕੋਈ ਭੱਤਾ ਵਗੈਰਾ ਮਿਲਿਆ। ਭਾਪਾ ਜੀ ਦੀ ਜੋੜੀ ਹੋਈ ਸਾਰੀ ਮਾਇਆ ਮੇਰੇ ਕੇਸਾਂ ਉੱਤੇ ਲੱਗ ਗਈ ਸੀ। ਸਿਹਤ ਨਾ ਠੀਕ ਰਹਿੰਦੀ ਹੋਣ ਕਰਕੇ ਭਾਪਾ ਜੀ ਨੌਕਰੀ ਵੀ ਛੱਡ ਕੇ ਆ ਗਏ ਸਨ। ਆਮਦਨ ਸਿਰਫ਼ ਇੱਕ ਅੱਠ ਖੇਤ ਜ਼ਮੀਨ ਦਾ ਠੇਕਾ ਸੀ। ਜਿਸ ਨਾਲ ਗੁਜ਼ਾਰਾ ਹੋਣਾ ਬਹੁਤ ਮੁਸ਼ਕਲ ਸੀ। ਉਸ ਸਮੇਂ ਠੇਕੇ ਵੀ ਬਹੁਤ ਘੱਟ ਸਨ। ਭਾਪਾ ਜੀ ਨੂੰ ਇਹ ਡਰ ਅੰਦਰੋਂ-ਅੰਦਰੀ ਸਤਾ ਰਿਹਾ ਸੀ ਕਿ ਹਰਪ੍ਰੀਤ ਦੁਬਾਰਾ ਖਾੜਕੂ ਲਹਿਰ ਵੱਲ ਨਾ ਚਲਾ ਜਾਵੇ। ਵੱਡੇ ਭੈਣ ਜੀ ਹੋਰਾਂ ਨਾਲ ਸਲਾਹ ਕਰ ਕੇ ਭਾਪਾ ਜੀ ਹੁਰਾਂ ਨੇ ਮੇਰਾ ਵਿਆਹ ਕਰਨ ਦੀ ਤਿਆਰੀ ਕਰ ਲਈ। ਭਾਪਾ ਜੀ ਨੇ ਸਾਡੇ ਹੀ ਪਿੰਡ ਦੇ ਚਾਚਾ ਅਮਰ ਸਿੰਘ ਫੌਜੀ ਨਾਲ ਇਸ ਬਾਰੇ ਗੱਲ ਕੀਤੀ।

ਉਹਨਾਂ ਦਿਨਾਂ ਵਿੱਚ ਸਾਡੇ ਪਿੰਡ ਦੇ ਕੁਲਵੰਤ ਸਿੰਘ ਬਹਿਲਪੁਰੀ ਦੇ ਘਰ ਇੱਕ ਅਖੰਡ ਪਾਠ ਸਾਹਿਬ ਜੀ ਦਾ ਪ੍ਰੋਗਰਾਮ ਸੀ। ਸਮਾਪਤੀ ਤੋਂ ਬਾਅਦ ਮੈਂ ਆਪਣੇ ਦੋਸਤਾਂ ਨਾਲ ਕੁਲਵੰਤ ਸਿੰਘ ਬਹਿਲਪੁਰੀ ਦੇ ਵਿਹੜੇ ਵਿੱਚ ਖੜ੍ਹ ਕੇ ਚਾਹ ਪੀ ਰਿਹਾ ਸੀ ਤਾਂ ਚਾਚਾ ਅਮਰ

ਸਿੰਘ ਮੇਰੇ ਕੋਲ ਆਇਆ ਤੇ ਕਹਿੰਦਾ "ਹਰਪ੍ਰੀਤ ਤੇਰਾ ਵਿਆਹ ਕਰ ਦੇਈਏ?" ਮੈਂ ਕਿਹਾ "ਚਾਚਾ ਜੀ, ਮੇਰੀ ਉਮਰ ਹਾਲੇ ਵੀਹ ਸਾਲ ਆ।" ਕਹਿੰਦਾ "ਸੋਚ ਲਾ ਮੈਂ ਤੇਰੇ ਲਈ ਇੱਕ ਵਧੀਆ ਰਿਸ਼ਤਾ ਵੇਖਿਆ।"

ਇੰਨੀ ਗੱਲ ਕਹਿ ਕੇ ਉਹ ਓਥੋਂ ਚਲਾ ਗਿਆ। ਮੈਂ ਆਪਣੇ ਭਾਪਾ ਜੀ ਤੋਂ ਬਹੁਤ ਡਰਦਾ ਸੀ, ਕਦੇ ਵੀ ਉਹਨਾਂ ਦੇ ਮੂਹਰੇ ਬੋਲਿਆ ਨਹੀਂ ਸੀ, ਨਾ ਕਿਸੇ ਗੱਲ ਤੋਂ ਕਦੇ ਜਵਾਬ ਦਿੱਤਾ ਸੀ।

ਓਸ ਦਿਨ ਕੁਲਵੰਤ ਸਿੰਘ ਹੁਰਾਂ ਨਾਲ਼ ਥੋੜ੍ਹੀ ਮਦਦ ਕਰਾ ਕੇ ਮੈਂ ਘਰ ਨੂੰ ਆ ਗਿਆ। ਸ਼ਾਮ ਨੂੰ ਚਾਚਾ ਅਮਰ ਸਿੰਘ ਅਤੇ ਚਾਚੀ ਗੁਰਜੀਤ ਕੌਰ ਸਾਡੇ ਘਰ ਆਏ। ਮੈਂ ਆਪਣੀ ਬੈਠਕ ਵਿੱਚ ਸੀ ਤਾਂ ਬੀਬੀ ਜੀ ਨੇ ਅਵਾਜ਼ ਮਾਰੀ ਕਿ ਤੈਨੂੰ ਭਾਪਾ ਜੀ ਬੁਲਾਉਂਦੇ ਹਨ। ਮੈਂ ਗਿਆ ਤਾਂ ਚਾਚਾ ਅਮਰ ਸਿੰਘ ਜੀ ਅਤੇ ਚਾਚੀ ਜੀ ਗੁਰਜੀਤ ਕੌਰ ਨੂੰ ਵੇਖ ਕੇ ਥੋੜ੍ਹਾ ਹੈਰਾਨ ਹੋਇਆ। ਕੁਲਵੰਤ ਸਿੰਘ ਦੇ ਘਰ ਜਦੋਂ ਚਾਚਾ ਅਮਰ ਸਿੰਘ ਜੀ ਨੇ ਮੇਰੇ ਨਾਲ਼ ਵਿਆਹ ਬਾਰੇ ਗੱਲ ਕੀਤੀ ਸੀ ਤਾਂ ਮਨੋ-ਮਨੀ ਸੋਚ ਲਿਆ ਸੀ ਕਿ ਜੇ ਵਿਆਹ ਦੀ ਕੋਈ ਗੱਲ ਚੱਲੀ ਤਾਂ ਮੈਂ ਜਵਾਬ ਦੇ ਦੇਣਾ ਹੈ।

ਪਰ ਭਾਪਾ ਜੀ ਦੇ ਸਾਮ੍ਹਣੇ ਮੈਂ ਜਵਾਬ ਨਾ ਦੇ ਸਕਿਆ।

ਚਾਚਾ ਅਮਰ ਸਿੰਘ ਫ਼ੌਜੀ ਕੋਰੀ-ਕਰਾਰੀ ਗੱਲ ਕਰਨ ਵਾਲ਼ਾ ਬੰਦਾ ਸੀ। ਉਹਨਾਂ ਦੱਸਿਆ ਕਿ 'ਆਦਮਪੁਰ ਦੇਖਾ-ਦਿਖਾਈ ਕਰਨੀ ਹੈ, ਹੁਣ ਪਹਿਲਾਂ ਵਾਲ਼ੇ ਜ਼ਮਾਨੇ ਨਹੀਂ ਰਹੇ।' ਅਸੀਂ ਤਾਂ ਕਿਹਾ ਸੀ ਰਹਿਣ ਦਿਓ।

ਆਦਮਪੁਰ ਦੇਖਾ-ਦਿਖਾਈ ਹੋਣ ਤੋਂ ਬਾਅਦ ਦੋਹਾਂ ਪਰਿਵਾਰਾਂ ਦੀ ਸਹਿਮਤੀ ਹੋ ਗਈ। ਵੀਹ ਸਾਲ, ਛੇ ਮਹੀਨੇ ਦੀ ਉਮਰ ਵਿੱਚ 16 ਅਪ੍ਰੈਲ 1989 ਨੂੰ ਸਾਡਾ ਵਿਆਹ ਹੋ ਗਿਆ।

ਵਿਆਹ ਤੋਂ ਚਾਰ ਮਹੀਨੇ ਬਾਅਦ ਭਾਪਾ ਜੀ ਇੱਕ ਵਾਰੀ ਬਰਾਂਡੇ ਵਿੱਚ ਬੈਠੇ ਸਨ ਤਾਂ ਮੈਨੂੰ ਅਵਾਜ਼ ਮਾਰੀ। ਮੈਂ ਗਿਆ ਤਾਂ ਕਹਿੰਦੇ "ਬੈਠ ਜਾ...।" ਇੱਕ ਕੁਰਸੀ 'ਤੇ ਭਾਪਾ ਜੀ ਬੈਠੇ ਸਨ, ਇੱਕ ਕੋਲ਼ ਖ਼ਾਲੀ ਪਈ ਸੀ।

ਭਾਪਾ ਜੀ ਕਹਿੰਦੇ "ਹਰਪ੍ਰੀਤ, ਮੈਂ ਜੋ ਜ਼ਿੰਦਗੀ ਵਿੱਚ ਕਰਨਾ ਸੀ ਕਰ ਲਿਆ। ਕੁੜੀਆਂ ਵੀ ਵਿਆਹ ਦਿੱਤੀਆਂ ਦੋਨੋਂ, ਤੇਰਾ ਵੀ ਵਿਆਹ ਕਰ'ਤਾ, ਹੁਣ ਕਮਾਓ, ਖਾਓ ਤੇ ਸਾਨੂੰ ਵੀ ਖੁਆਓ।"

ਇਹ ਗੱਲ ਇੱਕਦਮ ਹਥੌੜੇ ਵਾਂਗ ਮੇਰੇ ਸਿਰ ਵਿੱਚ ਵੱਜੀ। ਨਾ ਕੋਈ ਹੁਨਰ ਕੋਲ਼, ਨਾ ਖੇਤੀ ਕਰਨੀ ਆਉਂਦੀ, ਨਾ ਪੜ੍ਹਾਈ ਪੂਰੀ ਕੀਤੀ। ਮੈਂ ਆਪਣੀ ਬੈਠਕ ਵਿੱਚ ਆ ਕੇ ਧੜੰਮ ਦੇਣੀ ਬੈੱਡ 'ਤੇ ਡਿੱਗਾ ਅਤੇ ਫਿਰ ਜਦੋਂ ਸੁਰਤ ਸੰਭਲ਼ੀ ਤਾਂ ਸੋਚਾਂ ਵਿੱਚ ਪੈ ਗਿਆ। ਸੋਚਾਂ-

ਸੋਚਦੇ ਅਖੀਰ ਦਿਮਾਗ ਵਿੱਚ ਆਇਆ ਕਿ ਬਾਹਰ (ਪ੍ਰਦੇਸ) ਜਾਇਆ ਜਾਵੇ।

ਸ਼ਾਮ ਦਾ ਖਾਣਾ ਖਾਣ ਤੋਂ ਬਾਅਦ ਮੈਂ ਭਾਪਾ ਜੀ ਦੀ ਬੈਠਕ ਦਾ ਦਰਵਾਜਾ ਖੜਕਾ ਕੇ ਅੰਦਰ ਗਿਆ। ਕਹਿੰਦੇ "ਦੱਸੋ ?" ਮੈਂ ਕਿਹਾ "ਮੇਰਾ ਇਰਾਦੈ ਬਾਹਰ ਚਲਾ ਜਾਵਾਂ..।" ਕਹਿੰਦੇ "ਨਾ ਕੋਈ ਸਲਾਹ, ਨਾ ਕੋਈ ਪੈਸਾ...।" ਮੈਂ ਮਾਜਰਾ ਸਮਝ ਗਿਆ ਕਿ ਭਾਪਾ ਜੀ ਅੰਦਰੋਂ ਮੇਰੇ ਤੋਂ ਕਾਫ਼ੀ ਦੁਖੀ ਨੇ। ਦੁੱਖ ਵੀ ਸੱਚਾ ਸੀ ਜਦੋਂ ਇਨਸਾਨ ਨੇ ਸੋਚਿਆ ਕੁਝ ਹੋਰ ਹੋਵੇ ਤੇ ਹੋ ਕੁਝ ਹੋਰ ਜਾਵੇ।

ਓਧਰੋਂ ਇਲਾਕੇ ਵਿੱਚ ਕੋਈ ਵੀ ਵਾਰਦਾਤ ਹੋਵੇ ਤਾਂ ਪੁਲੀਸ ਘਰ ਚੈੱਕ ਕਰਨ ਆਉਂਦੀ ਰਹਿੰਦੀ ਸੀ। ਹੁਣ ਮੇਰਾ ਪੱਕਾ ਇਰਾਦਾ ਬਾਹਰ ਜਾਣ ਦਾ ਬਣ ਗਿਆ ਸੀ। ਮੈਂ ਦੁਬਾਰਾ ਭਾਪਾ ਜੀ ਨੂੰ ਪੈਸਿਆਂ ਬਾਰੇ ਨਹੀਂ ਪੁੱਛਿਆ। ਇੰਨਾ ਜਰੂਰ ਦੱਸ ਦਿੱਤਾ ਕਿ ਮੈਂ ਬਾਹਰ ਜਾਣ ਦਾ ਪੱਕਾ ਮਨ ਬਣਾ ਲਿਆ ਹੈ, ਇਸ ਤਰ੍ਹਾਂ ਕੰਮ ਸੂਤ ਨਹੀਂ ਆਉਣਾ।

ਫਿਰ ਸਮਾਂ ਪਾ ਕੇ ਭਾਪਾ ਜੀ ਦਾ ਵੀ ਮੈਨੂੰ ਬਾਹਰ ਭੇਜਣ ਦਾ ਮਨ ਬਣ ਗਿਆ।

ਇੱਕ ਦਿਨ ਭਾਪਾ ਜੀ ਕਹਿੰਦੇ "ਏਜੰਟ ਕਰਨ ਦੀ ਮੇਰੀ ਜ਼ਿੰਮੇਵਾਰੀ, ਪੈਸਿਆਂ ਦਾ ਇੰਤਜਾਮ ਤੂੰ ਕਰਲਾ।" ਭਾਪਾ ਜੀ ਪਿੰਡ ਦੇ ਸਾਡੇ ਹੀ ਸ਼ਰੀਕੇ ਵਿੱਚ ਲੱਗਦੇ ਮੇਰੇ ਚਾਚਾ ਜੀ ਗੁਰਮਿੰਦਰ ਸਿੰਘ ਨਾਲ਼ ਜੋ ਕਿ ਆਸਟਰੀਆ ਰਹਿੰਦੇ ਸਨ, ਉਹਨਾਂ ਨਾਲ਼ ਗੱਲ ਕਰ ਕੇ ਦਿੱਲੀ ਦੇ ਇੱਕ ਵੀ.ਪੀ. ਸਿੰਘ ਨਾਂ ਦੇ ਏਜੰਟ ਨਾਲ਼ ਜਰਮਨ ਪਹੁੰਚਾਉਣ ਦੀ ਗੱਲ ਕਰ ਲਈ। ਮੈਂ ਪੈਸਿਆਂ ਲਈ ਆਪਣੇ ਰਿਸ਼ਤੇਦਾਰਾਂ ਨਾਲ਼ ਪਹੁੰਚ ਕਰਨੀ ਸ਼ੁਰੂ ਕੀਤੀ। ਕਈਆਂ ਨੇ 'ਹਾਂ' ਕਰ ਦਿੱਤੀ, ਕਈਆਂ ਨੇ 'ਨਾਂਹ' ਕਰ ਦਿੱਤੀ, ਕਈ ਹਾਂ ਕਰ ਕੇ ਮਗਰੋਂ ਨਾਂਹ ਕਰ ਗਏ।

ਖ਼ੈਰ 30,000 ਰੁਪਏ ਇਕੱਠੇ ਹੋ ਗਏ। ਏਜੰਟ ਨਾਲ਼ 45,000 ਰੁਪਏ ਵਿੱਚ ਗੱਲ ਮੁੱਕੀ ਸੀ। ਬਾਕੀ 15,000 ਰੁਪਈਆਂ ਲਈ ਆਪਣੀ ਘਰਵਾਲ਼ੀ ਵਾਲ਼ੇ ਗਹਿਣੇ ਵੇਚਣੇ ਪਏ ਜੋ ਕਿ ਹੁਸ਼ਿਆਰਪੁਰ ਦੇ ਇੱਕ ਸੁਨਿਆਰੇ ਕੋਲ਼ 17,000 ਰੁਪਏ ਵਿੱਚ ਵੇਚੇ। ਮੈਂ ਅਤੇ ਜੀਜਾ ਜੀ ਲਹਿੰਬਰ ਸਿੰਘ ਜੀ ਵੇਚ ਕੇ ਆਏ। ਮੇਰੀ ਘਰਵਾਲ਼ੀ ਵੱਲੋਂ ਵੀ ਮੈਨੂੰ ਪੂਰਾ ਹੌਂਸਲਾ ਅਤੇ ਸਪੋਰਟ ਦਿੱਤੀ ਜਾ ਰਹੀ ਸੀ। ਭਾਪਾ ਜੀ ਨੂੰ ਦੱਸ ਦਿੱਤਾ ਕਿ ਪੈਸੇ ਹੋ ਗਏ ਹਨ।

1990 ਜੁਲਾਈ ਜਾਂ ਅਗਸਤ ਵਿੱਚ ਏਜੰਟ ਵੀ.ਪੀ. ਸਿੰਘ ਨੇ ਸਾਨੂੰ ਦਿੱਲੀ ਬੁਲਾ ਲਿਆ। ਸਬੱਬ ਨਾਲ਼ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਦਾ ਨਾਂ ਵੀ 'ਵੀ.ਪੀ. ਸਿੰਘ' ਸੀ। ਹੁਣ ਮੈਂ ਅਤੇ ਭਾਅਜੀ ਲਹਿੰਬਰ ਸਿੰਘ ਜੀ ਦਿੱਲੀ ਏਜੰਟ ਕੋਲ਼ ਜਾਣਾ ਸੀ। ਇੱਕ ਵਾਰੀ ਦਿੱਲੀ ਜਾ ਕੇ ਵਾਪਸ ਆਉਣਾ ਪੈ ਗਿਆ ਸੀ।

* * * * *

ਦਿੱਲੀ ਦੇ ਏਜੰਟ ਕੋ਼ਲ ਜਾਣਾ

ਹੁਸ਼ਿਆਰਪੁਰ-ਜਲੰਧਰ ਰੋਡ 'ਤੇ ਸਾਡੀਆਂ ਦੁਕਾਨਾਂ ਬਿਲਡਿੰਗ ਮਟੀਰੀਅਲ ਦੀਆਂ ਸਨ। ਨਸਰਾਲਾ ਪਿੰਡ ਦੇ ਦੋ ਅੱਡੇ ਹਨ, ਥੋੜ੍ਹੇ ਫਾਸਲੇ ਨਾਲ਼ ਨਸਰਾਲਾ ਪਿੰਡ ਅਤੇ ਨਸਰਾਲਾ ਸਟੇਸ਼ਨ। ਨਸਰਾਲਾ ਸਟੇਸ਼ਨ ਜਿੱਥੇ ਰੇਲ ਗੱਡੀ ਰੁਕਦੀ ਹੈ, ਓਥੇ ਸਾਡੀਆਂ ਦੁਕਾਨਾਂ ਸਨ। ਨਸਰਾਲਾ ਪਿੰਡ ਦਾ ਅੱਡਾ ਵੱਖਰਾ ਹੈ। ਹੁਸ਼ਿਆਰਪੁਰ ਤੋਂ ਜਲੰਧਰ ਜਾਣ ਵਾਲ਼ੀਆਂ ਬੱਸਾਂ ਦੋਨੋਂ ਅੱਡਿਆਂ 'ਤੇ ਰੁਕਦੀਆਂ ਹਨ। ਮੈਂ ਅਤੇ ਭਾਅਜੀ ਲਹਿੰਬਰ ਸਿੰਘ ਜੀ ਨੇ ਦਿੱਲੀ ਜਾਣ ਦੀ ਤਿਆਰੀ ਕਰ ਲਈ। ਨਸਰਾਲਾ ਸਟੇਸ਼ਨ ਦੇ ਅੱਡੇ ਤੋਂ ਦੁਆਬਾ ਡੀਪੂ ਦੀ ਪੰਜਾਬ ਰੋਡਵੇਜ਼ ਦੀ ਬੱਸ ਵਿੱਚ ਬੈਠ ਅਸੀਂ ਜਲੰਧਰ ਨੂੰ ਚਾਲੇ ਪਾ ਦਿੱਤੇ। ਜਲੰਧਰ ਤੋਂ ਦਿੱਲੀ ਵਾਲ਼ੀ ਬੱਸ ਫੜਨੀ ਸੀ। ਕੋਈ ਪੌਣੇ ਕੁ ਘੰਟੇ ਦਾ ਸਫ਼ਰ ਤੈਅ ਕਰ ਕੇ ਬੱਸ ਜਲੰਧਰ ਅੱਡੇ ਵਿੱਚ ਪਹੁੰਚ ਗਈ।

ਸਵੇਰ ਦਾ ਸਮਾਂ ਸੀ। ਜਲੰਧਰ ਬੱਸ ਅੱਡੇ ਪਹੁੰਚ ਕੇ ਅਸੀਂ ਦਿੱਲੀ ਜਾਣ ਵਾਲ਼ੀ ਬੱਸ ਦਾ ਪਤਾ ਕੀਤਾ। ਦਿੱਲੀ ਜਾਣ ਵਾਲ਼ੀ ਬੱਸ ਤਿਆਰ ਖੜ੍ਹੀ ਸੀ। ਇਹ ਬੱਸ 'ਪੰਜਾਬ ਰੋਡਵੇਜ਼' ਦੀ ਸੀ। ਕੰਡਕਟਰ ਟਿਕਟਾਂ ਦੇ ਕੇ ਸਵਾਰੀਆਂ ਨੂੰ ਬੱਸ ਵਿੱਚ ਬਿਠਾ ਰਿਹਾ ਸੀ। ਡਰਾਈਵਰ ਜਲੰਧਰ ਬੱਸ ਅੱਡੇ 'ਤੇ ਹੀ ਬਣੀ ਚਾਹ ਵਾਲ਼ੀ ਦੁਕਾਨ ਤੋਂ ਚਾਹ ਦਾ ਗਲਾਸ ਲੈ ਕੇ ਪੀ ਰਿਹਾ ਸੀ ਤੇ ਨਾਲ਼-ਨਾਲ਼ ਆਪਣੀਆਂ ਖੁੰਡੀਆਂ ਜਿਹੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਸੀ। ਬੱਸ ਤਕਰੀਬਨ ਭਰ ਗਈ ਤੇ ਬੱਸ ਚੱਲਣ ਦਾ ਸਮਾਂ ਵੀ ਹੋ ਗਿਆ। ਡਰਾਈਵਰ, ਆਪਣੀ ਸਾਈਡ ਵਾਲ਼ੀ ਤਾਕੀ ਖੋਲ੍ਹ ਕੇ ਬੱਸ ਵਿੱਚ ਚੜ੍ਹ ਗਿਆ। ਡਰਾਈਵਰ ਮੋਢੇ ਉੱਤੇ ਰੱਖੇ ਡੱਬੀਆਂ ਵਾਲ਼ੇ ਪਰਨੇ ਨਾਲ਼ ਹੀ ਸੀਟ ਨੂੰ ਸਾਫ਼ ਕਰ ਕੇ ਬੈਠ ਗਿਆ, ਤੇ ਪਿੱਛੇ ਨੂੰ ਧੌਣ ਜਿਹੀ ਘੁਮਾ ਕੇ ਡਰਾਈਵਰ ਨੇ ਕੰਡਕਟਰ ਨੂੰ ਅਵਾਜ਼ ਮਾਰੀ ਕਿ ਬਈ ਚੱਲੀਏ? ਉਸ ਨੇ ਛੋਟੀ ਸੀਟੀ ਮਾਰ ਕੇ ਹਾਲੇ ਰੁਕਣ ਦਾ ਇਸ਼ਾਰਾ ਕੀਤਾ ਕਿਉਂਕਿ ਕੁਝ ਸਵਾਰੀਆਂ ਹਾਲੇ ਹੋਰ ਆ ਰਹੀਆਂ ਸਨ। ਉਹਨਾਂ ਦੀਆਂ ਵੀ ਟਿਕਟਾਂ ਕੱਟ ਕੇ ਕੰਡਕਟਰ ਨੇ ਉਹਨਾਂ ਨੂੰ ਬੱਸ ਵਿੱਚ ਬਿਠਾਇਆ ਅਤੇ ਲੰਬੀ ਸੀਟੀ ਮਾਰ ਕੇ ਬੱਸ ਡਰਾਈਵਰ ਨੂੰ ਚੱਲਣ ਦਾ ਸੰਕੇਤ ਦੇ ਦਿੱਤਾ। ਡਰਾਈਵਰ ਨੇ ਬੱਸ ਦੀ ਸੈਲਫ਼ ਮਾਰ ਕੇ ਸਾਮ੍ਹਣੇ ਲੱਗੀ ਗੁਰੂ

ਨਾਨਕ ਦੇਵ ਜੀ ਦੀ ਫੋਟੋ ਨੂੰ ਮੱਥਾ ਟੇਕ ਕੇ ਬੱਸ ਤੋਰ ਲਈ। ਕੰਡਕਟਰ ਨੇ ਇੱਕ ਵਾਰੀ ਸਾਰੀਆਂ ਸਵਾਰੀਆਂ ਦੀਆਂ ਟਿਕਟਾਂ ਚੈੱਕ ਕੀਤੀਆਂ ਤਾਂ ਸਭ ਤੋਂ ਪਿੱਛੇ ਵਾਲੀ ਤਾਕੀ ਕੋਲ ਸੀਟ 'ਤੇ ਬੈਠ ਗਿਆ। ਬੱਸ ਜਲੰਧਰ ਬੱਸ ਅੱਡੇ ਤੋਂ ਚੱਲ ਕੇ ਲਾਇਲਪੁਰ ਖਾਲਸਾ ਕਾਲਜ ਅੱਗੋਂ ਲੰਘ ਕੇ ਪੀ.ਏ.ਪੀ. ਚੌਂਕ ਰਾਮਾ ਮੰਡੀ 'ਚੋਂ ਹੁੰਦੀ ਹੋਈ ਅੱਗੋਂ ਫਗਵਾੜਾ, ਗੁਰਾਇਆਂ, ਫਿਲੌਰ, ਲੁਧਿਆਣਾ, ਖੰਨਾ, ਮੰਡੀ ਗੋਬਿੰਦਗੜ ਤੋਂ ਹੁੰਦੀ ਹੋਈ ਰਾਜਪੁਰੇ ਰੋਕੀ ਗਈ। ਕਡੰਕਟਰ ਕਹਿੰਦਾ ਅੱਧਾ ਘੰਟਾ ਸਮਾਂ ਹੈ, ਜਿਸ ਨੇ ਕੁਝ ਖਾਣਾ ਪੀਣਾ ਜਾਂ ਬਾਥਰੂਮ ਜਾਣਾ ਜਾ ਸਕਦਾ। ਅੱਧੇ ਘੰਟੇ ਬਾਅਦ ਸਾਰੀਆਂ ਸਵਾਰੀਆਂ ਵਾਪਸ ਬੱਸ ਵਿੱਚ ਆ ਗਈਆਂ।

1990 ਦੇ ਉਹਨਾਂ ਦਿਨਾਂ ਵਿੱਚ ਵਿਦਿਆਰਥੀਆਂ ਵੱਲੋਂ ਰਿਜ਼ਰਵੇਸ਼ਨ (ਮੰਡਲ ਕਮਿਸ਼ਨ) ਖਿਲਾਫ਼ ਕਾਫ਼ੀ ਪ੍ਰੋਟੈਸਟ ਕੀਤੇ ਜਾ ਰਹੇ ਸਨ। ਬੱਸਾਂ ਰੋਕੀਆਂ ਜਾ ਰਹੀਆਂ ਸਨ, ਬੱਸਾਂ ਭੰਨੀਆਂ ਜਾ ਰਹੀਆਂ ਸਨ। ਹਰਿਆਣਾ ਦਿੱਲੀ ਵਿੱਚ ਕਾਫ਼ੀ ਜ਼ੋਰ ਸੀ। ਰਾਜਪੁਰੇ ਤੋਂ ਬਾਅਦ ਅੰਬਾਲਾ ਵੀ ਟੱਪ ਗਏ, ਪਰ ਅੰਬਾਲਾ ਟੱਪਣ ਤੋਂ ਬਾਅਦ ਥੋੜ੍ਹੀ ਦੂਰ ਅੱਗੇ ਜਾ ਕੇ ਰੋਡ ਬਲਾਕ ਕੀਤਾ ਹੋਇਆ ਸੀ, ਹੋਰ ਵੀ ਕਾਫ਼ੀ ਬੱਸਾਂ ਰੁਕੀਆਂ ਹੋਈਆਂ ਸਨ ਤਾਂ ਸਾਡੀ ਬੱਸ ਦੇ ਡਰਾਈਵਰ ਨੇ ਵੀ ਬੱਸ ਇੱਕ ਪਾਸੇ ਲਾ ਦਿੱਤੀ। ਡਰਾਈਵਰ ਉੱਤਰ ਕੇ ਗਿਆ। ਬਾਕੀ ਡਰਾਈਵਰਾਂ ਨਾਲ ਗੱਲਬਾਤ ਕਰ ਕੇ ਆ ਕੇ ਕਹਿੰਦਾ ਹੋਰ ਅੱਗੇ ਜਾਣਾ ਮੁਸ਼ਕਲ ਹੈ, ਅੱਗੇ ਖ਼ਤਰਾ ਹੈ। ਅਸੀਂ ਸਾਰੇ ਬੱਲੇ ਉੱਤਰ ਗਏ। ਹੋਰ ਵੀ ਕਾਫ਼ੀ ਲੋਕ ਪ੍ਰੇਸ਼ਾਨ ਹੋ ਰਹੇ ਸਨ, ਸਮਾਂ ਵੀ ਦੁਪਹਿਰ ਤੋਂ ਥੋੜ੍ਹਾ ਉੱਤੇ ਹੋ ਗਿਆ ਸੀ। ਓਥੇ ਨੇੜੇ ਹੀ ਢਾਬੇ 'ਤੇ ਅਸੀਂ ਕੱਪ-ਕੱਪ ਚਾਹ ਪੀਤੀ। ਸਾਰੇ ਜਣੇ ਸੋਚਾਂ ਵਿੱਚ ਸਨ ਕਿ ਹੁਣ ਕੀ ਬਣੇਗਾ ? ਇੱਕ ਵਾਰ ਫਿਰ ਡਰਾਈਵਰ ਨੂੰ ਅਸੀਂ ਪੁੱਛਿਆ ਤਾਂ ਉਹ ਕਹਿੰਦਾ ਮੈਂ ਰਿਸਕ ਨਹੀਂ ਲੈਣਾ। ਤੁਹਾਡਾ ਅੱਧਾ ਕਿਰਾਇਆ ਵਾਪਸ ਹੋ ਜਾਵੇਗਾ। ਕੰਡਕਟਰ ਨੇ ਸਭ ਨੂੰ ਅੱਧਾ ਕਿਰਾਇਆ ਮੋੜ ਦਿੱਤਾ।

ਅਸੀਂ ਸੜਕ ਦੇ ਕਿਨਾਰੇ ਹੀ ਖਲੋਤੇ ਸਾਂ ਤਾਂ ਹਰਿਆਣਾ ਰੋਡਵੇਜ਼ ਦੀ ਇੱਕ ਬੱਸ ਆਈ, ਜਿਸ ਵਿੱਚ ਕੁਝ ਕੁ ਹੀ ਸਵਾਰੀਆਂ ਸਨ। ਹਰਿਆਣਵੀ ਜਾਟ ਦਿਸਦਾ ਡਰਾਈਵਰ ਕਾਫ਼ੀ ਤੇਜ਼-ਤਰਾਰ ਲੱਗਦਾ ਸੀ। ਤਾਕੀ ਖੋਲ੍ਹ ਕੇ ਕੰਡਕਟਰ ਬੋਲਿਆ ਜਿਸ-ਜਿਸ ਨੇ ਦਿੱਲੀ ਜਾਣਾ, ਆ ਜਾਉ। ਅਗਲੀ ਤਾਕੀ ਵਿੱਚੋਂ ਥੋੜ੍ਹਾ ਜਿਹਾ ਅੱਗੇ ਨੂੰ ਹੋ ਕੇ ਭਾਅਜੀ ਨੇ ਡਰਾਈਵਰ ਨੂੰ ਪੁੱਛਿਆ ਕਿ "ਸੁਣਿਆ ਅੱਗੇ ਵਿਦਿਆਰਥੀਆਂ ਵੱਲੋਂ ਕਾਫ਼ੀ ਹੰਗਾਮਾ ਹੋ ਰਿਹਾ ਹੈ..?" ਤਾਂ ਡਰਾਈਵਰ ਬੋਲਿਆ "ਥਾਰੇ ਦਿੱਲੀ ਜਾਣੈ ਕਿ ਨਹੀਂ..?" ਹਰਿਆਣਵੀ ਭਾਸ਼ਾ ਵਿੱਚ ਡਰਾਈਵਰ ਨੇ ਭਾਅਜੀ ਨੂੰ ਪੁੱਛਿਆ ਤਾਂ ਭਾਅਜੀ ਕਹਿੰਦੇ "ਜਾਣੈ ਤਾਂ ਹੈ...।" ਤਾਂ ਕਹਿੰਦਾ "ਫਿਰ ਬੈਠੋ ਵਿੱਚ, ਅਗਲੀ ਜ਼ਿੰਮੇਵਾਰੀ ਮੇਰੀ...।" ਤੇ ਅਸੀਂ ਬੱਸ ਵਿੱਚ ਬੈਠ ਗਏ, ਹੋਰ ਸਵਾਰੀਆਂ ਵੀ ਬੈਠ ਗਈਆਂ। ਜਦੋਂ ਬੱਸ ਭਰ ਗਈ ਤਾਂ ਡਰਾਈਵਰ ਨੇ ਬੱਸ ਫੁੱਲ ਸਪੀਡ 'ਤੇ ਭਜਾਈ। ਫਿਰ ਸਿੱਧੀ ਦਿੱਲੀ ਬੱਸ ਅੱਡੇ 'ਤੇ ਰੋਕੀ। ਬੱਸ ਰੋਕ ਕੇ ਧੌਣ ਪਿੱਛੇ ਨੂੰ ਘੁੰਮਾ ਕੇ ਡਰਾਈਵਰ ਨੇ ਭਾਅਜੀ ਨੂੰ ਪੁੱਛਿਆ "ਕਿਉਂ ਸਰਦਾਰ ਜੀ! ਪਹੁੰਚ ਗਏ

ਨਾ ਦਿੱਲੀ ?'' ਤਾਂ ਭਾਅਜੀ ਕਹਿੰਦੇ ''ਇਹ ਤੇਰੀ ਹੀ ਦਲੇਰੀ ਹੈ ਸਾਡੇ ਵਾਲ਼ਾ ਡਰਾਈਵਰ ਤਾਂ ਕਾਫੀ ਡਰ ਗਿਆ ਸੀ।''

ਸ਼ਾਮ ਦਾ ਸਮਾਂ ਹੋ ਗਿਆ ਸੀ। ਅਸੀਂ ਬੱਸ ਅੱਡੇ ਤੋਂ ਆਟੋ ਲੈ ਕੇ ਦਿੱਲੀ ਪਹਾੜਗੰਜ ਇੱਕ ਹੋਟਲ ਵਿੱਚ ਪਹੁੰਚ ਗਏ। ਭਾਅਜੀ ਤਾਂ ਦਿੱਲੀ-ਬੰਬੇ ਘੁੰਮੇ ਹੋਏ ਸੀ, ਬਾਹਰ ਜਾਣ ਦੇ ਚੱਕਰ ਵਿੱਚ। ਮੈਂ ਤਾਂ ਦੋ ਅੱਖਰਾਂ ਦੇ ਨਾਂ ਵਾਲ਼ਾ ਐਡਾ ਵੱਡਾ ਸ਼ਹਿਰ ਪਹਿਲੀ ਵਾਰ ਵੇਖਿਆ ਸੀ।

ਰਾਤ ਅਰਾਮ ਕੀਤਾ, ਸਵੇਰੇ ਇਸ਼ਨਾਨ-ਪਾਣੀ, ਨਿੱਤਨੇਮ ਕਰ ਕੇ ਅਸੀਂ 'ਕਨਾਟ ਪਲੇਸ' ਜਿੱਥੇ ਏਜੰਟ ਵੀ.ਪੀ. ਸਿੰਘ ਦਾ ਦਫ਼ਤਰ ਸੀ, ਓਥੇ ਪਹੁੰਚ ਗਏ। ਪਤਾ ਕਰ ਕੇ ਅਸੀਂ ਉਸ ਦੇ ਦਫ਼ਤਰ ਦੇ ਅੰਦਰ ਚਲੇ ਗਏ। ਵੀ.ਪੀ. ਸਿੰਘ ਏਜੰਟ ਖ਼ੁਦ ਆਪ ਦਫ਼ਤਰ ਵਿੱਚ ਸੀ। ਦਾੜ੍ਹੀ ਬੰਨ੍ਹੀ ਹੋਈ ਕੋਈ ਚਾਲ਼ੀ ਕੁ ਸਾਲ ਦਾ ਸੋਹਣਾ ਸਰਦਾਰ ਸੀ ਵੀ.ਪੀ. ਸਿੰਘ। ਅਸੀਂ ਆਪਣੇ ਬਾਰੇ ਅਤੇ ਆਉਣ ਦਾ ਕਾਰਨ ਉਸ ਨੂੰ ਦੱਸਿਆ। ਉਸ ਨੇ ਬੈਠਣ ਲਈ ਕਿਹਾ ਅਸੀਂ ਕੁਰਸੀਆਂ ਉੱਤੇ ਬੈਠ ਗਏ ਤਾਂ ਕਹਿੰਦਾ ''ਤੇਰਾ ਪਾਸਪੋਰਟ ?'' ਮੈਂ ਪਾਸਪੋਰਟ ਦੇ ਦਿੱਤਾ ਕਹਿੰਦਾ ''ਕੱਲ੍ਹ ਨੂੰ ਇਸੇ ਟਾਈਮ ਆ ਕੇ ਪਤਾ ਕਰ ਲਿਓ।''

ਪਾਸਪੋਰਟ ਦੇ ਕੇ ਅਸੀਂ ਦਫ਼ਤਰ 'ਚੋਂ ਬਾਹਰ ਆਏ ਤਾਂ ਸਾਨੂੰ ਭੁੱਖ ਲੱਗੀ ਸੀ। ਕਨਾਟ ਪਲੇਸ ਬਿਲਡਿੰਗ ਵਿੱਚ ਹੀ ਸਭ ਤੋਂ ਥੱਲੇ ਬਣੇ ਇੱਕ ਢਾਬਾ ਟਾਈਪ ਰੈਸਟੋਰੈਂਟ ਵਿੱਚ ਅਸੀਂ ਰੱਜ ਕੇ ਤਸੱਲੀ ਨਾਲ਼ ਰੋਟੀ ਖਾਧੀ ਤੇ ਫਿਰ ਬਾਅਦ ਵਿੱਚ ਇੱਕ-ਇੱਕ ਚਾਹ ਦਾ ਕੱਪ ਪੀ ਕੇ ਪੂਰੇ ਕਾਇਮ ਹੋ ਕੇ ਅਸੀਂ ਬਾਹਰ ਆ ਗਏ। ਓਥੋਂ ਅਸੀਂ 'ਪਾਲਿਕਾ ਬਜ਼ਾਰ' ਗਏ, ਜੋ ਕਿ ਅੰਡਰ-ਗਰਾਊਂਡ ਬਣਿਆ ਹੋਇਆ ਹੈ।

ਫਿਰ ਅਸੀਂ ਬਾਹਰ ਇੱਕ ਪਾਰਕ ਵਿੱਚ ਕੁਝ ਸਮਾਂ ਪਾਸ ਕੀਤਾ। ਦਿੱਲੀ ਸ਼ਹਿਰ ਦੀਆਂ ਉੱਚੀਆਂ-ਉੱਚੀਆਂ ਬਿਲਡਿੰਗਾਂ ਮਨ ਨੂੰ ਮੋਹ ਰਹੀਆਂ ਸਨ। ਸੜਕ ਦੇ ਦੂਜੇ ਪਾਸੇ ਜਾਣ ਲਈ ਅੰਡਰ-ਪਾਸ ਜਿਹੇ ਬਣੇ ਹੋਏ ਸਨ। ਭਾਅਜੀ ਕਹਿੰਦੇ ਬਾਹਰ ਵੀ ਪ੍ਰਦੇਸਾਂ ਵਿੱਚ ਇਸ ਤਰ੍ਹਾਂ ਦਾ ਹੀ ਮਹੌਲ ਤੈਨੂੰ ਵੇਖਣ ਨੂੰ ਮਿਲੇਗਾ।

ਸ਼ਾਮ ਹੋ ਗਈ, ਫਿਰ ਅਸੀਂ ਬੰਗਲਾ ਸਾਹਿਬ ਗੁਰਦੁਆਰੇ ਮੱਥਾ ਟੇਕਿਆ ਤਾਂ ਓਥੋਂ ਬੱਸ ਫੜ ਕੇ ਅਸੀਂ ਗੁਰਦੁਆਰਾ ਸੀਸ ਗੰਜ ਸਾਹਿਬ ਚਲੇ ਗਏ। ਓਥੋਂ ਦੇ ਮੈਨੇਜਰ ਨਾਲ਼ ਗੱਲਬਾਤ ਕਰ ਕੇ ਅਸੀਂ ਦੋ-ਤਿੰਨ ਦਿਨ ਓਥੇ ਰਹਿਣ ਦਾ ਇੰਤਜਾਮ ਕਰ ਲਿਆ।

ਦੂਸਰੇ ਦਿਨ ਅਸੀਂ ਫਿਰ ਸਵੇਰੇ ਸਮੇਂ ਸਿਰ ਹੀ ਕਨਾਟ ਪਲੇਸ ਏਜੰਟ ਦੇ ਦਫ਼ਤਰ 'ਚ ਪਹੁੰਚ ਗਏ। ਉਸ ਨੇ ਫਿਰ ਦੂਸਰੇ ਦਿਨ ਆਉਣ ਲਈ ਕਹਿ ਦਿੱਤਾ।

ਓਥੋਂ ਸਿੱਧੇ ਅਸੀਂ ਗੁਰਦੁਆਰਾ ਸੀਸ ਗੰਜ ਸਾਹਿਬ ਆ ਗਏ। ਓਥੋਂ ਇੱਕ ਬਸ ਚੱਲਦੀ ਸੀ ਜੋ ਦਿੱਲੀ ਦੇ ਸਾਰੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਾਉਂਦੀ ਸੀ। ਦੂਸਰਾ ਦਿਨ

ਸਾਡਾ ਇਸ ਤਰ੍ਹਾਂ ਲੰਘ ਗਿਆ।

ਚੌਥੇ ਦਿਨ ਅਸੀਂ ਫਿਰ ਸਵੇਰੇ ਸਮੇਂ ਸਿਰ ਹੀ ਏਜੰਟ ਦੇ ਦਫਤਰ ਪਹੁੰਚ ਗਏ ਤਾਂ ਏਜੰਟ ਕਹਿੰਦਾ ਸ਼ਾਮ ਦੇ ਚਾਰ ਵਜੇ ਆਇਓ। ਵਿਚਲੇ ਸਮੇਂ ਵਿੱਚ ਅਸੀਂ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਬਾਹਰ ਨਿਕਲੇ। ਮੇਨ ਸੜਕ ਦੇ ਦੂਜੇ ਪਾਸੇ ਸਰਕਸ ਲੱਗੀ ਸੀ। ਉਹ ਵੇਖੀ ਫਿਰ ਅਸੀਂ ਸਫ਼ਦਰਜੰਗ ਰੋਡ ਵੇਖ ਕੇ ਵਾਪਸ ਏਜੰਟ ਕੋਲ ਗਏ ਤਾਂ ਉਹ ਕਹਿੰਦਾ ਗੱਲ ਬਣੀ ਨਹੀਂ, ਹੁਣ ਤੁਸੀਂ ਵਾਪਸ ਜਾ ਸਕਦੇ ਹੋ। ਇੱਕ ਮਹੀਨੇ ਬਾਅਦ ਫ਼ੋਨ ਕਰ ਲੈਣਾ। ਸਾਡਾ ਬੜਾ ਮੂਡ ਖ਼ਰਾਬ ਹੋਇਆ। ਸਾਨੂੰ ਇਸ ਤਰ੍ਹਾਂ ਦੀ ਆਸ ਨਹੀਂ ਸੀ।

ਫਿਰ ਅਸੀਂ ਵਾਪਸ ਆਪਣਾ ਸਮਾਨ ਲੈਣ ਸੀਸ ਗੰਜ ਗੁਰਦੁਆਰਾ ਸਾਹਿਬ ਗਏ। ਓਥੇ ਚਾਂਦਨੀ ਚੌਕ ਦੇ ਨਜ਼ਦੀਕ ਹੀ ਲਾਲ ਕਿਲ੍ਹਾ ਹੈ, ਉਹ ਵੇਖਿਆ। ਮੈਂ ਭਾਅਜੀ ਨੂੰ ਪੁੱਛਿਆ ਕਿ "ਜਦੋਂ ਇੰਦਰਾ ਗਾਂਧੀ ਮਰੀ ਸੀ ਤੁਸੀਂ ਜੋਰਡਨ ਤੋਂ ਵਾਪਸ ਆਉਂਦਿਆਂ ਇੱਥੇ ਤਿੰਨ ਦਿਨ ਫਸੇ ਰਹੇ ਸੀ, ਓਦੋਂ ਦਾ ਕੀ ਮਹੌਲ ਸੀ?" ਤਾਂ ਭਾਅਜੀ ਕਹਿੰਦੇ- "ਚਾਰ-ਚੁਫੇਰੇ ਧੂੰਆਂ ਹੀ ਧੂੰਆਂ ਵਿਖਾਈ ਦੇ ਰਿਹਾ ਸੀ। ਹਿੰਦੂ-ਭੀੜਾਂ ਲੱਭ-ਲੱਭ ਕੇ ਸਿੱਖਾਂ ਨੂੰ ਮਾਰ ਰਹੀਆਂ ਸਨ। ਆਹ ਜਿਹੜਾ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਮ੍ਹਣੇ ਹੋਟਲ ਦਿੱਸ ਰਿਹਾ ਹੈ ਕਿਸੇ ਸਿੱਖ ਦਾ ਸੀ, ਸਾਡੇ ਸਾਮ੍ਹਣੇ ਇਸ ਨੂੰ ਅੱਗ ਲਾਈ ਗਈ। ਤਾਕੀਆਂ ਵਿੱਚ ਦੀ ਧੂੰਆਂ ਹੀ ਧੂੰਆਂ ਅਤੇ ਬਚਾਓ-ਬਚਾਓ ਦੀਆਂ ਅਵਾਜ਼ਾਂ ਆ ਰਹੀਆਂ ਸਨ।"

ਭਾਅਜੀ ਹੋਰੀਂ ਮਿਲਟਰੀ ਵਾਲਿਆਂ ਦੀ ਮਦਦ ਨਾਲ਼ ਬਚ ਕੇ ਪੰਜਾਬ ਪਹੁੰਚ ਗਏ ਸਨ ਜਿਸ ਬਾਰੇ ਵਿਸਥਾਰ ਨਾਲ਼ ਮੈਂ ਆਪਣੀ ਪਹਿਲੀ ਕਿਤਾਬ ਵਿੱਚ ਲਿਖ ਚੁੱਕਿਆ ਹਾਂ।

ਅਸੀਂ ਵਾਪਸੀ ਦੀ ਤਿਆਰੀ ਕਰ ਲਈ, ਸ਼ਾਮ ਦਾ ਸਮਾਂ ਹੋ ਗਿਆ। ਵਾਪਸ ਅਸੀਂ ਰੇਲ ਗੱਡੀ ਰਾਹੀਂ ਆਉਣ ਦਾ ਵਿਚਾਰ ਬਣਾ ਲਿਆ। ਦਿੱਲੀ ਰੇਲਵੇ ਸਟੇਸ਼ਨ ਤੋਂ ਜਲੰਧਰ ਆਉਣ ਵਾਲ਼ੀ ਰੇਲ ਗੱਡੀ ਵਿੱਚ ਸਵਾਰ ਹੋ ਗਏ। ਸਾਡੀ ਟੀ.ਟੀ. ਨਾਲ਼ ਕਿਸੇ ਗੱਲੋਂ ਗਰਮਾ-ਗਰਮੀ ਹੋ ਗਈ। ਉਹ ਵੀ ਬੜਾ ਜਿੱਦੀ ਸੁਭਾਅ ਦਾ ਬੰਦਾ ਸੀ, ਜਿੱਥੇ ਰਸਤੇ ਵਿੱਚ ਕਿਸੇ ਸਟੇਸ਼ਨ 'ਤੇ ਟਰੇਨ ਰੁਕਿਆ ਕਰੇ, ਉਹ ਸਾਨੂੰ ਦੋਹਾਂ ਨੂੰ ਥੱਲੇ ਲਾਹ ਦਿਆ ਕਰੇ, ਅਸੀਂ ਧੱਕੇ ਨਾਲ਼ ਫਿਰ ਚੜ੍ਹ ਜਾਇਆ ਕਰੀਏ। ਉਸ ਨੇ ਸਾਨੂੰ ਇੰਨਾ ਗ਼ੁੱਸਾ ਚੜ੍ਹਾ ਦਿੱਤਾ ਕਿ ਅਸੀਂ ਮਨ ਬਣਾ ਲਿਆ ਕੇ ਜਲੰਧਰ ਪਹੁੰਚ ਕੇ ਇਸ ਦੇ ਚਪੇੜਾਂ ਮਾਰਨੀਆਂ ਹੀ ਮਾਰਨੀਆਂ ਹਨ ਪਰ ਜਦੋਂ ਟਰੇਨ ਜਲੰਧਰ ਰੁਕੀ, ਅਸੀਂ ਅੱਗੇ-ਪਿੱਛੇ ਤਕ ਵੇਖਿਆ ਤੇ ਉਸ ਨੂੰ ਕਾਫ਼ੀ ਲੱਭਿਆ ਪਰ ਉਹ ਸਾਨੂੰ ਦਿੱਸਿਆ ਨਹੀਂ। ਫਿਰ ਅਸੀਂ ਜਲੰਧਰੋਂ ਬੱਸ ਫੜ ਕੇ ਵਾਪਸ ਘਰ ਪਹੁੰਚ ਗਏ।

* * * * *

ਚੈਕੋਸਲਵਾਕੀਆ ਦੀ ਫਲਾਈਟ

ਉਸ ਸਮੇਂ ਤਾਂ ਫ਼ੋਨ ਕਰਨੇ ਹੀ ਮੁਹਾਲ ਹੁੰਦੇ ਸਨ। ਪਿੰਡਾਂ ਵਿੱਚ ਕੋਈ ਫ਼ੋਨ ਨਹੀਂ ਹੁੰਦਾ ਸੀ। ਅਸੀਂ ਇੱਕ ਮਹੀਨੇ ਬਾਅਦ ਹੁਸ਼ਿਆਰਪੁਰ ਸਿਵਲ ਹਸਪਤਾਲ ਦੇ ਸਾਮ੍ਹਣੇ ਬਣੀ ਇੱਕ ਐਸ.ਟੀ.ਡੀ. ਜੋ ਕਿ ਸਰਦਾਰ ਮੁੰਡਾ ਚਲਾਉਂਦਾ ਸੀ, ਏਅਰ ਕੰਡੀਸ਼ਨ ਹੁੰਦੀ ਸੀ; ਓਥੋਂ ਦਿੱਲੀ ਵਾਲ਼ੇ ਏਜੰਟ ਨੂੰ ਫ਼ੋਨ ਕਰਨ ਗਏ। ਇਸ ਵਾਰ ਮੇਰੇ ਨਾਲ਼ ਭਾਪਾ ਜੀ ਸਨ। ਐਸ.ਟੀ.ਡੀ. ਵਾਲ਼ੇ ਨੇ ਨੰਬਰ ਲਾ ਕੇ ਫ਼ੋਨ ਭਾਪਾ ਜੀ ਨੂੰ ਫੜਾ ਦਿੱਤਾ। ਭਾਪਾ ਜੀ ਦੀ ਏਜੰਟ ਨਾਲ਼ ਗੱਲ ਹੋਈ, ਉਸ ਨੇ ਭਾਪਾ ਜੀ ਨੂੰ ਦੱਸਿਆ ਕਿ "ਵੀਜ਼ਾ ਲੱਗ ਗਿਆ ਹੈ। (10 ਪਤਾ ਨਹੀਂ 11 ਅਕਤੂਬਰ 1990 ਦੀ ਫਲਾਈਟ ਸੀ ਮੈਨੂੰ ਪੂਰਾ ਯਾਦ ਨਹੀਂ) ਇੱਕ ਦਿਨ ਪਹਿਲਾਂ ਮੇਰੇ ਕੋਲ਼ ਪਹੁੰਚ ਜਾਇਓ।"

ਮੇਰਾ ਦਿਲ ਧੜਕ ਰਿਹਾ ਸੀ। ਡਰ ਲੱਗੇ ਕਿ ਮੈਨੂੰ ਨਾ ਕਿਤੇ ਗੱਲ ਕਰਨੀ ਪੈ ਜਾਵੇ। ਓਹੀ ਗੱਲ ਹੋਈ, ਏਜੰਟ ਨੇ ਭਾਪਾ ਜੀ ਨੂੰ ਪੁੱਛਿਆ 'ਹਰਪ੍ਰੀਤ ਕਿੱਥੇ ਹੈ ?' ਤਾਂ ਭਾਪਾ ਜੀ ਕਹਿੰਦੇ 'ਕੋਲ਼ ਹੀ ਹੈ..।' ਭਾਪਾ ਜੀ ਮੈਨੂੰ ਕਹਿੰਦੇ 'ਆਹ ਲੈ ਗੱਲ ਕਰ..।' ਮੈਂ ਡਰਦੇ ਨੇ ਕੰਬਦੇ ਹੋਏ ਹੱਥਾਂ ਨਾਲ਼ ਫੋਨ ਫੜਿਆ। ਮੈਨੂੰ ਇਹ ਸੀ ਕਿ ਫ਼ੋਨ ਵਿੱਚੋਂ ਪਤਾ ਨਹੀਂ ਕੀ ਨਿਕਲ਼ ਆਉਣਾ? ਭਾਪਾ ਜੀ ਅਤੇ ਐਸ.ਟੀ.ਡੀ. ਵਾਲ਼ਾ ਸਰਦਾਰ ਹੱਸ ਰਹੇ ਸਨ ਤਾਂ ਏਜੰਟ ਨੇ ਮੈਨੂੰ ਕੁਝ ਕੁ ਗੱਲਾਂ ਸਮਝਾਈਆਂ ਤਾਂ ਕਹਿੰਦਾ "ਬਾਕੀ ਇੱਥੇ ਆਏ ਨੂੰ ਦੱਸਾਂਗਾ, ਜਿਸ ਤਰ੍ਹਾਂ ਮੈਂ ਕਹਾਂਗਾ ਓਸੇ ਤਰ੍ਹਾਂ ਹੀ ਕਰਨਾ। ਤੇਰਾ ਵੀਜਾ ਲੱਗ ਗਿਆ ਹੈ, ਆਪਣੀ ਤਿਆਰੀ ਕਰ ਕੇ ਦਿੱਲੀ ਪਹੁੰਚ ਜਾ।"

ਚਲੋ ਜੀ, ਮੈਂ ਆਪਣੀ ਤਿਆਰੀ ਕਰ ਲਈ। ਇੱਕ ਛੋਟੇ ਅਟੈਚੀ ਵਿੱਚ ਆਪਣੇ ਕੱਪੜੇ ਵਗੈਰਾ ਪਾ ਲਏ। ਦੁਬਾਰਾ ਫਿਰ ਭਾਅਜੀ ਲਹਿੰਬਰ ਸਿੰਘ ਨੇ ਨਾਲ਼ ਜਾਣਾ ਸੀ। ਦਿੱਲੀ ਨੂੰ ਤੁਰਨ ਤੋਂ ਪਹਿਲਾਂ ਮੇਰੇ ਭੈਣ ਜੀ, ਭਾਅਜੀ (ਜੀਜਾ ਜੀ) ਤੇ ਬੱਚੇ ਇੱਕ ਦਿਨ ਪਹਿਲਾਂ ਹੀ ਸਾਡੇ ਘਰ ਆ ਗਏ। ਦੁਪਹਿਰ ਤੋਂ ਬਾਅਦ ਭਾਅਜੀ, ਭੈਣ ਜੀ, ਭਾਪਾ ਜੀ ਹੋਰਾਂ ਨੇ ਮੈਨੂੰ ਕੋਲ਼ ਬਿਠਾ ਲਿਆ। ਭਾਪਾ ਜੀ ਕਹਿਣ ਲੱਗੇ ਬਾਹਰ ਜਾ ਕੇ ਕਿਸੇ ਵੀ ਫ਼ੈਡਰੇਸ਼ਨ ਵਿੱਚ ਨਹੀਂ ਆਉਣਾ, ਆਪਣੇ ਕੰਮ ਨਾਲ਼ ਮਤਲਬ ਰੱਖਣਾ। ਕੰਮ ਲਈ ਕੇਸ ਕਟਾਉਣੇ ਪੈਣ ਤਾਂ

ਕਟਾ ਦਵੀਂ।

ਮੈਂ ਸੁਣੀ ਗਿਆ, ਬੋਲਿਆ ਕੁਝ ਨਹੀਂ। ਇਹ ਮੇਰਾ ਅੱਜ ਵੀ ਸੁਭਾਅ ਹੈ, ਮੈਂ ਮੁੰਹ-ਫੱਟ ਨਹੀਂ ਹਾਂ। ਮੇਰੇ ਭੈਣ ਜੀ ਸੁਰਿੰਦਰ ਕੌਰ ਕਹਿੰਦੇ, ਪੱਕੇ ਹੋਣ ਲਈ ਗੋਰੀ ਨਾਲ਼ ਵਿਆਹ ਕਰਾਉਣਾ ਪਿਆ ਤਾਂ ਕਰਵਾ ਲਵੀਂ। ਮੈਂ ਉਹਨਾਂ ਦੀ ਵੀ ਗੱਲ ਸੁਣ ਕੇ ਚੁੱਪ ਰਿਹਾ।

ਬੀਬੀ ਜੀ ਅਤੇ ਘਰਵਾਲ਼ੀ ਕਾਫ਼ੀ ਉਦਾਸ ਸਨ। ਵਿਛੋੜੇ ਦਾ ਦੁੱਖ ਵੀ ਸੀ। ਦੂਜੇ ਪਾਸੇ ਸਭ ਨੂੰ ਬਾਹਰ ਜਾਣ ਦੀ ਖ਼ੁਸ਼ੀ ਵੀ ਸੀ ਕਿਉਂਕਿ ਉਹ ਸਾਰੇ ਸੋਚਦੇ ਸਨ ਪੁਲੀਸ ਦੇ ਚੱਕਰਾਂ ਤੋਂ ਤਾਂ ਬਚਿਆ ਰਹੇਗਾ।

ਆਪਣੇ ਆਮ ਕਹਾਵਤ ਹੈ ਕਿਸੇ ਵੈਲ਼ੇ ਦੀ ਮੂੰਹੋਂ ਨਿਕਲ਼ੀ ਹੋਈ ਗੱਲ ਪੂਰੀ ਹੋ ਜਾਂਦੀ ਹੈ। ਕੇਸ ਕਟਾਉਣ ਵਾਲ਼ੀ ਅਤੇ ਗੋਰੀ ਨਾਲ਼ ਵਿਆਹ ਕਰਾਉਣ ਵਾਲ਼ੀ ਗੱਲ ਵਿੱਚੋਂ ਇੱਕ ਪੂਰੀ ਹੋਈ, ਜਿਸ ਦਾ ਜ਼ਿਕਰ ਅੱਗੇ ਜਾ ਕੇ ਆਵੇਗਾ।

ਰਾਤ ਲੰਘੀ, ਸਵੇਰੇ ਇਸ਼ਨਾਨ-ਪਾਣੀ ਤੇ ਨਿੱਤਨੇਮ ਕਰ ਕੇ ਗੁਰਦੁਆਰਾ ਸਾਹਿਬ ਅਤੇ ਬਾਬੇ ਭਾਈ ਮਾਹੀ ਦੇ ਮੱਥਾ ਟੇਕਿਆ ਤਾਂ ਨਮ ਅੱਖਾਂ ਨਾਲ਼ ਘਰਦਿਆਂ ਨੂੰ ਅਲਵਿਦਾ ਕਹਿ ਕੇ ਦਿੱਲੀ ਨੂੰ ਚਾਲੇ ਪਾ ਦਿੱਤੇ ਗਏ। ਮੈਨੂੰ ਇਸ ਵਾਰ ਦਾ ਚੇਤਾ ਕੁੱਲ ਗਿਆ ਕਿ ਦੂਜੀ ਵਾਰੀ ਦਿੱਲੀ ਕਿਵੇਂ ਗਏ।

ਦਿੱਲੀ ਏਜੰਟ ਦੇ ਦਫ਼ਤਰ ਜਾ ਕੇ ਓਥੋਂ ਪਾਸਪੋਰਟ, ਟਿਕਟ ਲਈ ਤੇ ਫਲਾਈਟ ਤੋਂ ਚਾਰ ਕੁ ਘੰਟੇ ਪਹਿਲਾਂ ਮੈਂ ਅਤੇ ਭਾਅਜੀ ਦਿੱਲੀ ਏਅਰਪੋਰਟ 'ਤੇ ਪਹੁੰਚ ਗਏ। ਸਕਿਓਰਿਟੀ ਗਾਰਡਾਂ ਨੇ ਟਿਕਟ-ਪਾਸਪੋਰਟ ਚੈੱਕ ਕਰ ਕੇ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ। ਭਾਅਜੀ ਬਾਹਰ ਖੜ੍ਹੇ ਵੇਖ ਰਹੇ ਸਨ। ਅੰਦਰ ਜਾ ਕੇ 'ਪਾਕਿਸਤਾਨ ਏਅਰ ਲਾਈਨਜ਼' ਦੇ ਕਾਊਂਟਰ 'ਤੇ ਅਟੈਚੀ ਜਮ੍ਹਾ ਕਰਾਇਆ ਤੇ ਉਹਨਾਂ ਨੇ ਬੋਰਡਿੰਗ ਪਾਸ ਦੇ ਦਿੱਤਾ। ਬੋਰਡਿੰਗ ਪਾਸ ਲੈ ਕੇ ਮੈਂ ਭਾਅਜੀ ਨੂੰ ਹੱਥ ਹਿਲਾ ਦਿੱਤਾ ਤਾਂ ਭਾਅਜੀ ਨੇ ਵੀ ਹੱਥ ਖੜ੍ਹਾ ਕਰ ਦਿੱਤਾ। ਮਗਰੋਂ ਭਾਅਜੀ ਨੇ ਵਾਪਸ ਪੰਜਾਬ ਨੂੰ ਚਾਲੇ ਪਾ ਦਿੱਤੇ ਹੋਣਗੇ।

ਹੁਣ ਮੇਰਾ 'ਪ੍ਰਦੇਸ ਕੰਧ ਓਹਲੇ' ਹੋ ਗਿਆ ਸੀ। ਮਤਲਬ ਹੁਣ ਮੇਰੇ ਘਰਦਿਆਂ ਨੂੰ ਰਿਸ਼ਤੇਦਾਰਾਂ ਨੂੰ ਕੁਝ ਨਹੀਂ ਪਤਾ ਮੇਰੇ ਨਾਲ਼ ਅੱਗੋਂ ਕੀ ਹੋਣਾ ਹੈ।

ਏਜੰਟ ਨੇ ਦੱਸ ਦਿੱਤਾ ਸੀ ਤੇ 'ਚੈਕੋਸਲਵਾਕੀਆ' ਦੀ ਰਾਜਧਾਨੀ 'ਪਰਾਗ' ਜਾਣਾ ਹੈ, ਓਥੋਂ ਤੈਨੂੰ 'ਟੀਟੂ' ਨਾਂ ਦਾ ਮੋਨਾ ਮਧਰਾ ਜਿਹਾ ਮੁੰਡਾ ਲੈਣ ਆਵੇਗਾ, ਤੇਰੇ ਨਾਲ਼ ਹੋਰ ਮੁੰਡੇ ਵੀ ਹੋਣਗੇ। ਟੀਟੂ ਹੀ ਤੁਹਾਡਾ ਅੱਗੋਂ ਜਰਮਨੀ ਪਹੁੰਚਣ ਦਾ ਇੰਤਜਾਮ ਕਰ ਕੇ ਦੇਵੇਗਾ। ਬੋਰਡਿੰਗ ਪਾਸ ਲੈਣ ਤੋਂ ਬਾਅਦ ਇਮੀਗ੍ਰੇਸ਼ਨ ਹੋਣੀ ਸੀ। ਏਜੰਟ ਨੇ ਕਿਹਾ ਸੀ ਦੋ ਸੌ ਰੁਪਏ ਆਪਣੇ ਪਾਸਪੋਰਟ ਵਿੱਚ ਰੱਖ ਲੈਣੇ ਇਮੀਗ੍ਰੇਸ਼ਨ ਵਾਲ਼ਿਆਂ ਲਈ, ਪਰ ਮੈਂ ਨਹੀਂ ਰੱਖੇ। ਮੈਂ ਇਹ ਸੋਚਿਆ ਕਿ ਜਦ ਸਹੀ ਵੀਜਾ ਲੱਗਿਆ ਹੋਇਆ ਫਿਰ ਪੈਸੇ ਕਾਹਦੇ ਲਈ ਰੱਖਣੇ।

ਇਮੀਗ੍ਰੇਸ਼ਨ 'ਤੇ ਕਾਫ਼ੀ ਪੰਜਾਬੀ ਮੁੰਡੇ ਲਾਈਨ ਵਿੱਚ ਲੱਗੇ ਹੋਏ ਸਨ।

ਮੇਰੇ ਤੋਂ ਅੱਗੇ ਇੱਕ ਮੁੰਡਾ ਸੀ। ਇਮੀਗ੍ਰੇਸ਼ਨ ਵਾਲ਼ੇ ਨੇ ਉਸ ਨੂੰ ਪੁੱਛਿਆ 'ਕਿੱਥੇ ਚੱਲਿਆਂ?'

ਕਹਿੰਦਾ 'ਚੈਕਸਲਵਾਕੀਆ ਦੇ ਪਰਾਗ ਸ਼ਹਿਰ।'

'ਕੀ ਕਰਨ ?'

'ਸੈਰ ਕਰਨ', ਉਹ ਕਹਿੰਦਾ।

'ਇੰਡੀਆ ਪੂਰਾ ਘੁੰਮਿਆ ?'

ਕਹਿੰਦਾ 'ਨਹੀਂ'

'ਪੰਜਾਬ ਪੂਰਾ ਘੁੰਮਿਆਂ ?'

ਮੁੰਡਾ ਕਹਿੰਦਾ 'ਹਾਂ ਜੀ..।'

ਕਹਿੰਦਾ 'ਪੰਜਾਬ 'ਚ ਕਿੱਥੇ ਗਿਆਂ..।'

ਮੁੰਡਾ ਕਹਿੰਦਾ 'ਗਰੂਨਾ ਸਾਹਿਬ ਗੁਰਦੁਆਰੇ..।'

ਤਾਂ ਮੇਰਾ ਪਿੱਛੇ ਖੜ੍ਹੇ ਦਾ ਹਾਸਾ ਨਿਕਲ਼ ਗਿਆ। ਗਰੂਨਾ ਸਾਹਿਬ ਗੁਰਦੁਆਰਾ ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੈ। ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਹੈ। ਇਮੀਗ੍ਰੇਸ਼ਨ ਵਾਲ਼ੇ ਨੇ ਮੋਹਰ ਲਾ ਕੇ ਉਸ ਨੂੰ ਅੱਗੇ ਕੱਢ ਦਿੱਤਾ।

ਓਹੀ ਸਵਾਲ ਉਸ ਨੇ ਮੈਨੂੰ ਪੁੱਛਿਆ ਮੈਂ ਵੀ ਕਹਿ ਦਿੱਤਾ ਜੀ ਘੁੰਮਣ-ਫਿਰਨ ਚੱਲੇ ਹਾਂ। ਉਸ ਨੇ ਮੈਨੂੰ ਹੋਰ ਕੁਝ ਨਹੀਂ ਪੁੱਛਿਆ ਤੇ ਮੋਹਰ ਲਾ ਦਿੱਤੀ। ਅੱਗੇ ਫਿਰ ਚੈਕਿੰਗ ਹੋਈ। ਉਸ ਚੈਕਿੰਗ ਤੋਂ ਲੰਘ ਕੇ ਗੇਟਾਂ ਦੇ ਨੰਬਰ ਲਿਖੇ ਹੋਏ ਸਨ। ਬੋਰਡਿੰਗ ਕਾਰਡ ਤੋਂ ਨੰਬਰ ਵੇਖ ਕੇ ਆਪਣੇ ਗੇਟ ਵੱਲ ਨੂੰ ਮੈਂ ਵੀ ਚਲਾ ਗਿਆ।

ਅੱਗੇ ਜਾ ਕੇ ਜਿੱਥੇ ਜਹਾਜ਼ ਲੱਗੇ ਹੁੰਦੇ ਹਨ, ਓਥੇ ਪਹੁੰਚ ਗਿਆ। ਓਥੇ ਕੁਰਸੀਆਂ ਲੱਗੀਆਂ ਹੋਈਆਂ ਸਨ। ਹੋਰ ਵੀ ਕਾਫ਼ੀ ਲੋਕ ਬੈਠੇ ਸਨ, ਥੋੜ੍ਹੇ ਚਿਰ ਬਾਅਦ ਕਾਊਂਟਰ ਕੋਲ ਜਹਾਜ਼ ਦਾ ਅਮਲਾ ਆ ਗਿਆ ਤੇ ਲੋਕੀਂ ਲਾਈਨ ਵਿੱਚ ਲੱਗ ਗਏ। ਮੈਂ ਵੀ ਲੱਗ ਗਿਆ। ਉਹ ਬੋਰਡਿੰਗ ਪਾਸ ਤੇ ਪਾਸਪੋਰਟ ਵੇਖ ਕੇ ਸਭ ਨੂੰ ਅੱਗੇ ਲੰਘਾਈ ਜਾ ਰਹੇ ਸਨ, ਮੈਂ ਵੀ ਉਹ ਬੋਰਡਿੰਗ ਪਾਸ ਤੇ ਪਾਸਪੋਰਟ ਵੇਖ ਕੇ ਸਭ ਨੂੰ ਅੱਗੇ ਲੰਘਾਈ ਜਾ ਰਹੇ ਸਨ, ਮੈਂ ਵੀ ਲੰਘ ਗਿਆ। ਅੱਗੇ ਜਹਾਜ਼ ਲੱਗਾ ਹੋਇਆ ਸੀ। 'ਪਾਕਿਸਤਾਨ ਏਅਰ ਲਾਈਨਜ਼' ਦਾ ਜਹਾਜ਼ ਸੀ, ਸਵਾ ਕੁ ਸੌ ਸਵਾਰੀ ਵਾਲ਼ਾ ਛੋਟਾ ਜਹਾਜ਼ ਸੀ, ਜੋ ਕਿ ਕਰਾਚੀ ਤੋਂ ਹੋ ਕੇ ਜਾਣਾ ਸੀ। ਮੇਰੀ ਸੀਟ, ਵਿਚਾਲੇ ਬਣੇ ਰਸਤੇ ਦੇ ਨਾਲ਼ ਸੀ। ਸੀਟ ਨੰਬਰ ਵੇਖ ਕੇ ਮੈਂ ਬੈਠ ਗਿਆ। ਆਪਣਾ ਹੈਂਡ-ਬੈਗ ਉੱਪਰ ਬਣੀ ਜਗ੍ਹਾ ਵਿੱਚ ਰੱਖ ਦਿੱਤਾ।

ਮੇਰੇ ਨਾਲ਼ ਦੋ ਪਾਕਿਸਤਾਨੀ ਜੋ ਕਿ ਵੇਖਣ ਨੂੰ ਪਿਓ-ਪੁੱਤ ਲੱਗਦੇ ਸਨ। ਉਹਨਾਂ ਨੇ ਚਿੱਟੇ ਸਲਵਾਰ-ਕਮੀਜ਼ ਪਾਏ ਸਨ, ਚਿੱਟੀਆਂ ਟੋਪੀਆਂ ਲਈਆਂ ਹੋਈਆਂ ਸਨ; ਵੇਖਣ ਨੂੰ ਕੋਈ ਚੰਗੇ ਵਪਾਰੀ (ਸ਼ੇਖ਼) ਲੱਗਦੇ ਸਨ। ਮੇਰਾ ਜਹਾਜ਼ ਦਾ ਇਹ ਪਹਿਲਾ ਸਫ਼ਰ ਸੀ। ਜਹਾਜ਼ ਸਵਾਰੀਆਂ ਨਾਲ਼ ਭਰ ਗਿਆ ਸੀ। ਪਾਇਲਟ ਨੇ ਸਟਾਰਟ ਕਰ ਕੇ ਜਹਾਜ਼ ਰਨ-ਵੇਅ 'ਤੇ ਪਾ ਲਿਆ ਤੇ ਕੁਝ ਹੀ ਸਮੇਂ ਵਿੱਚ ਜਹਾਜ਼ ਧਰਤੀ ਨੂੰ ਛੱਡ ਕੇ ਹਵਾ ਵਿੱਚ ਹੋ ਗਿਆ।

ਜਹਾਜ਼ ਸਿੱਧਾ ਹੋਣ ਤੋਂ ਬਾਅਦ ਏਅਰਹੋਸਟਸਾਂ ਖਾਣਾ ਲੈ ਆਈਆਂ। ਇੱਕ ਛੋਟੀ ਜਿਹੀ ਟਰੇਅ ਵਿੱਚ ਖਾਣਾ ਸੀ। ਸਭ ਕੁਝ ਛੋਟੀ-ਛੋਟੀ ਪੈਕਿੰਗ ਵਿੱਚ ਸੀ। ਮੈਨੂੰ ਪਤਾ ਨਾ ਲੱਗੇ ਕਿ ਇਸ ਨੂੰ ਖਾਣਾ ਕਿਸ ਤਰ੍ਹਾਂ ? ਮੈਂ ਚੁੱਪ ਕਰ ਕੇ ਬੈਠਾ ਰਿਹਾ ਤੇ ਨਾਲ਼ ਬੈਠੇ ਪਾਕਿਸਤਾਨੀ ਪਿਓ-ਪੁੱਤ ਵੱਲ ਵੇਖ ਕੇ ਨਕਲ ਮਾਰਦਾ ਰਿਹਾ। ਇੱਕ ਛੋਟੀ ਜਿਹੀ ਮੱਖਣ ਦੀ ਟਿੱਕੀ ਸੀ, ਇੱਕ ਛੋਟੀ ਜਿਹੀ ਜੈਮ ਦੀ ਡੱਬੀ ਸੀ, ਇੱਕ ਛੋਟਾ ਜਿਹਾ ਬਰੈੱਡ ਦਾ ਪੀਸ ਸੀ, ਨਾਲ਼ ਪਲਾਸਟਿਕ ਦਾ ਇੱਕ ਚਾਕੂ ਜਿਹਾ ਸੀ। ਮੈਂ ਉਹਨਾਂ ਦੀ ਨਕਲ ਮਾਰ ਕੇ ਚਾਕੂ ਨਾਲ਼ ਬਰੈੱਡ ਕੱਟਿਆ ਫਿਰ ਵਿੱਚ ਮੱਖਣ ਤੇ ਜੈਮ ਲਾ ਕੇ ਉਸ ਨੂੰ ਖਾ ਲਿਆ। ਨਾਲ਼ ਛੋਟਾ ਜਿਹਾ ਜੂਸ ਦਾ ਗਲਾਸ ਸੀ। ਪਾਕਿਸਤਾਨੀ ਵੀ ਜਾਣ ਗਏ ਸਨ ਕਿ ਬੰਦਾ ਪਹਿਲੀ ਵਾਰ ਸਫ਼ਰ ਕਰਨ ਲੱਗਾ ਲੱਗਦਾ।

ਘੰਟੇ ਕੁ ਬਾਅਦ ਜਹਾਜ਼ ਕਰਾਚੀ ਏਅਰਪੋਰਟ 'ਤੇ ਲੈਂਡ ਕਰ ਗਿਆ। ਕਰਾਚੀ ਏਅਰਪੋਰਟ 'ਤੇ ਉਰਦੂ ਅਤੇ ਪੰਜਾਬੀ ਬੋਲਦੇ ਪਾਕਿਸਤਾਨੀ ਬੰਦਿਆਂ ਨਾਲ਼ ਗੱਲਬਾਤ ਕਰਨ ਦਾ ਮੌਕਾ ਮਿਲਿਆ। ਏਅਰਪੋਰਟ 'ਤੇ ਹੀ ਬਣੇ ਇੱਕ ਰੈਸਟੋਰੈਂਟ ਵਿੱਚ ਇੱਕ ਕੱਪ ਚਾਹ ਪੀਤੀ ਅਤੇ ਨਾਲ਼ ਪੰਜਾਬੀ ਮੱਠੀ ਜਿਸ ਵਿੱਚ ਸਾਬਤ ਕਾਲੀ ਮਿਰਚ ਸੀ, ਖਾਧੀ।

ਫਿਰ ਸਾਡੀ ਪੈਰਿਸ ਜਾਣ ਵਾਲ਼ੀ ਫਲਾਈਟ ਦਾ ਸਮਾਂ ਹੋ ਗਿਆ। ਮੈਂ ਸਮੇਂ ਸਿਰ ਹੀ ਨੇੜੇ ਪਹੁੰਚ ਗਿਆ। ਕਰਾਚੀ ਤੋਂ 'ਪਾਕਿਸਤਾਨ ਏਅਰ ਲਾਈਨਜ਼' ਦਾ ਵੱਡਾ ਜਹਾਜ਼ ਪੈਰਿਸ ਜਾਣ ਲਈ ਤਿਆਰ ਖੜ੍ਹਾ ਸੀ। ਸਾਰੀਆਂ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਜਹਾਜ਼ ਵਿੱਚ ਸਵਾਰ ਹੋ ਗਏ। ਦੱਸੇ ਸਮੇਂ ਅਨੁਸਾਰ ਐਨ ਪੂਰੇ ਸਮੇਂ 'ਤੇ ਜਹਾਜ਼ ਕਰਾਚੀ ਤੋਂ ਉੱਡ ਪਿਆ।

ਕੋਈ ਸੱਤ ਕੁ ਘੰਟੇ ਦੀ ਉਡਾਣ ਸੀ। ਜਹਾਜ਼ ਪੈਰਿਸ ਲੈਂਡ ਕਰ ਗਿਆ, ਲੈਂਡ ਕਰਨ ਤੋਂ ਬਾਅਦ ਜਹਾਜ਼ ਦਾ ਅਮਲਾ ਪਾਇਲਟ ਅਤੇ ਏਅਰਹੋਸਟਸ ਵਗੈਰਾ ਆਪਣੇ ਰਸਤੇ ਪੈ ਗਏ ਅਤੇ ਅਸੀਂ ਕੋਈ 35-40 ਕੁ ਪੰਜਾਬੀ ਮੁੰਡੇ ਇਮੀਗ੍ਰੇਸ਼ਨ ਕਰਾ ਕੇ ਇੱਕ ਹਾਲ ਵਿੱਚ ਬੈਠ ਗਏ। ਸਾਡੇ ਕੋਲ਼ ਪੈਰਿਸ ਏਅਰਪੋਰਟ ਦਾ ਸੁਰੱਖਿਆ ਅਮਲਾ ਆਇਆ ਤਾਂ ਉਹਨਾਂ ਸਾਡੀ ਪੁੱਛ-ਪੜਤਾਲ ਕੀਤੀ।

ਓਥੇ ਹੁਣ ਭਾਸ਼ਾ ਦੀ ਤੰਗੀ ਸੀ। ਓਥੇ ਫਰੈਂਚ ਭਾਸ਼ਾ ਚੱਲਦੀ ਸੀ, ਪਰ ਸਾਡੇ ਵਿੱਚ ਇੱਕ

ਐਮ.ਏ. ਪੜ੍ਹਿਆ ਮੁੰਡਾ ਸੀ। ਉਹ ਵੀ ਇੱਕ ਅੰਗਰੇਜ਼ੀ ਬੋਲਣ ਵਾਲਾ ਬੰਦਾ ਲੈ ਆਏ ਤਾਂ ਕੰਮ ਚੱਲ ਗਿਆ। ਪਰ ਸਾਡੇ 'ਤੇ ਉਹਨਾਂ ਨੇ ਸੁਰੱਖਿਆ ਅਮਲਾ ਲਾ ਦਿੱਤਾ ਕਿਉਂਕਿ ਪੈਰਿਸ ਏਅਰਪੋਰਟ ਤੋਂ ਕਾਫ਼ੀ ਪੰਜਾਬੀ ਮੁੰਡੇ ਭੱਜ ਜਾਂਦੇ ਸਨ। ਇਸ ਕਰਕੇ ਉਹਨਾਂ ਸਾਡੇ ਉੱਤੇ ਸਖਤੀ ਕਰ ਦਿੱਤੀ ਸੀ। ਪੈਰਿਸ ਏਅਰਪੋਰਟ ਤੋਂ ਸਾਨੂੰ ਇੱਕ ਬੱਸ ਵਿੱਚ ਬਿਠਾ ਕੇ ਸਾਰੇ ਪੰਜਾਬੀ ਮੁੰਡਿਆਂ ਨੂੰ ਇੱਕ ਛੋਟੇ ਏਅਰਪੋਰਟ 'ਤੇ ਲਿਜਾਇਆ ਗਿਆ। ਓਥੋਂ ਸਾਡਾ ਜਹਾਜ਼ ਚੈਕੋਸਲਵਾਕੀਆ ਦੀ ਰਾਜਧਾਨੀ 'ਪਰਾਗ' ਜਾਣਾ ਸੀ। ਓਥੇ ਲਿਜਾ ਕੇ ਵੇਟਿੰਗ ਹਾਲ ਵਿੱਚ ਸਾਨੂੰ ਸਾਰਿਆਂ ਨੂੰ ਬਿਠਾ ਕੇ ਫਿਰ ਸਾਡੇ ਉੱਤੇ ਸਕਿਓਰਿਟੀ ਲਾ ਦਿੱਤੀ ਗਈ। ਸਾਨੂੰ ਕਿਸੇ ਨੂੰ ਪਿਸ਼ਾਬ ਕਰਨ ਜਾਣਾ ਵੀ ਮਨ੍ਹਾ ਸੀ। ਅਸੀਂ ਕਈ ਵਾਰ ਪੁਲੀਸ ਵਾਲਿਆਂ ਨੂੰ ਪਿਸ਼ਾਬ ਕਰਨ ਲਈ ਪੁੱਛਿਆ ਪਰ ਉਹਨਾਂ ਨੇ ਮਨ੍ਹਾ ਕਰ ਦਿੱਤਾ। ਸਾਰੇ ਬੜੇ ਤੰਗ ਸੀ ਪਰ ਪੁਲੀਸ ਵਾਲੇ ਸਾਨੂੰ ਹਿੱਲਣ ਨਹੀਂ ਦਿੰਦੇ ਸੀ। ਅਸੀਂ ਸਾਰਿਆਂ ਨੇ ਸਬਰ ਕਰ ਲਿਆ ਕਿ ਜਦ ਤਕ ਸਾਡਾ ਪਰਾਗ ਜਾਣ ਵਾਲਾ ਜਹਾਜ਼ ਨਹੀਂ ਲੱਗਦਾ, ਜਹਾਜ਼ ਵਿੱਚ ਚੜ੍ਹ ਕੇ ਹੀ ਪਿਸ਼ਾਬ ਕਰਾਂਗੇ।

ਏਅਰਪੋਰਟ ਦੇ ਅੰਦਰ ਬੈਠਿਆਂ ਨੂੰ ਸ਼ੀਸ਼ੇ ਰਾਹੀਂ ਸਾਨੂੰ ਏਅਰਹੋਸਟਸਾਂ ਆਪਣੀ ਤਿਆਰੀਆਂ ਕਰਦੀਆਂ ਦਿੱਸ ਰਹੀਆਂ ਸਨ। ਥੋੜ੍ਹੇ ਸਮੇਂ ਬਾਅਦ ਬੋਰਡਿੰਗ ਹੋਣ ਲੱਗ ਪਈ। ਹੌਲ਼ੀ-ਹੌਲ਼ੀ ਸਾਰੇ ਜਣੇ ਜਹਾਜ਼ ਵਿੱਚ ਬੈਠਚ ਲੱਗ ਪਏ। ਐਮ.ਏ. ਪੜ੍ਹੇ ਮੁੰਡੇ ਨੇ ਜਹਾਜ਼ ਦੇ ਅਮਲੇ ਨਾਲ਼ ਗੱਲ ਕਰ ਕੇ ਪਹਿਲਾਂ ਸਾਰਿਆਂ ਲਈ ਪਿਸ਼ਾਬ ਕਰਨ ਦੀ ਇਜਾਜ਼ਤ ਲੈ ਲਈ ਤਾਂ ਸਾਰਿਆਂ ਨੂੰ ਸੁੱਖ ਦਾ ਸਾਹ ਜਿਹਾ ਆਇਆ। ਜਹਾਜ਼ ਵਿੱਚ ਤਕਰੀਬਨ ਅਸੀਂ ਸਾਰੇ ਪੰਜਾਬੀ ਮੁੰਡੇ ਹੀ ਸਾਂ। ਕੁਝ ਕੁ ਥੋੜ੍ਹੀ ਸਿਆਣੀ ਉਮਰ ਦੇ ਬੰਦੇ ਵੀ ਸਨ। 40-42 ਜਣਿਆਂ ਵਿੱਚੋਂ ਕੋਈ 7-8 ਕੁ ਸਰਦਾਰ ਦਸਤਾਰਾਂ ਵਾਲ਼ੇ ਸਨ। ਕਈਆਂ ਦੀ ਦਾੜ੍ਹੀ ਕੱਟੀ ਹੋਈ ਸੀ ਅਤੇ ਕਈ ਸਾਬਤ-ਸੂਰਤ ਸਨ।

ਫਰਾਂਸ ਦੇ 'ਉਰਲੀ' ਏਅਰਪੋਰਟ ਤੋਂ ਜਹਾਜ਼ ਉੱਡ ਕੇ ਕੋਈ ਡੇਢ ਕੁ ਘੰਟੇ ਵਿੱਚ 'ਪਰਾਗ' ਪਹੁੰਚ ਗਿਆ। ਇਮੀਗ੍ਰੇਸ਼ਨ ਹੋਈ ਅਤੇ ਬਾਅਦ ਵਿੱਚ ਅਸੀਂ ਬਾਹਰ ਆਏ ਤੇ ਕਈਆਂ ਨੂੰ ਅੰਦਰ ਹੋਰ ਸਮਾਂ ਵੀ ਲੱਗ ਗਿਆ। ਸੁਣਨ ਵਿੱਚ ਆਇਆ ਕਿ ਏਅਰਪੋਰਟ 'ਤੇ ਹੀ ਤਿੰਨ-ਚਾਰ ਮੁੰਡਿਆਂ ਦੇ ਕੇਸ ਤੇ ਦਾੜ੍ਹੀਆਂ ਕੱਟ ਦਿੱਤੇ ਗਏ। ਕਾਰਨ ਇਹ ਦੱਸਿਆ ਗਿਆ ਕਿ ਜੋ ਪਾਸਪੋਰਟ 'ਤੇ ਫ਼ੋਟੋ ਸੀ, ਉਸ ਨਾਲ਼ ਉਹਨਾਂ ਦੇ ਚਿਹਰੇ ਨਹੀਂ ਮਿਲ਼ਦੇ ਸਨ ਕਿਉਂਕਿ ਕਈਆਂ ਨੇ 18, 19 ਜਾਂ 20 ਸਾਲ ਦੀ ਉਮਰ ਵਿੱਚ ਪਾਸਪੋਰਟ ਬਣਵਾਏ ਸਨ। ਪਾਸਪੋਰਟ ਦਸ ਸਾਲ ਦਾ ਹੁੰਦਾ, ਜਿਨ੍ਹਾਂ ਦੀ ਉਮਰ ਜ਼ਿਆਦਾ ਹੋ ਗਈ ਸੀ, ਉਹਨਾਂ ਦੇ ਭਰਵੀਂ ਦਾੜ੍ਹੀ ਆ ਗਈ ਸੀ। ਜੋ ਹੋਇਆ, ਸੋ ਹੋਇਆ ਪਰ ਸੁਣ ਕੇ ਮਨ ਨੂੰ ਬੜਾ ਦੁੱਖ ਲੱਗਿਆ।

ਏਅਰਪੋਰਟ ਤੋਂ ਬਾਹਰ ਨਿਕਲ਼ੇ ਤਾਂ ਜੋ ਏਜੰਟ ਨੇ 'ਟੀਟੂ' ਨਾਂ ਦੇ ਮੁੰਡੇ ਬਾਰੇ ਦੱਸਿਆ ਸੀ ਉਹ ਮੈਨੂੰ ਤੇ ਮੇਰੇ ਵਾਲ਼ੇ ਏਜੰਟ ਦੇ ਹੋਰ ਮੁੰਡਿਆਂ ਨੂੰ ਲੈਣ ਵਾਸਤੇ ਕਾਰ ਵਿੱਚ ਆਇਆ

ਹੋਇਆ ਸੀ। ਸਾਨੂੰ ਇੱਕ ਕਾਰ ਵਿੱਚ ਬਿਠਾ ਕੇ ਟੀਟੂ ਆਪ ਡਰਾਈਵ ਕਰ ਕੇ ਪਰਾਗ ਸ਼ਹਿਰ ਵਿੱਚ ਕਿਸੇ ਜਗ੍ਹਾ 'ਤੇ ਲੈ ਗਿਆ। ਪੰਜ ਮੀਟਰ ਵਾਲੀ ਕਾਰ ਸੀ, ਤਿੰਨ ਜਣੇ ਉਸ ਨੇ ਹੋਰ ਬਿਠਾਏ ਸਨ।

ਸਾਡੀ ਰਿਹਾਇਸ਼ ਇੱਕ ਘਰ ਵਿੱਚ ਕਰਵਾਈ ਗਈ। ਉਸ ਘਰ ਵਿੱਚ ਉਪਰਲੀ ਮੰਜ਼ਿਲ 'ਤੇ ਇੱਕ ਮਾਈ-ਬਾਬਾ ਰਹਿੰਦੇ ਸਨ। ਮਾਈ-ਬਾਬਾ ਚੈਕੋਸਲਵਾਕੀਆ ਮੂਲ ਦੇ ਸਨ। ਉਸ ਘਰ ਵਿੱਚ ਸਾਡੇ ਤੋਂ ਪਹਿਲਾਂ ਵੀ ਕੁਝ ਮੁੰਡੇ ਆਏ ਹੋਏ ਸਨ। ਸਾਨੂੰ ਉਥੇ ਛੱਡ ਕੇ ਏਜੰਟ ਆਪ ਕਿਤੇ ਚਲਿਆ ਗਿਆ। ਅਸੀਂ ਕੁਝ ਸਮਾਂ ਅਰਾਮ ਕੀਤਾ, ਥਕਾਵਟ ਹੋਈ ਪਈ ਸੀ। ਫਿਰ ਵਾਰੀ-ਵਾਰੀ ਸਾਰਿਆਂ ਨੇ ਨਹਾਤਾ।

ਸ਼ਾਮ ਦਾ ਸਮਾਂ ਹੋ ਗਿਆ ਸੀ। ਖਾਣ ਲਈ ਆਲੂ ਮਟਰ ਅਤੇ ਚੌਲ ਹੀ ਮਿਲੇ ਸਨ। ਮੈਨੂੰ ਬਾਥਰੂਮ ਵਿੱਚ ਠੰਢੇ-ਗਰਮ ਪਾਣੀ ਦਾ ਹਿਸਾਬ ਨਹੀਂ ਸੀ। ਮੈਂ ਠੰਢੇ ਪਾਣੀ ਨਾਲ ਨਹਾ ਲਿਆ ਤਾਂ ਮੈਨੂੰ ਬੁਖਾਰ ਹੋ ਗਿਆ। ਫਿਰ ਮੁੰਡਿਆਂ ਨੇ ਸਮਝਾਇਆ ਸਾਰਾ ਸਿਸਟਮ।

ਖ਼ੈਰ, ਤੀਜੇ ਕੁ ਦਿਨ ਮੈਂ ਠੀਕ ਹੋ ਗਿਆ। ਪੰਜਾਬੀ ਬੰਦੇ ਫਿਰ ਆਪਣੇ ਥੋੜ੍ਹੇ ਜੌਹਰ ਤਾਂ ਵਿਖਾਉਂਦੇ ਹੀ ਹਨ ਹਰ ਜਗ੍ਹਾ ਜਾ ਕੇ। ਸਾਡਾ ਚਾਰ ਕੁ ਜਣਿਆਂ ਦਾ ਗਰੁੱਪ ਬਣ ਗਿਆ। ਇੱਕ ਮੈਂ, ਦੋ ਗੁਰਦਾਸਪੁਰ ਜ਼ਿਲ੍ਹੇ ਤੋਂ ਸੀ ਸਾਲਾ-ਭਣਵੱਈਆ, ਇੱਕ ਮੁੰਡਾ ਹੋਰ ਸੀ ਉਹ ਵੀ ਗੁਰਦਾਸਪੁਰ ਜ਼ਿਲ੍ਹੇ ਦਾ ਹੀ ਸੀ। ਜੋ ਸਾਲਾ-ਭਣਵੱਈਆ (ਜੀਜਾ) ਸਨ, ਉਹਨਾਂ 'ਚੋਂ ਜੋ ਜੀਜਾ ਸੀ ਮੁੰਡੇ ਦਾ, ਫ਼ੌਜ ਤੋਂ ਰਿਟਾਇਰ ਸੀ। ਉਹ ਪਹਿਲਾਂ ਚਾਰ ਸਾਲ ਜਰਮਨ ਵਿੱਚ ਰਹਿ ਕੇ ਗਿਆ ਸੀ। ਉਸ ਨੂੰ ਜਰਮਨ ਭਾਸ਼ਾ ਆਉਂਦੀ ਸੀ। ਚੈਕੋਸਲਵਾਕੀਆ ਜਰਮਨ ਅਤੇ ਆਸਟਰੀਆ ਦੇ ਨਾਲ਼ ਲੱਗਦਾ ਹੋਣ ਕਰਕੇ ਉਥੋਂ ਦੇ ਲੋਕ ਵੀ ਕਾਫ਼ੀ ਜਰਮਨ ਭਾਸ਼ਾ ਬੋਲ ਅਤੇ ਸਮਝ ਲੈਂਦੇ ਸਨ। ਵੈਸੇ ਉਹਨਾਂ ਦੀ ਆਪਣੀ ਭਾਸ਼ਾ ਹੀ ਉਥੇ ਚੱਲਦੀ ਸੀ।

ਪਹਿਲਾਂ ਅਸੀਂ ਇੱਕ ਖਾਣ-ਪੀਣ ਵਾਲ਼ੇ ਸਟੋਰ ਵਿੱਚੋਂ ਕੁਝ ਚਿਪਸ ਬਿਸਕੁਟ ਬ੍ਰੈਂਡ ਵਗੈਰਾ ਲਏ। ਡਾਲਰ ਇੱਕ ਬੈਂਕ ਵਿੱਚੋਂ ਤੁੜਵਾ ਕੇ ਥੋੜ੍ਹੀ ਉਥੋਂ ਦੀ ਕਰੰਸੀ 'ਕਰੋਨ' ਲੈ ਲਈ। ਉਸ ਦੇ ਤਕਰੀਬਨ ਇੰਡੀਆ ਕੁ ਜਿੰਨੇ ਹੀ ਪੈਸੇ ਬਣਦੇ ਸਨ। ਖਾਣ-ਪੀਣ ਦਾ ਸਮਾਨ ਆਪਣੇ ਕਮਰੇ ਵਿੱਚ ਰੱਖ ਕੇ ਅਸੀਂ ਫਿਰ 'ਪਰਾਗ' ਸ਼ਹਿਰ ਵੱਲ ਰੁਖ਼ ਕੀਤਾ। ਇੱਕ ਦੁਕਾਨ ਤੋਂ ਨਕਸ਼ਾ ਲੈ ਕੇ ਅਸੀਂ ਆਪਣੇ ਮਕਾਨ ਦਾ ਨੰਬਰ ਅਤੇ ਸਟਰੀਟ ਦੇ ਨਾਂ ਦੀ ਨਿਸ਼ਾਨੀ ਲਾ ਲਈ ਕਿ ਕਿਤੇ ਭੁੱਲ ਨਾ ਜਾਈਏ।

ਸਾਰਿਆਂ ਵਿੱਚੋਂ ਮੈਂ ਇਕੱਲਾ ਸਰਦਾਰ ਸੀ। ਬਾਕੀ ਸਾਰੇ ਮੋਨੇ ਸਨ। ਫ਼ੌਜੀ ਹੋਰੀਂ ਮੈਨੂੰ 'ਗਿਆਨੀ' ਕਹਿ ਕੇ ਬੁਲਾਉਣ ਲੱਗ ਪਏ। ਫਿਰ ਅਸੀਂ ਉਥੇ ਦੀਆਂ ਬੱਸਾਂ ਦਾ ਸਿਸਟਮ ਸਮਝਿਆ। ਨੰਬਰ ਵਗੈਰਾ ਨੋਟ ਕਰ ਲਏ। ਓਧਰ ਜਦੋਂ ਕਮਰੇ ਵਿੱਚ ਆਉਣਾ ਤਾਂ ਜੋ ਸਾਡੇ ਤੋਂ ਪਹਿਲਾਂ ਮੁੰਡੇ ਆਏ ਹੋਏ ਸਨ, ਉਹਨਾਂ ਨੇ ਬਹੁਤ ਡਰਾਉਣਾ। ਕਿਉਂਕਿ ਦੋ ਨੰਬਰ ਵਿੱਚ ਚੈਕੋਸਲਵਾਕੀਆ ਤੋਂ ਜਰਮਨ ਦਾ ਬਾਰਡਰ ਪਾਰ ਕਰਨਾ ਸੀ। ਉਹ ਮੁੰਡੇ ਕਹਿੰਦੇ ਜੀ ਅਸੀਂ

ਚਾਰ-ਚਾਰ ਡੌਂਕੀਆਂ ਲਾ ਚੁੱਕੇ ਹਾਂ। (ਦੋ ਨੰਬਰ 'ਚ ਬਾਰਡਰ ਟੱਪਣ ਨੂੰ ਡੌਂਕੀ ਲਾਉਣਾ ਕਹਿੰਦੇ ਸਨ) ਕੋਈ ਕਹਿੰਦਾ ਜੀ ਅਸੀਂ ਅੱਠ ਵਾਰ ਕੋਸ਼ਿਸ਼ ਕਰ ਚੁੱਕੇ ਹਾਂ ਹੁਣ ਸਖ਼ਤੀ ਬਹੁਤ ਹੋ ਗਈ ਹੈ। ਅਸੀਂ ਵੀ ਸੁਣ ਕੇ ਘਬਰਾ ਜਾਣਾ।

ਛੇ ਕੁ ਦਿਨ ਸਾਨੂੰ ਪਰਾਗ ਪਹੁੰਚਿਆਂ ਹੋ ਗਏ ਸਨ।

ਇੱਕ ਦਿਨ ਅਸੀਂ ਫ਼ੌਜੀ, ਉਸ ਦਾ ਸਾਲ਼ਾ ਅਤੇ ਚੌਥਾ ਮੁੰਡਾ ਇੱਕ ਯੂਨੀਵਰਸਿਟੀ ਵਿੱਚ ਚਲੇ ਗਏ। ਓਥੋਂ ਦੇ ਮੁੰਡੇ-ਕੁੜੀਆਂ ਨੇ ਸ਼ਾਇਦ ਸਰਦਾਰ ਬੰਦਾ ਪਹਿਲੀ ਵਾਰ ਵੇਖਿਆ ਸੀ। ਉਹ ਮੈਨੂੰ ਵੇਖ ਕੇ ਬਹੁਤ ਖ਼ੁਸ਼ ਹੋਏ। ਉਹਨਾਂ ਸਾਨੂੰ ਪੁੱਛਿਆ ਤੁਸੀਂ ਕਿੱਥੋਂ ਦੇ ਹੋ, ਅਸੀਂ ਦੱਸ ਦਿੱਤਾ ਇੰਡੀਆ ਤੋਂ।

ਕਾਫ਼ੀ ਮੁੰਡੇ-ਕੁੜੀਆਂ ਸਾਡੇ ਦੁਆਲ਼ੇ ਇਕੱਠੇ ਹੋ ਗਏ। ਕਈਆਂ ਕੋਲ਼ ਕੈਮਰੇ ਸਨ ਉਹ ਥੋੜ੍ਹੇ-ਥੋੜ੍ਹੇ ਕਰਕੇ ਮੇਰੇ ਨਾਲ਼ ਫ਼ੋਟੋਆਂ ਖਿਚਵਾਉਣ ਲੱਗ ਪਏ। ਪਹਿਲਾਂ ਉਹਨਾਂ ਪੁੱਛਿਆ ਕਿ ਤੈਨੂੰ ਕੋਈ ਇਤਰਾਜ਼ ਤਾਂ ਨਹੀਂ, ਮੈਂ ਕਹਿ ਦਿੱਤਾ ਨਹੀਂ। ਫ਼ੌਜੀ ਵੀਰ ਹੋਰੀਂ ਵੀ ਬੜੇ ਖ਼ੁਸ਼ ਹੋਣ। ਕਈ ਮੁੰਡੇ-ਕੁੜੀਆਂ ਤਾਂ ਨੱਚਣ ਹੀ ਲੱਗ ਪਏ, ਵਾਹਵਾ ਹਾਸਾ-ਮਖੌਲ ਹੋਇਆ। ਫਿਰ ਸ਼ਾਮਾਂ ਦੇ ਸਮੇਂ ਖਾਣੇ ਦੇ ਸਮੇਂ 'ਤੇ ਅਸੀਂ ਵਾਪਸ ਆਪਣੇ ਮਕਾਨ ਵਿੱਚ ਆ ਗਏ।

18 ਅਕਤੂਬਰ 1990 ਹੋ ਚੁੱਕਾ ਸੀ। ਘਰ ਵਿੱਚ ਪਹੁੰਚ ਕੇ ਪਤਾ ਚੱਲਿਆ ਕਿ ਕੱਲ੍ਹ ਨੂੰ ਯਾਨੀ 19 ਅਕਤੂਬਰ ਨੂੰ ਦੀਵਾਲ਼ੀ ਹੈ। ਹੁਣ ਫ਼ੌਜੀ ਹੋਰੀ ਪੈੱਗ-ਸ਼ੈੱਗ ਲਾਉਣ ਵਾਲ਼ੇ ਬੰਦੇ ਸਨ। ਫ਼ੌਜੀ ਹੋਰੀਂ ਫੁਰਤੀ ਮਾਰ ਕੇ ਆਪਣਾ ਦਾਰੂ-ਸਿੱਕਾ, ਕੋਕਾ ਕੋਲਾ, ਨਮਕੀਨ, ਵਗੈਰਾ ਲੈ ਆਏ ਤੇ ਮੈਨੂੰ ਕਹਿੰਦੇ ਅਸੀਂ ਇੱਕ ਪਹਾੜੀ ਜਿਹੀ ਵੇਖੀ ਹੋਈ ਹੈ। ਥੱਲੇ ਝੀਲ ਹੈ, ਕਾਫ਼ੀ ਟੂਰਿਸਟ ਵੀ ਓਥੇ ਆਇਆ ਹੁੰਦਾ। ਆਪਾਂ ਓਥੇ ਚਲਣਾ, ਕੱਲ੍ਹ ਨੂੰ ਦੀਵਾਲ਼ੀ ਮਨਾਵਾਂਗੇ। ਮੈਂ ਕਿਹਾ ਫ਼ੌਜੀ ਵੀਰੇ ਤੁਸੀਂ ਖਾਣਾ ਪੀਣਾ ਆਪਣਾ ਓਥੇ, ਮੈਂ ਸੌਫ਼ੀ ਬੰਦਾ ਮੈਨੂੰ ਘਰੇ ਹੀ ਰਹਿਣ ਦਿਓ ਤਾਂ ਸਾਰੇ ਜਣੇ ਮੇਰਾ ਖਹਿੜਾ ਕਰਨ ਲੱਗ ਗਏ। ਫ਼ੌਜੀ ਕਹਿੰਦਾ 'ਗਿਆਨੀ! ਫੇਰ ਯਾਰੀ ਤਾਂ ਨਾ ਹੋਈ, ਚੱਲ ਤੂੰ ਕੋਕਾ ਕੋਲਾ ਪੀ ਲਵੀਂ..।' ਮੈਨੂੰ ਉਹਨਾਂ ਮਨਾ ਹੀ ਲਿਆ।

ਦੂਜੇ ਦਿਨ ਕੋਈ ਦੁਪਹਿਰ ਦੇ ਇੱਕ-ਦੋ ਵਜੇ ਦੇ ਕਰੀਬ, ਅਸੀਂ ਸਾਰੇ ਓਥੇ ਪਹਾੜੀ 'ਤੇ ਪਹੁੰਚ ਗਏ। ਕਾਫ਼ੀ ਰਮਣੀਕ ਜਗ੍ਹਾ ਸੀ। ਫ਼ੌਜੀ ਹੁਰਾਂ ਇੱਕ ਜਗ੍ਹਾ ਡੇਰਾ ਲਾ ਲਿਆ ਤੇ ਮੈਂ ਕਿਹਾ ਮੈਂ ਥੋੜ੍ਹਾ ਘੁੰਮ-ਫਿਰ ਕੇ ਆਇਆ। ਅੱਧੇ ਕੁ ਘੰਟੇ ਬਾਅਦ ਆਲ਼ਾ-ਦੁਆਲ਼ਾ ਵੇਖ ਕੇ ਮੈਂ ਵੀ ਫ਼ੌਜੀ ਵੀਰੇ ਹੋਰਾਂ ਕੋਲ਼ ਬੈਠ ਗਿਆ। ਉਹਨਾਂ ਨੇ ਇੱਕ ਪਲਾਸਟਿਕ ਦੇ ਗਿਲਾਸ ਵਿੱਚ ਮੈਨੂੰ ਕੋਕਾ ਕੋਲਾ ਪਾ ਕੇ ਫੜਾ ਦਿੱਤੀ। ਗੱਪਾਂ-ਸ਼ੱਪਾਂ ਮਾਰਦਿਆਂ ਸਮਾਂ ਤਿੰਨ ਕੁ ਵਜੇ ਤੋਂ ਉੱਪਰ ਹੋ ਗਿਆ ਤਾਂ ਏਜੰਟ ਦਾ ਸੁਨੇਹਾ ਆ ਗਿਆ ਕਿ ਸਾਰੇ ਜਣੇ ਸੂਰਜ ਛਿਪਣ ਤਕ ਵਾਪਸ ਆਪਣੇ ਟਿਕਾਣੇ 'ਤੇ ਪਹੁੰਚ ਜਾਓ, ਅੱਜ ਰਾਤ ਨੂੰ ਹੀ ਬਾਰਡਰ ਪਾਰ ਕਰਨਾ ਹੈ। ਖਾਣ-ਪੀਣ ਵਾਲ਼ਿਆਂ ਦਾ ਥੋੜ੍ਹਾ ਮਜ਼ਾ ਜਿਹਾ ਖ਼ਰਾਬ ਹੋ ਗਿਆ। ਸ਼ਾਮ ਦੇ ਕੋਈ ਛੇ-

ਸੱਤ ਵਜੇ ਦੇ ਕਰੀਬ ਅਸੀਂ ਆਪਣੇ ਟਿਕਾਣੇ 'ਤੇ ਪਹੁੰਚ ਗਏ। ਅਸੀਂ ਥੋੜ੍ਹੇ ਲੇਟ ਸੀ ਬਾਕੀ ਸਾਰੇ ਪਹਿਲਾਂ ਪਹੁੰਚ ਚੁੱਕੇ ਸੀ। ਸਾਡੇ ਪਹੁੰਚਣ ਤੋਂ ਪਹਿਲਾਂ ਜਿਹੜੇ ਪੰਜ-ਛੇ ਸਰਦਾਰ ਮੁੰਡੇ ਸਨ ਉਹਨਾਂ ਦੇ ਕੇਸ ਕਤਲ ਕਰ ਦਿੱਤੇ ਗਏ ਸਨ। ਟੀਟੂ ਏਜੰਟ ਕੁਰਸੀ 'ਤੇ ਬੈਠਾ ਸੀ, ਦਿੱਲੀ ਦਾ ਬੰਦਾ ਸੀ। ਪੰਜਾਬੀ ਬੋਲਦਾ ਸੀ, ਬਾਕੀ ਸਾਰੇ ਜਣੇ ਥੱਲੇ ਬੈਠੇ ਸਨ।

ਟੀਟੂ ਕਹਿੰਦਾ ਤੁਸੀਂ ਲੇਟ ਆਏ ਹੋ ਇਸ ਕਰਕੇ ਤੁਹਾਨੂੰ ਦੁਬਾਰਾ ਸਾਰਾ ਸਿਸਟਮ ਸਮਝਾ ਦਿੰਦੇ ਹਾਂ। ਉਸ ਦੇ ਨਾਲ ਤਿੰਨ ਚੈਕੋਸਲਵਾਕੀਆ ਦੇ ਗੋਰੇ ਖੜ੍ਹੇ ਸਨ। ਟੀਟੂ ਕਹਿੰਦਾ "ਆਹ ਤਿੰਨ ਗੋਰੇ ਤੁਹਾਨੂੰ ਬਾਰਡਰ ਪਾਰ ਕਰਾਉਣਗੇ। ਨਵਾਂ ਰਸਤਾ ਲੱਭਿਆ ਹੈ। ਕੋਲ ਕੋਈ ਵੀ ਪੇਪਰ-ਪਾਸਪੋਰਟ ਵਗੈਰਾ ਨਹੀਂ ਲਿਜਾ ਸਕਦੇ। ਰਸਤੇ ਵਿੱਚ ਕੋਈ ਵੀ ਪੇਪਰ ਵਗੈਰਾ ਬੱਲੇ ਨਹੀਂ ਸੁੱਟਣਾ। ਫ਼ੌਜੀ ਦੋ-ਭਾਸ਼ੀਏ ਦਾ ਕੰਮ ਕਰੇਗਾ, ਗੋਰੇ ਫ਼ੌਜੀ ਨੂੰ ਜੋ ਵੀ ਦੱਸਣਗੇ ਉਹ ਫ਼ੌਜੀ ਅੱਗੋਂ ਤੁਹਾਨੂੰ ਸਾਰਿਆਂ ਨੂੰ ਦੱਸ ਦੇਵੇਗਾ।"

ਟੀਟੂ ਮੇਰੇ ਵੱਲ ਇਸ਼ਾਰਾ ਕਰ ਕੇ ਕਹਿੰਦਾ "ਸਿੰਘ ਸਾਹਬ ਵਾਲ ਕਟਾਉਣੇ ਪੈਣੇ, ਸਾਰਿਆਂ ਨੇ ਕਟਾ ਲਏ ਹਨ...।"

ਮੈਂ ਕਿਹਾ "ਭਾਅਜੀ ਮੈਂ ਨਹੀਂ ਕਟਾਉਣੇ।"

ਕਹਿੰਦਾ "ਪਹਿਲਾਂ ਜਿੰਨੇ ਸਾਡੇ ਬੰਦੇ ਡਿਪੋਰਟ ਹੋਏ ਹਨ ਅਸੀਂ ਸਭ ਨੂੰ ਉਨੇ ਹੀ ਪੈਸਿਆਂ ਨਾਲ਼ ਵਾਪਸ ਲਿਆਂਦਾ ਹੈ, ਜਿੰਨੇ ਪੈਸਿਆਂ 'ਚ ਉਹਨਾਂ ਨਾਲ਼ ਇੰਡੀਆ 'ਚ ਡੀਲ ਹੋਈ ਸੀ, ਅਗਰ ਤੂੰ ਡਿਪੋਰਟ ਹੋਇਆਂ ਅਸੀਂ ਦਸ ਹਜ਼ਾਰ ਹੋਰ ਲੈਣਾ..।"

ਮੈਂ ਕਿਹਾ "ਜੀ ਮਨਜ਼ੂਰ ਹੈ ਪਰ ਮੈਂ ਵਾਲ ਨਹੀਂ ਕਟਾ ਸਕਦਾ...।"

ਫ਼ੌਜੀ ਕਹਿੰਦਾ, "ਗਿਆਨੀ ਲੱਗਦੈ ਤੂੰ ਸਾਨੂੰ ਵੀ ਮਰਵਾਏਂਗਾ...।"

ਹੋਰ ਮੁੰਡੇ ਵੀ ਮੇਰੇ ਉੱਤੇ ਦਬਾਅ ਪਾਉਣ ਲੱਗੇ ਪਰ ਮੈਂ ਅੜ ਗਿਆ।

ਫਿਰ ਟੀਟੂ ਕਹਿੰਦਾ "ਇੱਕ ਸ਼ਰਤ ਆ ਫਿਰ, ਵੱਡੀ ਦਸਤਾਰ ਲਾਹ ਕੇ ਛੋਟਾ ਪਰਨਾ ਬੰਨ੍ਹ ਲਵੀਂ।"

ਮੈਂ ਕਿਹਾ "ਠੀਕ ਆ।"

ਕਾਫ਼ੀ ਜਣੇ ਬੁੜ-ਬੁੜ ਕਰ ਰਹੇ ਸਨ "ਆਹ ਗਿਆਨੀ ਬੜਾ ਸਖ਼ਤ ਨਿਕਲਿਆ, ਲੱਗਦੈ ਇਕੱਲਾ ਹੀ ਸਾਡੀਆਂ ਬੇੜੀਆਂ ਵਿੱਚ ਵੱਟੇ ਪਾਊ।"

ਮੈਂ ਕਿਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਅੱਠ ਕੁ ਵਜੇ ਗਏ ਤਾਂ ਟੀਟੂ ਕਹਿੰਦਾ "ਦਸ ਵਜੇ ਟਰੱਕ ਆ ਜਾਣਾ ਤਿਆਰ ਰਹੋ, ਚਲੋ ਹੁਣ ਖਾਣਾ ਖਾ ਲਉ ਫਿਰ ਦਸ ਵਜੇ ਮਿਲ਼ਦੇ ਹਾਂ।"

ਸਾਰਿਆਂ ਨੇ ਖਾਣਾ ਖਾ ਲਿਆ। ਨਾਲ਼ ਕੋਈ ਬੈਗ ਅਟੈਚੀ ਲਿਜਾ ਨਹੀਂ ਸਕਦੇ ਸੀ।

ਸਮਾਂ ਵੀ ਹੁੰਦਾ ਜਾ ਰਿਹਾ ਸੀ, ਤਾਂ ਸਾਰਿਆਂ ਨੇ ਡਬਲ-ਡਬਲ ਕੱਪੜੇ ਪਾ ਲਏ। ਮੈਂ ਵੀ ਦੋ ਕਛਹਿਰੇ, ਦੋ ਪੈਂਟਾਂ, ਦੋ ਕਮੀਜਾਂ, ਦੋ ਬਨੈਣਾਂ, ਦੋ ਕੋਟੀਆਂ, ਉੱਪਰ ਇੱਕ ਜੈਕਟ ਚਾੜ੍ਹ ਲਈ ਅਤੇ ਸਿਰ 'ਤੇ ਘੁੱਟ ਕੇ ਕੇਸਕੀ ਬੰਨ੍ਹ ਲਈ।

ਹੁਣ ਸ਼ੁਰੂ ਹੋਵੇਗੀ ਬਾਰਡਰ ਪਾਰ ਕਰਨ ਦੀ ਕਹਾਣੀ।

• • • • •

ਡੌਂਕੀ ਲਾ ਕੇ ਚੈਕੋਸਲਵਾਕੀਆ ਦਾ ਬਾਰਡਰ ਟੱਪ ਕੇ ਜਰਮਨ ਵਿੱਚ ਪ੍ਰਵੇਸ਼

ਪੂਰੇ ਦਸ ਵਜੇ ਘਰ ਦੇ ਬਾਹਰ ਮੇਨ ਸੜਕ ਉੱਤੇ ਟਰੱਕ ਆ ਕੇ ਖੜ੍ਹਾ ਹੋ ਗਿਆ। ਖਾਣ-ਪੀਣ ਵਾਲੇ ਸਟੋਰਾਂ ਵਿੱਚ ਸਮਾਨ ਪਹੁੰਚਾਉਣ ਵਾਲਾ ਟਰੱਕ ਸੀ ਤੇ ਚਾਰ-ਚੁਫੇਰਿਓਂ ਬੰਦ ਸੀ। ਬੱਸ ਸਿਰਫ਼ ਪਿੱਛੇ ਹਾਈਡਰੋਲਿਕ ਡਾਲਾ ਲੱਗਾ ਸੀ। ਜਿਸ ਨਾਲ਼ ਟਰੱਕ ਪਿੱਛਿਓਂ ਵੀ ਪੂਰਾ ਬੰਦ ਹੋ ਜਾਂਦਾ ਸੀ। ਅਸੀਂ ਕੁਲ ਕਰੀਬ ਚਾਲੀ ਜਣੇ ਸਾਂ। ਪੰਦਰਾਂ ਮਿੰਟ ਬਾਹਰ ਨਿਕਲ਼ਦਿਆਂ, ਪੰਦਰਾਂ ਕੁ ਮਿੰਟ ਟਰੱਕ ਵਿੱਚ ਚੜ੍ਹਦਿਆਂ; ਅੱਧਾ ਕੁ ਘੰਟਾ ਲੱਗ ਗਿਆ। ਪੂਰੇ ਸਾਢੇ ਦੱਸ ਵਜੇ ਟਰੱਕ ਤੁਰ ਪਿਆ।

ਟਰੱਕ ਵਿੱਚ ਸਿਰਫ਼ ਖੜ੍ਹ ਸਕਦੇ ਸਾਂ ਜਾਂ ਥੱਲੇ ਹੀ ਬੈਠ ਸਕਦੇ ਸਾਂ। ਕੋਈ ਤਿੰਨ ਘੰਟੇ ਟਰੱਕ ਚੱਲੀ ਗਿਆ। ਸਾਨੂੰ ਅੰਦਰੋਂ ਕੁਝ ਨਹੀਂ ਸੀ ਪਤਾ ਲੱਗ ਰਿਹਾ ਕਿ ਟਰੱਕ ਕਿੱਧਰ ਨੂੰ ਜਾ ਰਿਹਾ ਹੈ।

ਕਰੀਬ ਰਾਤ ਦੇ ਡੇਢ ਵਜੇ ਉਹਨਾਂ ਨੇ ਟਰੱਕ ਰੋਕ ਕੇ ਪਿੱਛਿਓਂ ਡਾਲਾ ਖੋਲ੍ਹਿਆ ਤੇ ਸਾਨੂੰ ਕਹਿੰਦੇ ਥੱਲੇ ਉੱਤਰ ਜਾਓ। ਅਸੀਂ ਸਾਰੇ ਜਣੇ ਉੱਤਰ ਗਏ। ਗੋਰੇ ਏਜੰਟ ਨੇ ਫ਼ੌਜੀ ਨੂੰ ਸਮਝਾਇਆ- "ਇਹਨਾਂ ਸਭ ਨੂੰ ਕਹਿ ਦੇ ਚਾਰ-ਚਾਰ ਜਣੇ ਇਕੱਠੇ ਹੋ ਕੇ ਇੱਕ ਲਾਈਨ ਬਣਾ ਲਉ। ਅਸੀਂ ਦੋ ਜਣੇ ਤੁਹਾਡੇ ਅੱਗੇ ਅਤੇ ਇੱਕ ਜਣਾ ਪਿੱਛੇ ਹੋਵਾਂਗੇ। ਹੌਲੀ-ਹੌਲੀ ਤੁਰਨਾ ਜ਼ਿਆਦਾ ਖੜਕਾਅ ਨਹੀਂ ਕਰਨਾ।" ਉਹ ਫ਼ੌਜੀ ਨੂੰ ਕਹਿੰਦੇ "ਤੂੰ ਸਭ ਤੋਂ ਅਗਲੀ ਲਾਈਨ ਵਿੱਚ ਆ ਜਾ। (ਫ਼ੌਜੀ ਵੀਰ ਦਾ ਅਸਲ ਨਾਂ ਅਮਰੀਕ ਸਿੰਘ ਸੀ)। ਜਦੋਂ ਅਸੀਂ 'ਸ਼..ਸ਼.ਸ਼.ਸ਼..ਸ਼' ਕਹਾਂਗੇ ਤਾਂ ਤੁਸੀਂ ਸਾਰਿਆਂ ਨੇ ਓਥੇ ਹੀ ਬੈਠ ਜਾਣਾ।"

ਜੰਗਲ ਬੀਆਬਾਨ ਸੀ। ਕੱਚਾ ਰਸਤਾ ਸੀ। ਕਿਤੇ-ਕਿਤੇ ਬੱਜਰੀ ਜਿਹੀ ਵਾਲ਼ਾ ਰਸਤਾ ਆਉਂਦਾ ਸੀ। ਕਰੀਬ ਦੋ ਘੰਟੇ ਪੈਦਲ ਤੁਰਨ ਤੋਂ ਬਾਅਦ ਸਾਨੂੰ ਇੱਕ ਜਗ੍ਹਾ ਲਾਈਟ ਬਲ਼ਦੀ ਦਿੱਸੀ। ਮੈਂ ਵੀ ਫ਼ੌਜੀ ਵੀਰ ਨਾਲ਼ ਅਗਲੀ ਲਾਈਨ ਵਿੱਚ ਸੀ।

ਮੈਂ ਕਿਹਾ "ਫ਼ੌਜੀ ਵੀਰੇ! ਆਹ ਤਾਂ ਪੁਲੀਸ ਦੀ ਚੌਂਕੀ ਜਿਹੀ ਲੱਗਦੀ...।"

ਤਾਂ ਫ਼ੌਜੀ ਕਹਿੰਦਾ "ਬਾਰਡਰ ਹਮੇਸ਼ਾਂ ਪੁਲੀਸ ਦੀ ਚੌਂਕੀ ਦੇ ਨੇੜਿਓਂ ਹੀ ਪਾਰ ਕਰਨਾ ਪੈਂਦੈ...।"

ਸਮਾਂ ਵੀ ਤੜਕੇ ਦੇ ਤਿੰਨ ਕੁ ਵਜੇ ਦਾ ਹੋ ਗਿਆ ਸੀ ਤੇ ਅਸੀਂ ਵੀ ਹੌਲੀ-ਹੌਲੀ ਉਸ ਜਗਦੀ ਲਾਈਟ ਦੇ ਕੋਲ਼ ਨੂੰ ਜਾ ਰਹੇ ਸਾਂ। ਮੈਨੂੰ ਅੰਦਰੋਂ ਡਰ ਜਿਹਾ ਲੱਗਣ ਲੱਗ ਪਿਆ, ਕਿੱਧਰੇ ਫੜੇ ਹੀ ਨਾ ਜਾਈਏ। ਜਦੋਂ ਅਸੀਂ ਚੌਂਕੀ ਦੇ ਨੇੜੇ ਜਾ ਕੇ ਇੱਕ ਪਾਸੇ ਜਿਹੇ ਹੋ ਕੇ ਲੰਘਣ ਲੱਗੇ ਤਾਂ ਸਾਮ੍ਹਣਿਓਂ ਸੜਕ ਤੋਂ ਪੁਲੀਸ ਦੀ ਗੱਡੀ ਆ ਗਈ ਤਾਂ ਏਜੰਟ ਨੇ 'ਸ਼..ਸ਼.ਸ਼.ਸ਼..ਸ਼' ਉੱਚੀ ਜਿਹੇ ਕਿਹਾ ਤਾਂ ਸਾਰੇ ਮੁੰਡੇ ਓਥੇ ਹੀ ਬੈਠ ਗਏ। ਏਜੰਟ ਵੀ ਬੈਠ ਗਏ। ਪੁਲੀਸ ਦੀ ਗੱਡੀ ਪੁਲੀਸ ਚੌਂਕੀ ਵਿੱਚ ਵੜ ਗਈ। ਅਸੀਂ ਪੰਦਰਾਂ-ਵੀਹ ਮਿੰਟ ਬੈਠੇ ਰਹੇ। ਏਜੰਟਾਂ ਨੇ ਸੋਚਿਆ ਕਿ ਪੁਲੀਸ ਵਾਲ਼ੇ ਸ਼ਾਇਦ ਲੰਮਾ ਸਮਾਂ ਚੌਂਕੀ ਵਿੱਚ ਰੁਕਣਗੇ ਤਾਂ ਉਹਨਾਂ ਨੇ ਸਾਨੂੰ ਦੁਬਾਰਾ ਚੱਲਣ ਲਈ ਕਿਹਾ।

ਹਾਲੇ ਥੋੜ੍ਹਾ ਜਿਹਾ ਹੀ ਤੁਰੇ ਸੀ ਤਾਂ ਪੁਲੀਸ ਦੀ ਓਹੀ ਗੱਡੀ ਮੁੜ ਸਟਾਰਟ ਹੋ ਗਈ। ਫਿਰ ਏਜੰਟਾਂ ਵੱਲੋਂ ਬੈਠਣ ਦਾ ਇਸ਼ਾਰਾ ਹੋ ਗਿਆ। ਹੁਣ ਸਾਡੇ ਉੱਤੇ ਚੌਂਕੀ ਵਿੱਚ ਉੱਚੀਆਂ-ਉੱਚੀਆਂ ਲੱਗੀਆਂ ਲਾਈਟਾਂ ਦੀ ਰੌਸ਼ਨੀ ਪੈ ਰਹੀ ਸੀ। ਪੁਲੀਸ ਦੀ ਗੱਡੀ ਉੱਪਰ ਵੀ ਕਾਫ਼ੀ ਤੇਜ਼ ਲਾਈਟ ਲੱਗੀ ਹੋਈ ਸੀ। ਤੁਰਨ ਤੋਂ ਪਹਿਲਾਂ ਪੁਲੀਸ ਵਾਲ਼ਿਆਂ ਨੇ ਉਹ ਲਾਈਟ ਚਾਰ-ਚੁਫੇਰੇ ਘੁਮਾਈ ਜੋ ਸਾਡੇ ਸਾਰਿਆਂ ਉੱਪਰ ਪਈ ਪਰ ਅਸੀਂ ਆਪਣੀਆਂ ਜਗ੍ਹਾ ਤੋਂ ਬਿਲਕੁਲ ਵੀ ਹਿੱਲੇ ਨਹੀਂ, ਸਾਹ ਵੀ ਸਾਰੇ ਜਣੇ ਹੌਲੀ-ਹੌਲੀ ਲੈ ਰਹੇ ਸਾਂ। ਵਾਹਿਗੁਰੂ ਦੀ ਕਿਰਪਾ ਰਹੀ, ਪੁਲੀਸ ਦੀ ਗੱਡੀ ਜਿੱਧਰੋਂ ਆਈ ਸੀ ਓਧਰ ਹੀ ਚੱਲੀ ਗਈ।

ਸਾਨੂੰ ਦੁਬਾਰਾ ਚੱਲਣ ਦਾ ਹੁਕਮ ਏਜੰਟਾਂ ਵੱਲੋਂ ਹੋ ਗਿਆ। ਏਜੰਟਾਂ ਕੋਲ਼ ਟਾਰਚ-ਲਾਈਟਾਂ ਸਨ। ਥੋੜ੍ਹਾ ਅੱਗੇ ਜਾ ਕੇ ਸੜਕ ਸੀ। ਸੜਕ ਦੇ ਕੰਢੇ ਦੇ ਨਾਲ਼-ਨਾਲ਼ ਕੰਡਿਆਲ਼ੀ ਤਾਰ ਲੱਗੀ ਹੋਈ ਸੀ। ਅੱਗੇ ਘਾਹ ਵਾਲ਼ੇ ਖੁੱਲ੍ਹੇ ਖੇਤ ਸਨ ਤੇ ਪਸ਼ੂ ਚਰ ਰਹੇ ਸਨ। ਇਹ ਤਾਰ ਵੀ ਸਿਰਫ਼ ਉਹਨਾਂ ਪਸ਼ੂਆਂ ਕਰਕੇ ਹੀ ਜ਼ਿੰਮੀਦਾਰਾਂ ਨੇ ਲਾਈ ਹੋਈ ਸੀ, ਤਾਂ ਜੋ ਪਸ਼ੂ ਖੇਤ ਵਿੱਚੋਂ ਬਾਹਰ ਨਾ ਜਾ ਸਕਣ। ਏਜੰਟ ਟਾਰਚਾਂ ਨਾਲ਼ ਆਪਣੀਆਂ ਨਿਸ਼ਾਨੀਆਂ ਵੇਖ-ਵੇਖ ਕੇ ਅੱਗੇ ਵਧ ਰਹੇ ਸਨ।

ਥੋੜ੍ਹਾ ਅੱਗੇ ਜਾ ਕੇ ਇੱਕ ਨਾਲ਼ਾ ਜਿਹਾ ਚੱਲ ਰਿਹਾ ਸੀ, ਉਸ ਦੇ ਪਰਲੇ ਪਾਸੇ ਇੱਕ ਪਿੰਡ ਦੀਆਂ ਲਾਈਟਾਂ ਦਿੱਸ ਰਹੀਆਂ ਸਨ। ਸਮਾਂ ਤੜਕੇ ਦਾ ਚਾਰ ਸਵਾ-ਚਾਰ ਦਾ ਹੋ ਚੁੱਕਾ ਸੀ, ਅਸੀਂ ਉਸ ਪਿੰਡ ਵਿੱਚ ਵੜ ਗਏ ਸਾਂ, ਪੱਕੀ ਸੜਕ ਆ ਗਈ ਸੀ। ਚਾਲ਼ੀ ਜਣੇ ਸੀ, ਅਸੀਂ ਉਸ ਪਿੰਡ ਵਿੱਚ ਵੜ ਗਏ ਸਾਂ, ਪੱਕੀ ਸੜਕ ਆ ਗਈ ਸੀ। ਚਾਲ਼ੀ ਜਣੇ ਫ਼ੌਜੀਆਂ ਵਾਂਗ ਇੱਕ ਲਾਈਨ ਵਿੱਚ ਚੱਲ ਰਹੇ ਸਨ। ਚਾਰ-ਚਾਰ ਜਣਿਆਂ ਦੀਆਂ ਦਸ ਲਾਈਨਾਂ, ਦੋ ਏਜੰਟ ਅੱਗੇ ਇੱਕ ਪਿੱਛੇ। ਸਾਹਮਣੇ ਇੱਕ ਪਹਾੜੀ ਦਿਸਣ ਲੱਗ ਪਈ ਸੀ ਅਤੇ ਸਵੇਰ ਦੀ ਲੋਅ ਲੱਗਣ ਦਾ ਸਮਾਂ ਹੁੰਦਾ ਜਾ ਰਿਹਾ ਸੀ।

ਮੇਰੇ ਨਾਲ਼ ਇੱਕ ਮੁੰਡਾ ਸੀ। ਉਹ ਕਹਿੰਦਾ "ਗਿਆਨੀ! ਕਿੰਨਾ ਕੁ ਕਹਿ ਗਿਆ

ਜਰਮਨ..?''

ਮੈਂ ਐਵੇਂ ਹੀ ਉਸ ਨੂੰ ਕਹਿ ਦਿੱਤਾ ਕਿ ''ਔਹ ਜੋ ਸਾਹਮਣੇ ਪਹਾੜੀ ਦਿੱਸ ਰਹੀ ਉਸ ਉੱਪਰ ਆਪਾਂ ਨੂੰ ਚੜ੍ਹਨਾ ਪੈਣੈ, ਫਿਰ ਉੱਤਰ ਕੇ ਪਰਲੇ ਪਾਸੇ ਜਰਮਨ ਆ ਜਾਣਾ...।''

ਪੁੱਛਣ ਵਾਲਾ ਵੀ ਓਦਾਂ ਦਾ ਵਿਚਾਰਾ ਤੇ ਮੈਂ ਵੀ ਐਵੇਂ ਹੀ ਸੁਰਲੀ ਛੱਡ ਦਿੱਤੀ।

ਪੂਰਾ ਪਿੰਡ ਪਾਰ ਕਰ ਕੇ ਥੋੜਾ ਅੱਗੇ ਜਾ ਕੇ ਅਸੀਂ ਉਸ ਪਹਾੜੀ ਦੇ ਬਿਲਕੁਲ ਕੋਲ ਪਹੁੰਚ ਗਏ। ਨਾਲ-ਨਾਲ ਰਸਤਾ ਸੀ। ਏਜੰਟ ਨੇ ਫੌਜੀ ਨੂੰ ਕਿਹਾ ''ਸਾਰੇ ਜਣੇ ਪਹਾੜੀ 'ਤੇ ਚੜ੍ਹ ਜਾਓ...।''

ਉਹ ਮੈਨੂੰ ਪੁੱਛਣ ਵਾਲਾ ਮੁੰਡਾ ਕਹਿੰਦਾ ''ਗਿਆਨੀ ਤੇਰੀ ਗੱਲ ਸਹੀ ਹੋਈ...।''

ਮੈਂ ਕਿਹਾ ''ਭਰਾਵਾ! ਮੈਂ ਕਿਹਤਾ ਤੇਰੇ ਨਾਲ ਝੂਠ ਬੋਲਿਆ ਸੀ।''

ਏਜੰਟ ਕਹਿੰਦਾ ਥੋੜਾ ਉੱਪਰ ਚੜ੍ਹ ਕੇ ਇੰਤਜ਼ਾਰ ਕਰੋ, ਅਸੀਂ ਆਉਂਦੇ ਹਾਂ। ਥੋੜਾ-ਥੋੜਾ ਦਿਨ ਦਾ ਚੜਾਅ ਹੋਣ ਲੱਗ ਪਿਆ ਸੀ। ਪੰਦਰਾਂ-ਵੀਹ ਮਿੰਟ ਬਾਅਦ ਇੱਕ ਪਾਸਿਓਂ ਕੋਇਲ ਵਰਗੀ ਅਵਾਜ਼ ਆਈ। ਸਾਡੇ ਏਜੰਟਾਂ ਨੇ ਵੀ ਓਸੇ ਤਰ੍ਹਾਂ ਦੀ ਕੋਇਲ ਵਰਗੀ ਅਵਾਜ਼ ਵਿੱਚ ਜਵਾਬ ਦਿੱਤਾ।

ਓਥੇ ਪਹਾੜੀ 'ਤੇ ਕਣੀਆਂ ਦੇ ਹੱਥਾਂ 'ਤੇ ਜ਼ਹਿਰੀਲੇ ਜਿਹੇ ਕੰਡੇ ਲੱਗੇ। ਮੇਰੇ ਵੀ ਲੱਗਾ। ਉਸ ਨਾਲ ਹੱਥ ਉੱਤੇ ਕਾਫ਼ੀ ਖ਼ਾਰਸ਼ ਜਿਹੀ ਹੋਣ ਲੱਗ ਪਈ।

ਥੋੜੇ ਸਮੇਂ ਵਿੱਚ ਹੀ ਜਿਸ ਤਰ੍ਹਾਂ ਦਾ ਟਰੱਕ 'ਪਰਾਗ' ਤੋਂ ਸਾਨੂੰ ਬਾਰਡਰ ਪਾਰ ਕਰਨ ਲਈ ਛੱਡ ਕੇ ਗਿਆ ਸੀ, ਓਸੇ ਤਰ੍ਹਾਂ ਦਾ ਟਰੱਕ ਆ ਗਿਆ। ਸਾਰਿਆਂ ਨੂੰ ਥੱਲੇ ਆਉਣ ਦਾ ਇਸ਼ਾਰਾ ਹੋ ਗਿਆ। ਸਾਡੀਆਂ ਪੈਂਟਾਂ ਪੌਂਚਿਆਂ ਕੋਲੋਂ ਥੋੜੀਆਂ-ਥੋੜੀਆਂ ਮਿੱਟੀ ਨਾਲ ਲਿੱਬੜ ਚੁੱਕੀਆਂ ਸਨ। ਸਾਰੇ ਜਣੇ ਫੁਰਤੀ ਮਾਰ ਕੇ ਉਸ ਟਰੱਕ ਵਿੱਚ ਸਵਾਰ ਹੋ ਗਏ। ਏਜੰਟਾਂ ਨੇ ਪਹਿਲਾਂ ਕਹਿ ਦਿੱਤਾ ਸੀ, ਜਿਸ ਨੇ ਪਿਸ਼ਾਬ ਕਰਨਾ ਕਰ ਲਓ, ਟਰੱਕ ਚਾਰ ਘੰਟੇ ਬਾਅਦ ਹੁਣ ਰੁਕਣਾ।

ਸਮਾਂ ਪੰਜ, ਸਵਾ ਕੁ ਪੰਜ ਸਵੇਰ ਦਾ ਹੋ ਚੁੱਕਾ ਸੀ। ਥੋੜੀ ਲੋਅ ਲੱਗ ਗਈ ਸੀ। ਇਸ ਟਰੱਕ ਵਿੱਚ ਇੱਕ ਪਾਸੇ ਵਿਚਾਲੇ ਜਿਹੇ ਇੱਕ ਛੋਟਾ ਜਿਹਾ ਸ਼ੀਸ਼ਾ ਬਾਹਰ ਵੇਖਣ ਲਈ ਲੱਗਾ ਹੋਇਆ ਸੀ। ਅਸੀਂ ਟਰੱਕ ਵਿੱਚ ਭੇਡਾਂ-ਬੱਕਰੀਆਂ ਵਾਂਗ ਤੜੇ ਹੋਏ ਸਾਂ। ਵਾਰੀ-ਵਾਰੀ ਸਾਰੇ ਜਣੇ ਉਸ ਛੋਟੇ ਜਿਹੇ ਸ਼ੀਸ਼ੇ ਰਾਹੀਂ ਬਾਹਰ ਵੇਖ ਰਹੇ ਸਾਂ। ਲੱਗਦਾ ਸੀ ਜਰਮਨ ਪਹੁੰਚਣ ਦੀ ਆਸ ਬੱਝ ਗਈ ਸੀ। ਸਾਰੇ ਜਣੇ ਆਪਸ ਵਿੱਚ ਘੁਸਰ-ਮੁਸਰ ਕਰ ਰਹੇ ਸਨ।

ਟੀਟੂ ਏਜੰਟ ਵੱਲੋਂ ਸਾਨੂੰ ਸਭ ਨੂੰ ਜਰਮਨ ਦੇ 'ਬਰਲਿਨ' ਸ਼ਹਿਰ ਪਹੁੰਚਾਉਣ ਦੀ ਗੱਲ ਹੋ ਗਈ ਸੀ। 'ਬਰਲਿਨ' ਸ਼ਹਿਰ ਨੂੰ ਥੋੜਾ ਸਮਾਂ ਹੀ ਜਰਮਨ ਨਾਲ ਰਲ਼ੇ ਨੂੰ ਹੋਇਆ ਸੀ।

ਦੂਜੀ ਸੰਸਾਰ ਜੰਗ ਤੋਂ ਬਾਅਦ ਜਰਮਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ।

ਲੱਗਦਾ ਸੀ ਸਾਰੇ ਜਣੇ ਆਪਣੇ ਭਵਿੱਖ ਦੀਆਂ ਸੋਚਾਂ ਸੋਚਣ ਲੱਗ ਪਏ ਸਨ। ਮੈਂ ਇੱਕ ਪਾਸੇ ਇਕੱਲਾ ਹੀ ਚੁੱਪ ਖੜ੍ਹਾ ਸੀ। ਕੁਝ ਮੁੰਡੇ ਆਪਸ ਵਿੱਚ ਗੱਲਾਂ ਕਰਦੇ ਮੈਂ ਸੁਣੇ ਕਿ "ਯਾਰ ਆਪਾਂ ਐਵੇਂ ਹੀ ਗਿਆਨੀ ਨੂੰ ਮਾੜਾ-ਚੰਗਾ ਬੋਲਦੇ ਰਹੇ, ਹੋ ਸਕਦੈ ਆਪਾਂ ਸਾਰੇ ਇਹਦੇ ਕਰਕੇ ਹੀ ਪਹਿਲੀ ਹੀ ਡੋਂਕੀ ਵਿੱਚ ਬਾਰਡਰ ਪਾਰ ਕਰ ਗਏ। ਗਿਆਨੀ ਨੇ ਬੜਾ ਸਿਰੜ ਰੱਖਿਆ, ਉਸ ਨੂੰ ਆਪਣੇ ਗੁਰੂ 'ਤੇ ਪੂਰਾ ਭਰੋਸਾ ਸੀ..।" ਨਾਲ਼ ਦੇ ਵੀ ਕਹਿੰਦੇ "ਯਾਰ ਗੱਲ ਤਾਂ ਤੁਹਾਡੀ ਸਹੀ ਹੈ।"

ਫ਼ੌਜੀ ਤੇ ਹੋਰ ਚਾਰ ਕੁ ਜਣੇ ਮੇਰੇ ਕੋਲ਼ ਹੀ ਆ ਗਏ ਤੇ ਕਹਿੰਦੇ "ਗਿਆਨੀ! ਸਾਨੂੰ ਲੱਗਦੈ ਅਸੀਂ ਤੇਰੇ ਕਰਕੇ ਹੀ ਪਹਿਲੀ ਡੋਂਕੀ 'ਚ ਹੀ ਜਰਮਨ ਪਹੁੰਚਣ ਵਿੱਚ ਸਫ਼ਲ ਹੋ ਗਏ ਹਾਂ..।"

ਮੈਂ ਕਿਹਾ "ਕੱਲ੍ਹ ਤਾਂ ਤੁਸੀਂ ਕਹਿੰਦੇ ਸੀ ਇਹ ਗਿਆਨੀ ਸਾਨੂੰ ਵੀ ਮਰਵਾਏਗਾ, ਇਹ ਸਾਡੀਆਂ ਬੇੜੀਆਂ ਵਿੱਚ ਵੀ ਵੱਟੇ ਪਾਏਗਾ...।" ਤਾਂ ਸਾਰੇ ਜਣੇ ਕਹਿੰਦੇ "ਯਾਰ ਗਿਆਨੀ! ਸਾਨੂੰ ਮਾਫ਼ ਕਰ ਦੇਵੀਂ।"

ਕੁਝ ਜਣੇ ਮੈਥੋਂ ਕਾਫ਼ੀ ਸਿਆਣੀ ਉਮਰ ਦੇ ਵੀ ਸਨ। ਮੈਂ ਕਿਹਾ "ਭਰਾਵੋ! ਮਾਫ਼ੀ ਮੰਗ ਕੇ ਐਵੇਂ ਮੇਰੇ ਸਿਰ ਭਾਰ ਨਾ ਚਾੜ੍ਹੋ, ਵਾਹਿਗੁਰੂ ਦੇ ਸ਼ੁਕਰਾਨੇ ਕਰੋ ਬੱਸ, ਨਹੀਂ ਤਾਂ ਜਿਸ ਤਰ੍ਹਾਂ ਆਪਾਂ ਤੋਂ ਪਹਿਲਾਂ ਆਏ ਹੋਏ ਮੁੰਡੇ ਆਪਾਂ ਨੂੰ ਡਰਾ ਰਹੇ ਸਨ, ਓਸ ਤਰ੍ਹਾਂ ਕੰਮ ਔਖਾ ਜਿਹਾ ਹੀ ਲੱਗਦਾ ਸੀ।"

ਦੋ ਕੁ ਘੰਟੇ ਚੱਲਣ ਤੋਂ ਬਾਅਦ ਏਜੰਟਾਂ ਨੇ ਹਾਈਵੇਅ ਦੀ ਸਾਈਡ 'ਤੇ ਬਣੀ ਇੱਕ ਪਾਰਕ ਵਿੱਚ ਟਰੱਕ ਰੋਕਿਆ ਤਾਂ ਡਾਲਾ ਖੋਲ੍ਹ ਕੇ ਸਭ ਨੂੰ ਕਿਹਾ, "ਜਿਸ-ਜਿਸ ਨੇ ਪਿਸ਼ਾਬ ਕਰਨੈ, ਕਰ ਸਕਦੈ ਤੇ ਕਰ ਕੇ ਵਾਪਸ ਟਰੱਕ ਵਿੱਚ ਹੀ ਆ ਜਾਓ।"

ਸਾਢੇ ਕੁ ਸੱਤ ਦਾ ਸਮਾਂ ਹੋ ਚੁੱਕਾ ਸੀ। ਦਿਨ ਪੂਰਾ ਚੜ੍ਹ ਚੁੱਕਾ ਸੀ। ਵਿਹਲੇ ਹੋ ਕੇ ਸਾਰੇ ਜਣੇ ਵਾਪਸ ਆ ਗਏ। ਡਾਲਾ ਬੰਦ ਕਰ ਕੇ ਟਰੱਕ ਫਿਰ ਤੋਰ ਲਿਆ ਗਿਆ।

ਕਰੀਬ ਸਵੇਰ ਦੇ ਸਾਢੇ ਕੁ ਨੌਂ ਵਜੇ 20 ਅਕਤੂਬਰ 1990 ਨੂੰ ਏਜੰਟਾਂ ਵੱਲੋਂ ਜਰਮਨ ਦੇ ਸ਼ਹਿਰ 'ਬਰਲਿਨ' ਵਿੱਚ ਭਰੇ ਬਜ਼ਾਰ ਵਿੱਚ ਸਾਨੂੰ ਉਤਾਰ ਦਿੱਤਾ। ਟੀਟੂ ਏਜੰਟ ਨੇ ਦੇ ਕਿਹਾ ਸੀ ਤੁਹਾਡੇ ਕੋਲ਼ ਜਿੰਨੀ ਚੈਕੋਸਲਵਾਕੀਆ ਦੀ ਕਰੰਸੀ ਹੋਵੇ, ਉਹ ਏਜੰਟਾਂ ਨੂੰ ਦੇ ਦੇਣੀ। ਸਾਰਿਆਂ ਨੇ ਈਮਾਨਦਾਰੀ ਨਾਲ਼ ਉਹ ਕਰੰਸੀ ਏਜੰਟਾਂ ਨੂੰ ਦਿੱਤੀ। ਕਿਸੇ ਕੋਲ਼ ਸੌ, ਕਿਸੇ ਕੋਲ਼ ਦੋ ਸੌ ਜਾਂ ਇਸ ਤੋਂ ਵੱਧ ਸੀ। ਏਜੰਟਾਂ ਨੇ ਇਸ਼ਾਰਾ ਕਰ ਕੇ ਸਮਝਾ ਦਿੱਤਾ ਸੀ ਕਿ 'ਔਹ ਸਾਮ੍ਹਣੇ ਰੇਲਵੇ ਸਟੇਸ਼ਨ ਹੈ, ਓਥੋਂ ਤੁਸੀਂ ਜਿੱਥੇ-ਜਿੱਥੇ ਜਾਣਾ ਹੈ, ਜਾ ਸਕਦੇ ਹੋ।'

ਅਸੀਂ ਹੌਲ਼ੀ-ਹੌਲ਼ੀ ਰੇਲਵੇ ਸਟੇਸ਼ਨ ਦੇ ਬਾਹਰ ਪਹੁੰਚ ਗਏ। ਖਾਣਾ ਸਭ ਨੇ ਰਾਤ ਦਾ

ਹੀ ਖਾਧਾ ਹੋਇਆ ਸੀ। ਪੰਜਾਬੀ ਬੰਦਾ ਸਾਨੂੰ ਓਥੇ ਕੋਈ ਨਹੀਂ ਦਿੱਸਿਆ। ਜਰਮਨ ਦੇ ਲੋਕ ਹੀ ਜ਼ਿਆਦਾ ਸਨ। ਇੱਕ ਨੂੰ ਅਸੀਂ ਅੰਗਰੇਜ਼ੀ ਵਿੱਚ ਪੁਛਿਆ 'ਵੇਅਰ ਇਜ਼ ਹੀਅਰ ਸਿੱਖ ਟੈਂਪਲ?' ਤਾਂ ਉਹਨਾਂ ਨੇ 'ਨਾਂਹ' ਵਿੱਚ ਸਿਰ ਹਿਲਾ ਦਿੱਤਾ।

ਹੁਣ ਅਸੀਂ ਚਾਰੇ ਜਣੇ- ਮੈਂ, ਫ਼ੌਜੀ ਵੀਰਾ, ਉਸ ਦਾ ਸਾਲ਼ਾ ਅਤੇ ਸਾਡਾ ਚੌਥਾ ਸਾਥੀ ਬਾਕੀਆਂ ਨਾਲ਼ੋਂ ਅਲੱਗ ਹੋ ਗਏ। ਰੇਲਵੇ ਸਟੇਸ਼ਨ 'ਤੇ ਹੀ ਬਣੀ ਇੱਕ ਦੁਕਾਨ ਤੋਂ ਅਸੀਂ ਇੱਕ-ਇੱਕ ਕੋਕਾ ਕੋਲਾ ਦਾ ਡੱਬਾ ਤੇ ਇੱਕ ਚਿਪਸਾਂ ਦਾ ਪੈਕਟ ਲੈ ਕੇ ਆਪਣੀ ਥੋੜ੍ਹੀ ਭੁੱਖ ਦੂਰ ਕੀਤੀ। ਮੈਂ, ਫ਼ੌਜੀ ਅਤੇ ਉਸ ਦੇ ਸਾਲ਼ੇ ਨੇ 'ਨਿਊਰਨਬਰਗ' ਸ਼ਹਿਰ ਜਾਣਾ ਸੀ ਅਤੇ ਸਾਡੇ ਚੌਥੇ ਸਾਥੀ ਨੇ ਉਸ ਤੋਂ ਅੱਗੇ 'ਮਿਊਚਨ' ਸ਼ਹਿਰ ਜਾਣਾ ਸੀ। ਕਿਸੇ ਕੋਲ 50 ਡਾਲਰ, ਕਿਸੇ ਕੋਲ 40 ਜਾਂ 20-20 ਡਾਲਰ ਬਚੇ ਸਨ।

ਫ਼ੌਜੀ ਕਾਊਂਟਰ ਤੋਂ ਟਿਕਟਾਂ ਦਾ ਪਤਾ ਕਰ ਕੇ ਆਇਆ ਤਾਂ ਕਹਿੰਦਾ "ਗਰੁੱਪ ਟਿਕਟ ਲਈਏ ਤਾਂ ਸਸਤੀ ਪੈਂਦੀ ਹੈ, ਇੰਨੇ ਕੁ ਪੈਸਿਆਂ ਨਾਲ਼ ਆਪਣਾ ਸਰ ਹੀ ਜਾਣੈ..। ਪੰਜ-ਪੰਜ ਦਸ-ਦਸ ਜਰਮਨ ਦੀ 'ਮਾਰਕ' (ਜਰਮਨ ਦੀ ਓਸ ਟਾਈਮ ਦੀ ਕਰੰਸੀ ਨੂੰ 'ਮਾਰਕ' ਕਹਿੰਦੇ ਸਨ) ਆਪਣੇ ਕੋਲ਼ ਬਚ ਵੀ ਜਾਣੀ ਹੈ।"

ਤੇ ਫ਼ੌਜੀ ਟਿਕਟਾਂ ਲੈ ਆਇਆ। ਬਾਕੀ ਬਚੇ ਪੈਸਿਆਂ ਦੇ 'ਮਾਰਕ' ਲੈ ਆਇਆ। ਟਰੇਨ ਚੱਲਣ ਦਾ ਸਮਾਂ ਹੋ ਗਿਆ ਸੀ। ਅਸੀਂ ਹੁਣ ਜਿੱਥੋਂ ਸਾਡੀ ਟਰੇਨ ਚੱਲਣੀ ਸੀ ਓਥੇ ਨੇੜੇ ਪਹੁੰਚ ਗਏ। ਕੋਈ ਸੱਤ ਕੁ ਘੰਟੇ ਦਾ ਸਫ਼ਰ ਸੀ। 11:30 ਜਾਂ 12:00 ਵਜੇ ਦਾ ਸ਼ਾਇਦ ਟਰੇਨ ਚੱਲਣ ਦਾ ਸਮਾਂ ਸੀ। ਆਪਣੇ ਪੂਰੇ ਸਮੇਂ ਨਾਲ਼ ਟਰੇਨ ਆ ਗਈ, ਅਸੀਂ ਖ਼ਾਲੀ ਸੀਟਾਂ ਵੇਖ ਕੇ ਬੈਠ ਗਏ। ਸੱਤ ਘੰਟੇ ਦਾ ਸਫ਼ਰ ਤੈਅ ਕਰ ਕੇ ਸ਼ਾਮ ਦੇ ਸੱਤ ਕੁ ਵਜੇ ਅਸੀਂ 'ਨਿਊਰਨਬਰਗ' ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਹਨੇਰਾ ਹੋ ਚੁੱਕਾ ਸੀ। ਸਾਡੇ ਚੌਥੇ ਸਾਥੀ ਨੇ ਹੋਰ ਅੱਗੇ ਓਸੇ ਟਰੇਨ ਵਿੱਚ 'ਮਿਊਚਨ' ਸ਼ਹਿਰ ਜਾਣਾ ਸੀ। ਫ਼ੌਜੀ ਵੀਰ ਦੇ ਵਾਕਫ਼ਦਾਰ ਬੰਦੇ 'ਨਿਊਰਨਬਰਗ' ਸ਼ਹਿਰ ਵਿੱਚ ਰਹਿੰਦੇ ਸਨ। ਉਹਨਾਂ ਨੇ ਫ਼ੌਜੀ ਵੀਰ ਅਤੇ ਉਸ ਦੇ ਸਾਲ਼ਾ ਸਾਹਬ ਨੂੰ ਲੈਣ ਆਉਣਾ ਸੀ। ਉਹਨਾਂ ਦੀ ਉਡੀਕ 'ਚ ਸਾਨੂੰ ਓਥੇ ਕੁਝ ਚਿਰ ਰੁਕਣਾ ਪਿਆ। ਓਥੋਂ ਅਸੀਂ ਇੱਕ ਮੂੰਗਫਲੀ ਦਾ ਪੈਕਟ ਲੈ ਕੇ ਇੱਕ ਬੈਂਚ 'ਤੇ ਬੈਠ ਕੇ ਖਾਣ ਲੱਗ ਪਏ ਤੇ ਮੈਂ ਛਿੱਲਾਂ ਥੱਲੇ ਸੁੱਟੀ ਗਿਆ। ਇੰਨੇ ਚਿਰ 'ਚ ਇੱਕ ਸਫ਼ਾਈ ਕਰਨ ਵਾਲ਼ਾ ਜਰਮਨ ਦਾ ਗੋਰਾ ਸਾਡੇ ਕੋਲ਼ ਆ ਕੇ ਇਸ਼ਾਰਾ ਕਰ ਕੇ ਕਹਿੰਦਾ ਇਹਨਾਂ ਨੂੰ ਚੁੱਕ ਕੇ ਕੂੜੇ ਵਾਲ਼ੇ ਡੱਬੇ ਵਿੱਚ ਸੁੱਟੋ। ਫ਼ੌਜੀ ਨੂੰ ਤਾਂ ਪਤਾ ਸੀ ਪਰ ਉਸ ਦਾ ਧਿਆਨ ਮੇਰੇ ਵੱਲ ਨਹੀਂ ਸੀ ਤਾਂ ਫ਼ੌਜੀ ਕਹਿੰਦਾ "ਇਹ ਕੀ ਕੀਤਾ ਗਿਆਨੀ?"

ਮੈਂ ਕਿਹਾ "ਫ਼ੌਜੀ ਯਾਰ ਮੈਨੂੰ ਨਹੀਂ ਸੀ ਪਤਾ..।" ਮੈਂ ਚੁੱਕ ਕੇ ਮੂੰਗਫਲੀ ਦੀਆਂ ਛਿੱਲਾਂ ਨੇੜੇ ਲੱਗੇ ਕੂੜੇ ਵਾਲ਼ੇ ਡੱਬੇ ਵਿੱਚ ਸੁੱਟ ਦਿੱਤੀਆਂ। ਜਦ ਤਕ ਫ਼ੌਜੀ ਹੋਰਾਂ ਦੇ ਬੰਦੇ ਉਹਨਾਂ ਨੂੰ ਲੈਣ ਪਹੁੰਚ ਗਏ। ਜਾਣ ਲੱਗਾ ਫ਼ੌਜੀ ਕਹਿੰਦਾ "ਚੰਗਾ ਗਿਆਨੀ! ਥੋੜ੍ਹੇ ਦਿਨਾਂ ਦੀ ਗੱਲ

ਆਪਾਂ ਫਿਰ ਕੈਂਪ 'ਚ ਇਕੱਠੇ ਹੋ ਜਾਣਾ।" ਮੈਂ ਕਿਹਾ "ਚਲੋ ਠੀਕ ਆ।"

ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲ ਕੇ ਮੈਂ ਟੈਕਸੀ ਵਾਲ਼ੇ ਨੂੰ ਆਪਣੇ ਸਾਲ਼ਾ ਸਾਹਬ ਜੋ ਕਿ ਮੇਰੀ ਘਰਵਾਲ਼ੀ ਦੇ ਸ਼ਰੀਕੇ ਵਿੱਚੋਂ ਲੱਗਦੇ ਤਾਇਆ ਜੀ ਸੰਤ ਚੰਨਣ ਸਿੰਘ ਜੀ ਦੇ ਬੇਟੇ ਸਨ ਸਰਦਾਰ ਅਜੀਤ ਸਿੰਘ ਰੰਧਾਵਾ ਦਾ ਐਡਰੈੱਸ ਵਿਖਾਇਆ ਜੋ ਕਿ ਇੱਕ ਪੇਪਰ 'ਤੇ ਮੈਂ ਲਿਖਿਆ ਹੋਇਆ ਸੀ। ਟੈਕਸੀ ਵਾਲ਼ੇ ਨੇ ਪਿੱਛੇ ਬੈਠਣ ਦਾ ਇਸ਼ਾਰਾ ਕਰ ਦਿੱਤਾ ਤਾਂ ਮੈਂ ਬੈਠ ਗਿਆ। ਕੁਝ ਸਮੇਂ 'ਚ ਉਹ ਮੈਨੂੰ ਦੱਸੇ ਹੋਏ ਐਡਰੈੱਸ 'ਡੀਟਰੀਜ ਸਟਰੀਟ 4' 'ਤੇ ਲੈ ਗਿਆ। ਉਸ ਦਾ ਜਰਮਨ ਦੀ ਕਰੰਸੀ ਦੇ 9 ਮਾਰਕ ਬਿੱਲ ਬਣਿਆ। ਮੇਰੇ ਕੋਲ਼ ਟੋਟਲ ਦਸ ਮਾਰਕ ਬਚੇ ਸਨ, ਉਸ ਨੂੰ 9 ਮਾਰਕ ਦੇ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ। ਸਿਰਫ਼ ਇੱਕ ਮਾਰਕ ਬਚਿਆ ਜੋ ਕਿ ਹੁਣ ਦਾ ਅੱਧਾ ਯੂਰੋ ਯਾਨੀ ਪੰਜਾਹ ਸੈਂਟ (ਪੰਜਾਹ ਪੈਸੇ) ਬਚੇ ਸਨ।

• • • • •

ਜਰਮਨ ਵਿੱਚ ਕੀ-ਕੀ ਹੋਇਆ

ਟੈਕਸੀ ਵਾਲ਼ੇ ਨੂੰ ਪੈਸੇ ਦੇ ਕੇ ਮੈਂ ਭਾਅਜੀ ਅਜੀਤ ਸਿੰਘ ਰੰਧਾਵਾ ਦੇ ਨਾਂ ਵਾਲੀ ਘੰਟੀ ਮਾਰੀ ਤਾਂ ਕੁਝ ਜੀ ਸਮੇਂ ਬਾਅਦ 'ਕਰਰਰ-ਕਰਰਰ' ਦੀ ਅਵਾਜ਼ ਆਈ। ਹੁਣ ਪਿੰਡਾਂ ਵਿੱਚ ਲੋਹੇ ਦੇ ਬਣੇ ਗੇਟ ਅਤੇ ਅਰਲ ਯਾਨੀ ਕੁੰਡੇ ਖੋਲ੍ਹਣ-ਬੰਦ ਕਰਨ ਵਾਲਿਆਂ ਨੂੰ ਕੀ ਪਤਾ ਜਰਮਨ ਦਾ ਕੀ ਸਿਸਟਮ ਹੈ। ਦੋ ਤਿੰਨ ਵਾਰੀ ਮੈਂ ਪਿੱਛੇ ਹਟ ਜਾਇਆਂ ਕਰਾਂ। ਉੱਪਰ ਘਰ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਬੰਦੇ ਨੂੰ ਦਰਵਾਜ਼ਾ ਖੋਲ੍ਹਣ ਦਾ ਪਤਾ ਨਹੀਂ ਲੱਗ ਰਿਹਾ ਤਾਂ ਉੱਪਰੋਂ ਛੇਵੀਂ ਮੰਜ਼ਿਲ ਤੋਂ ਭਾਅਜੀ ਅਜੀਤ ਸਿੰਘ ਜੀ ਦੀ ਘਰਵਾਲੀ ਉੱਤਰ ਕੇ ਥੱਲਿਓਂ ਮੈਨੂੰ ਲੈਣ ਆਈ। ਬਿਲਡਿੰਗ ਵਿੱਚ ਲਿਫ਼ਟ ਵੀ ਨਹੀਂ ਸੀ।

ਪੌੜੀਆਂ ਚੜ੍ਹ ਕੇ ਉੱਪਰ ਭਾਅਜੀ ਹੋਰਾਂ ਦੇ ਘਰ ਪਹੁੰਚ ਗਿਆ। ਭਾਅਜੀ ਅਜੀਤ ਸਿੰਘ ਜੀ ਹੋਰਾਂ ਦੇ ਪਿਤਾ ਜੀ ਸੰਤ ਚੰਨਣ ਜੀ ਨੇ ਪਹਿਲਾਂ ਹੀ ਮੇਰੇ ਬਾਰੇ ਜ਼ਿਕਰ ਕੀਤਾ ਹੋਇਆ ਸੀ। ਭਾਅਜੀ ਹੋਰਾਂ ਦੇ ਮਾਤਾ ਜੀ ਵੀ ਪੰਜਾਬ ਤੋਂ ਓਥੇ ਆਏ ਹੋਏ ਸਨ। ਉਹ ਮੈਨੂੰ ਪੰਜਾਬ ਤੋਂ ਹੀ ਜਾਣਦੇ ਸਨ। ਵੈਸੇ ਉਹ ਮੇਰੀ ਘਰਵਾਲ਼ੀ ਦੇ ਤਾਈ ਜੀ ਸਨ ਪਰ ਅਸੀਂ ਸਾਰੇ ਉਹਨਾਂ ਨੂੰ 'ਬੀਜੀ' ਕਹਿ ਕੇ ਹੀ ਬਲਾਉਂਦੇ ਸਾਂ। ਭਾਅਜੀ ਅਜੀਤ ਸਿੰਘ ਜੀ ਆਪ ਕੰਮ 'ਤੇ ਸਨ।

ਮੈਂ ਬੂਟ-ਜੁਰਾਬਾਂ ਬਾਹਰ ਹੀ ਉਤਾਰ ਕੇ ਡਰਾਇੰਗ ਰੂਮ ਵਿੱਚ ਪਏ ਸੋਫ਼ੇ 'ਤੇ ਬੈਠ ਗਿਆ। ਭਾਅਜੀ ਅਜੀਤ ਸਿੰਘ ਜੀ ਦੇ ਘਰਵਾਲ਼ੀ ਗੁਰਚੇਤਨ ਕੌਰ ਮੇਰੇ ਲਈ ਲਾਲ ਜਿਹੇ ਰੰਗ ਦਾ ਜੂਸ ਦਾ ਗਿਲਾਸ ਲੈ ਆਏ ਅਤੇ ਅਤੇ ਬੀਜੀ ਮੇਰਾ ਹਾਲ-ਚਾਲ ਪੁੱਛਣ ਲੱਗ ਪਏ। ਜੂਸ ਪੀ ਕੇ ਮੈਂ ਕਿਹਾ ਬੀਜੀ ਮੈਂ ਤਾਂ ਪਹਿਲਾਂ ਨਹਾਉਣਾ, ਬੱਸ ਇੱਕ ਤੌਲੀਆ ਮੈਨੂੰ ਦੇ ਦਿਓ। ਮੈਂ ਸਾਰੇ ਡਬਲ ਕੱਪੜੇ ਪਾਏ ਹੋਏ ਸਨ। ਭਾਬੀ ਜੀ ਨੇ ਮੈਨੂੰ ਪਾਉਣ ਲਈ ਭਾਅਜੀ ਦਾ ਕੁੜਤਾ-ਪਜਾਮਾ ਦੇ ਦਿੱਤਾ। ਮੈਂ ਜਦੋਂ ਨਹਾ ਕੇ ਬਾਹਰ ਆਇਆ ਤਾਂ ਆਪਣੇ ਸਾਰੇ ਕੱਪੜੇ, ਕੱਪੜੇ ਧੋਣ ਵਾਲ਼ੀ ਮਸ਼ੀਨ ਉੱਤੇ ਰੱਖ ਦਿੱਤੇ।

ਨਹਾ ਕੇ ਮੈਂ ਆਪਣੇ ਆਪ ਨੂੰ ਥੋੜਾ ਤਰੋ-ਤਾਜ਼ਾ ਮਹਿਸੂਸ ਕੀਤਾ ਤਾਂ ਬੀਜੀ ਬਾਥਰੂਮ ਵਿੱਚ ਗਏ ਤਾਂ ਆ ਕੇ ਕਹਿੰਦੇ 'ਹਰਪ੍ਰੀਤ ਤੇਰੇ ਕੋਲ਼ ਬੈਗ ਤਾਂ ਕੋਈ ਨਹੀਂ ਸੀ ਤਾਂ ਐਨੇ ਕੱਪੜੇ ਕਿੱਥੋਂ ਆ ਗਏ?' ਮੈਂ ਕਿਹਾ- 'ਬੀਜੀ ਸਾਰਾ ਕੁਝ ਡਬਲ-ਡਬਲ ਪਾਇਆ ਹੋਇਆ

ਸੀ।' ਬੀਜੀ ਅਤੇ ਭਾਬੀ ਜੀ ਹੱਸ ਪਏ, ਕਹਿੰਦੇ 'ਬਾਹਰ ਆਉਣਾ ਸੌਖਾ ਨਹੀਂ ਪਿਆ।'

ਭਾਅਜੀ ਦੀ ਰਾਤ ਦੀ ਡਿਊਟੀ ਸੀ। ਅਸੀਂ ਸਾਰਿਆਂ ਨੇ ਰਾਤ ਦਾ ਪ੍ਰਸ਼ਾਦਾ ਛਕਿਆ। ਦੋ ਕੁ ਸਾਲ ਦਾ ਭਾਅਜੀ ਦਾ ਬੇਟਾ ਸੀ ਗੁਰਿੰਦਰ ਸਿੰਘ। ਮੈਂ ਕੁਝ ਚਿਰ ਉਸ ਨਾਲ਼ ਖੇਡਿਆ ਤਾਂ ਬੀਜੀ ਕਹਿੰਦੇ- 'ਹਰਪ੍ਰੀਤ ਤੂੰ ਸੌਂ ਜਾ ਹੁਣ, ਤੇਰੇ ਭਾਅਜੀ ਨੇ ਰਾਤ ਨੂੰ ਆਉਣਾ ਤੂੰ ਸਵੇਰੇ ਉਹਨਾਂ ਨਾਲ਼ ਆਪਣਾ ਅਗਲਾ ਪ੍ਰੋਗਰਾਮ ਬਣਾ ਲਈ।'

ਇੱਕ ਗਿਲਾਸ ਗਰਮ-ਗਰਮ ਦੁੱਧ ਦਾ ਛਕ ਕੇ ਮੈਂ ਬੈੱਡ 'ਤੇ ਜਾ ਕੇ ਸੌਂ ਗਿਆ। ਥੱਕੇ ਹੋਣ ਕਰਕੇ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਨੀਂਦ ਆ ਗਈ। ਸਵੇਰੇ ਸਮੇਂ ਸਿਰ ਹੀ ਉੱਠ ਕੇ ਇਸ਼ਨਾਨ ਕਰ ਕੇ ਮੈਂ ਨਿੱਤਨੇਮ ਕਰ ਲਿਆ। ਬਾਅਦ ਵਿੱਚ ਫਿਰ ਰਜਾਈ ਵਿੱਚ ਵੜ ਗਿਆ ਤਾਂ ਬੀਜੀ ਨੇ ਦਰਵਾਜ਼ਾ ਖੋਲ੍ਹ ਕੇ ਅਵਾਜ਼ ਮਾਰੀ 'ਹਰਪ੍ਰੀਤ ਨਾਸ਼ਤਾ ਲੱਗ ਗਿਆ, ਛਕ ਲਉ।'

ਰਸੋਈ ਵਿੱਚ ਹੀ ਪਏ ਮੇਜ ਉੱਤੇ ਗਰਮ-ਗਰਮ ਚਾਹ ਅਤੇ ਨਾਲ਼ ਬਰੈੱਡ, ਬਟਰ, ਜੈਮ ਵਗੈਰਾ ਪਿਆ ਸੀ। ਭਾਅਜੀ ਅਜੀਤ ਸਿੰਘ ਹੋਰੀਂ ਵੀ ਆ ਗਏ। ਮੈਂ ਫ਼ਤਹਿ ਬੁਲਾਈ। ਫ਼ਤਹਿ ਬੁਲਾ ਕੇ ਭਾਅਜੀ ਕਹਿੰਦੇ 'ਬਹਿ ਜਾ ਤੇ ਨਾਲ਼ੇ ਖਾਹ ਜਰਮਨ ਦੀਆਂ ਪਾਥੀਆਂ।'

ਪਾਥੀਆਂ ਵਰਗੇ ਬਰੈੱਡ ਸਨ, ਦੋ-ਤਿੰਨ ਕਿਸਮ ਦੇ। ਨਾਲ਼ੇ ਨਾਸ਼ਤਾ ਕਰੀ ਗਏ, ਨਾਲ਼ੇ ਗੱਲਾਂਬਾਤਾਂ।

ਭਾਅਜੀ ਕਹਿੰਦੇ "ਅੱਜ ਦਾ ਦਿਨ ਹੋਰ ਅਰਾਮ ਕਰ ਲੈ, ਕੱਲ੍ਹ ਨੂੰ ਆਪਾਂ ਵਕੀਲ ਕੋਲ਼ ਜਾ ਕੇ ਸ਼ਾਮ ਦੇ ਚਾਰ ਕੁ ਵਜੇ ਤੇਰਾ ਕੇਸ ਅਪਲਾਈ ਕਰ ਦੇਣਾ ਤੇ ਪਰਸੋਂ ਨੂੰ ਤੈਨੂੰ ਗਫ਼ਿਊਜੀ ਕੈਂਪ ਵਿੱਚ ਮੈਂ ਛੱਡ ਆਵਾਂਗਾ। ਅੱਗੋਂ ਫਿਰ ਤੇਰਾ ਕੇਸ ਚੱਲ ਪੈਣਾ। ਬਾਕੀ ਓਥੇ ਕੈਂਪ ਵਿੱਚ ਤੈਨੂੰ ਤੇਰੇ ਸਾਥੀ ਮਿਲ਼ ਪੈਣਗੇ, ਉਹ ਤੈਨੂੰ ਸਾਰਾ ਕੁਝ ਸਮਝਾ ਦੇਣਗੇ।"

ਪਹਿਲੀ ਰਾਤ ਤਾਂ ਮੈਨੂੰ ਥੱਕੇ ਹੋਏ ਨੂੰ ਪਤਾ ਹੀ ਨਹੀਂ ਚੱਲਿਆ, ਕਿੱਥੇ ਪਿਆਂ ਹਾਂ। ਦੂਜੀ ਰਾਤ ਨੂੰ ਸ਼ਾਮ ਦਾ ਪ੍ਰਸ਼ਾਦਾ ਛਕ ਕੇ ਜਦੋਂ ਕਮਰੇ ਵਿੱਚ ਸੌਣ ਗਿਆ ਤਾਂ ਦਰਵਾਜ਼ਾ ਬੰਦ ਕਰ ਕੇ ਬਹੁਤ ਰੋਇਆ ਕਿ ਕਿੱਥੋਂ ਕਿੱਥੇ ਆ ਗਏ। ਘਰ, ਮਾਤਾ-ਪਿਤਾ, ਭੈਣਾਂ, ਘਰਵਾਲ਼ੀ, ਦੋਸਤ-ਮਿੱਤਰ, ਆਪਣਾ ਪੰਜਾਬ ਸਭ ਕੁਝ ਕਿੱਥੇ ਰਹਿ ਗਿਆ। ਮੇਰਾ ਰੋਣਾ ਬੰਦ ਹੀ ਨਾ ਹੋਵੇ। ਹੌਲ਼ੀ-ਹੌਲ਼ੀ ਆਪਣੇ ਆਪ ਨੂੰ ਆਪ ਹੀ ਹੌਂਸਲਾ ਦੇ ਕੇ ਸੌਂ ਗਿਆ।

ਦੂਜੇ ਦਿਨ ਦੁਪਹਿਰ ਤੋਂ ਬਾਅਦ ਭਾਅਜੀ ਕਹਿੰਦੇ "ਤਿਆਰ ਹੋ ਜਾ..।"

ਇੱਕ ਮੂੰਗੀਆ ਰੰਗ ਦੀ ਦਸਤਾਰ, ਇੱਕ ਮੋਟੀ ਜੈਕਟ ਭਾਅਜੀ ਨੇ ਮੈਨੂੰ ਦੇ ਦਿੱਤੀ ਤੇ ਅਸੀਂ ਵਕੀਲ ਕੋਲ਼ ਚਲੇ ਗਏ। 50 ਮਾਰਕ ਜਰਮਨ ਦੀ ਕਰੰਸੀ ਭਾਅਜੀ ਨੇ ਉਸ ਨੂੰ ਮੇਰਾ ਕੰਮ ਅਪਲਾਈ ਕਰਨ ਦੀ ਦਿੱਤੀ। ਉਸ ਨੇ ਕੁਝ ਹੀ ਸਮੇਂ ਵਿੱਚ ਸਾਨੂੰ ਇੱਕ ਪੇਪਰ ਤਿਆਰ ਕਰ ਕੇ ਦੇ ਦਿੱਤਾ। ਦੂਜੇ ਦਿਨ ਭਾਅਜੀ ਅਜੀਤ ਸਿੰਘ ਪਿੰਡ ਨੌਲ਼ੀ, ਮੇਰੇ ਸਹੁਰਿਆਂ ਤੋਂ ਹੀ

ਇੱਕ ਅਵਤਾਰ ਸਿੰਘ, ਜੋ ਕਿ ਭਾਅਜੀ ਹੋਰਾਂ ਦੇ ਮਕਾਨ ਵਿੱਚ ਹੀ ਰਹਿੰਦਾ ਸੀ, ਇੱਕ ਮੁੰਡਾ ਹੋਰ ਮੈਨੂੰ ਨਿਊਰਨਬਰਗ ਸ਼ਹਿਰ 'ਚ ਹੀ ਬਣੇ 'ਸੈਨਡੋਰਫ਼' ਨਾਂ ਦੇ ਰਫ਼ਿਊਜੀ ਕੈਂਪ ਵਿੱਚ ਛੱਡ ਆਏ। ਭਾਅਜੀ ਹੁਰਾਂ ਨੇ ਕੈਂਪ ਤੋਂ ਥੋੜ੍ਹੀ ਪਿੱਛੇ ਹੀ ਗੱਡੀ ਰੋਕ ਕੇ ਮੈਨੂੰ ਸਭ ਸਮਝਾ ਦਿੱਤਾ ਸੀ।

ਮੈਂ ਕੈਂਪ ਦੇ ਗੇਟ 'ਤੇ ਖੜ੍ਹੇ ਸੁਰੱਖਿਆ ਗਾਰਡ ਨੂੰ ਆਪਣਾ ਪੇਪਰ ਵਿਖਾਇਆ ਤਾਂ ਉਹ ਮੈਨੂੰ ਕੈਂਪ ਦੇ ਅੰਦਰ ਬਣੇ ਪੁਲੀਸ ਦੇ ਦਫ਼ਤਰ ਵਿੱਚ ਛੱਡ ਆਇਆ। ਉਹਨਾਂ ਨੇ ਮੇਰਾ ਨਾਂ-ਪਤਾ ਸਾਰਾ ਲਿਖ ਲਿਆ ਤੇ ਪੰਜਾਬੀ ਅਤੇ ਜਰਮਨ ਬੋਲਣ ਵਾਲਾ ਬੰਦਾ ਬੁਲਾ ਲਿਆ ਤੇ ਕਹਿੰਦੇ "ਇੱਕ ਮਹੀਨੇ ਬਾਅਦ ਤੇਰੇ ਇੱਥੇ ਹੀ ਫਿੰਗਰ (ਬਾਇਓਮੀਟਰਿਕ) ਹੋਣੇ ਹਨ, ਇਹ ਆਰਜੀ ਕੈਂਪ ਹੈ, ਫਿੰਗਰ ਹੋਣ ਤੋਂ ਬਾਅਦ ਤੈਨੂੰ ਪੱਕੇ ਕੈਂਪ ਵਿੱਚ ਭੇਜ ਦਿੱਤਾ ਜਾਵੇਗਾ।"

ਉਹਨਾਂ ਮੇਰੇ ਨਾਂ ਦਾ ਇੱਕ ਕਾਰਡ ਬਣਾ ਕੇ ਮੈਨੂੰ ਦੇ ਦਿੱਤਾ। ਓਹੀ ਪੰਜਾਬੀ ਬੰਦਾ ਮੈਨੂੰ ਨਾਲ਼ ਹੀ ਬਣੀ ਇੱਕ ਵੱਡੀ ਸਾਰੀ ਬਿਲਡਿੰਗ ਵਿੱਚ ਲੈ ਗਿਆ। ਓਥੋਂ ਮੈਨੂੰ ਇੱਕ ਵੱਡਾ ਸਾਰਾ ਮੱਗ, ਇੱਕ ਕੋਲਾ, ਇੱਕ ਚਮਚਾ, ਇੱਕ ਗਲਾਸ ਅਤੇ ਇੱਕ ਬਿਸਤਰਾ ਮਿਲ ਗਿਆ ਤੇ ਉਹ ਬੰਦਾ ਇੱਕ ਖੁੱਲ੍ਹੇ ਜਿਹੇ ਬਣੇ ਹਾਲ ਵਿੱਚ ਮੈਨੂੰ ਛੱਡ ਗਿਆ। ਓਥੇ ਉੱਪਰ ਥੱਲੇ ਵਾਲ਼ੇ ਬੈੱਡ ਲੱਗੇ ਹੋਏ ਸਨ ਤੇ ਉਹਨਾਂ ਉੱਤੇ ਗੱਦੇ ਵਿੱਛੇ ਹੋਏ ਸਨ। ਮੈਂ ਆਪਣੀ ਚਾਦਰ ਵਿਛਾ ਕੇ ਉੱਤੇ ਸਿਰਹਾਣਾ ਰੱਖ ਕੇ ਬਿਸਤਰਾ ਤਿਆਰ ਕਰ ਲਿਆ। ਕੋਲ ਹੀ ਭਾਂਡੇ ਰੱਖ ਲਏ।

ਇੰਨੇ ਚਿਰ ਨੂੰ ਫ਼ੌਜੀ ਹੋਰੀਂ ਵੀ ਓਥੇ ਆ ਗਏ। ਫ਼ੌਜੀ ਹੋਰੀਂ ਮੈਨੂੰ ਵੇਖ ਕੇ ਖੁਸ਼ ਹੋ ਗਏ। ਅਸੀਂ ਜੱਫੀਆਂ ਪਾ ਕੇ ਮਿਲੇ। ਵਾਹਵਾ ਗੱਲਾਂਬਾਤਾਂ ਹੋਈਆਂ।

ਫ਼ੌਜੀ ਵੀਰ ਕਹਿੰਦਾ "ਗਿਆਨੀ! ਤੂੰ ਉੱਪਰ ਵਾਲ਼ਾ ਬੈੱਡ ਲੈ ਲਾ, ਮੈਂ ਥੱਲੇ ਆ ਜਾਨਾ ਕਿਉਂਕਿ ਤੂੰ ਨਿੱਤਨੇਮ ਕਰਨਾ ਹੁੰਦਾ।" ਮੈਂ ਕਿਹਾ "ਠੀਕ ਆ।"

ਥੋੜ੍ਹੇ ਚਿਰ ਬਾਅਦ ਕੁਝ ਹੋਰ ਪੰਜਾਬੀ ਮੁੰਡੇ ਵੀ ਓਥੇ ਆ ਗਏ। ਫ਼ੌਜੀ ਦਾ ਸਾਲ਼ਾ ਵੀ ਆ ਗਿਆ। ਸਾਰੇ ਜਣੇ ਇਕੱਠੇ ਹੋ ਕੇ ਕਹਿੰਦੇ "ਗਿਆਨੀ! ਅਸੀਂ ਤੇਰਾ ਹੀ ਇੰਤਜਾਰ ਕਰਦੇ ਸੀ, ਅੱਜ ਆਪਾਂ ਨੂੰ ਕੈਂਪ ਵਾਲ਼ਿਆਂ ਦਾ ਖਾਣਾ, ਖਾਣਾ ਪੈਣੈ; ਕੱਲ੍ਹ ਤੋਂ ਅਸੀਂ ਸਾਰਿਆਂ ਨੇ ਸਲਾਹ ਕੀਤੀ ਹੈ ਕਿ 10-10 ਮਾਰਕ ਪਾ ਕੇ ਆਪਣਾ ਰਾਸ਼ਨ ਸਟੋਰ ਵਿੱਚੋਂ ਲਿਆਵਾਂਗੇ ਅਤੇ ਇੱਥੇ ਇੱਕ ਸਾਂਝੀ ਰਸੋਈ ਬਣੀ ਹੋਈ ਹੈ, ਓਸ ਵਿੱਚ ਬਣਾ ਲਿਆ ਕਰਾਂਗੇ। ਕੈਂਪ ਵਾਲ਼ਿਆਂ ਦੇ ਖਾਣੇ ਤਾਂ ਸਿਰਫ਼ ਸਮਾਂ ਲੰਘਾਉਣ ਲਈ ਹੀ ਹਨ, ਤੇਰੀ ਕੀ ਸਲਾਹ ਹੈ।"

ਮੈਂ ਕਿਹਾ "ਜੀ ਮਨਜੂਰ ਹੈ..।" ਮੈਂ ਬਟੂਏ ਵਿੱਚੋਂ ਕੱਢ ਕੇ 10 ਮਾਰਕ ਫ਼ੌਜੀ ਨੂੰ ਫੜਾ ਦਿੱਤੇ। ਭਾਅਜੀ ਨੇ 50 ਜਾਂ ਪਤਾ ਨਹੀਂ 100 ਮਾਰਕ ਮੈਨੂੰ ਖ਼ਰਚੇ-ਪਾਣੀ ਲਈ ਦੇ ਦਿੱਤਾ ਸੀ।

ਫੌਜੀ ਹੋਰੀਂ ਆਪਣੇ ਲਈ ਮੀਟ ਵਗੈਰਾ ਬਣਾਉਂਦੇ ਤਾਂ ਪਹਿਲਾਂ ਮੇਰੇ ਲਈ ਅਲੱਗ ਕੋਈ ਨਾ ਕੋਈ ਸਬਜ਼ੀ ਬਣਾ ਦਿੰਦੇ ਸੀ।

ਚਲੋ, ਇਸ ਤਰ੍ਹਾਂ ਓਥੇ ਇੱਕ ਮਹੀਨਾ ਕੱਢਿਆ। ਦਿਨ ਸਮੇਂ ਬਾਹਰ ਆ ਜਾ ਸਕਦੇ ਸੀ। ਹੋਰ ਕਾਫ਼ੀ ਦੇਸ਼ਾਂ ਦੇ ਲੋਕ ਉਸ ਕੈਂਪ ਵਿੱਚ ਸਨ। ਫਿਲਪਾਈਨਜ਼, ਅਫ਼ਰੀਕਾ, ਪਾਕਿਸਤਾਨ, ਸ੍ਰੀ ਲੰਕਾ ਅਤੇ ਹੋਰ ਕਾਫੀ ਦੇਸ਼ਾਂ ਤੋਂ ਲੋਕ ਸਨ।

ਆਪਸ ਵਿੱਚ ਲੜਾਈਆਂ ਵੀ ਹੁੰਦੀਆਂ। ਇੱਕ ਪਾਸੇ ਹੋਰ ਬਿਲਡਿੰਗ ਵਿੱਚ ਪੰਜਾਬੀ ਮੁੰਡੇ ਰੋਜ਼ ਸ਼ਾਮ ਨੂੰ ਇਕੱਠੇ ਹੋ ਕੇ ਗੰਦੀਆਂ ਬੋਲੀਆਂ ਪਾਉਂਦੇ ਸਨ। ਮੈਂ ਤੁਰ-ਫਿਰ ਕੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਕਰਨ ਜਾਂਦਾ ਸੀ।

ਇੱਕ ਦਿਨ ਫੌਜੀ ਵੀਰ ਕਹਿੰਦਾ "ਗਿਆਨੀ! ਕੱਲ੍ਹ ਨੂੰ ਅਸੀਂ ਤੈਨੂੰ ਓਥੇ ਲੈ ਕੇ ਜਾਣਾ, ਜਿੱਥੇ ਬੋਲੀਆਂ ਪੈਂਦੀਆਂ ਸ਼ਾਮ ਨੂੰ।" ਮੈਂ ਕਿਹਾ "ਫੌਜੀ ਸਾਬ, ਉਹਨਾਂ ਨੂੰ ਆਪਣੀ ਮੌਜ-ਮਸਤੀ ਕਰਨ ਦਿਓ, ਮੇਰੇ ਕਰਕੇ ਐਵੇਂ ਉਹ ਤੰਗ ਹੋਣਗੇ, ਨਾਲੇ ਕਈਆਂ ਨੇ ਪੀਤੀ ਹੁੰਦੀ ਆ, ਮੈਂ ਨਹੀਂ ਜਾਣਾ।"

ਫੌਜੀ ਜਿੱਦੀ ਸੁਭਾਅ ਦਾ ਸੀ, ਹਟਿਆ ਨਾ। ਵੈਸੇ ਕੋਈ ਗੱਲ ਹੋਣੀ ਤਾਂ ਫੌਜੀ ਵੀ ਮੇਰੇ ਕੋਲੋਂ ਹੀ ਮੰਨਦਾ ਹੁੰਦਾ ਸੀ। ਬਾਕੀ ਭਾਵੇਂ ਉਹਦਾ ਸਾਲਾ ਵੀ ਕਹਿ ਦੇਵੇ ਕੁਝ, ਤਾਂ ਵੀ ਫੌਜੀ ਨਹੀਂ ਸੀ ਕਦੇ ਮੰਨਦਾ। ਖ਼ੈਰ, ਜ਼ੋਰ ਪਾ ਕੇ ਫੌਜੀ ਮੈਨੂੰ ਉਹਨਾਂ ਮੁੰਡਿਆਂ ਵਿੱਚ ਲੈ ਗਿਆ।

ਮੈਨੂੰ ਵੇਖ ਕੇ ਉਹ ਮੁੰਡੇ ਬੋਲੀਆਂ ਪਾਉਣੋਂ ਹੱਟ ਗਏ। ਉਹਨਾਂ ਵਿੱਚ ਕੁਝ ਤੀਹ-ਪੈਂਤੀ-ਚਾਲੀ ਕੁ ਸਾਲ ਦੇ ਵੀ ਸਨ। ਮੇਰੀ ਉਮਰ 22 ਸਾਲ ਸੀ ਓਦੋਂ। ਉਹ ਆਪਸ ਵਿੱਚੀਂ ਘੁਸਰ-ਮੁਸਰ ਜਿਹੀ ਕਰਨ ਲੱਗ ਗਏ। ਫਿਰ ਕਹਿੰਦੇ "ਇਹ ਓਹੀ ਗਿਆਨੀ ਆ ਜਿਹੜਾ ਔਧਰ ਸ਼ਾਮ ਨੂੰ ਪਾਠ ਕਰਦਾ ਹੁੰਦਾ।" ਫੌਜੀ ਕਹਿੰਦਾ- "ਹਾਂ.... ਯਾਰ ਬੋਲੀਆ ਪਾਓ, ਅਸੀਂ ਤੁਹਾਡੀਆਂ ਬੋਲੀਆਂ ਸੁਣਨ ਆਏ ਹਾਂ...।" ਤਾਂ ਉਹ ਕਹਿੰਦੇ- "ਫੌਜੀ ਯਾਰ, ਗਿਆਨੀ ਦੇ ਸਾਮ੍ਹਣੇ ਅਸੀਂ ਬੋਲੀਆਂ ਨਹੀਂ ਪਾ ਸਕਦੇ..।" ਫੌਜੀ ਕਹਿੰਦਾ "ਕਿਉਂ ?" ਕਹਿੰਦੇ- "ਯਾਰ ਚੰਗਾ ਨਹੀਂ ਲੱਗਦੈ.... ਤੇ ਸਾਡੀ ਪੀਤੀ ਹੋਈ ਵੀ ਆ।" ਫੌਜੀ ਕਹਿੰਦਾ- "ਤਾਹੀਂ ਤਾਂ ਮੈਂ ਇਸ ਨੂੰ ਨਾਲ਼ ਲੈ ਕੇ ਆਇਆ, ਇਹਨੇ ਤੁਹਾਡੀ ਸ਼ਿਕਾਇਤ ਮੇਰੇ ਕੋਲ ਲਾਈ ਆ..।" ਕਹਿੰਦੇ- "ਕੀ ?" ਕਹਿੰਦਾ- "ਹੁਣ ਇਸੇ ਤੋਂ ਸੁਣੋ।"

ਮੈਂ ਬੜੀ ਹਲੀਮੀ ਨਾਲ਼ ਉਹਨਾਂ ਨੂੰ ਕਿਹਾ- "ਆਪਾਂ ਸਾਰਿਆਂ ਨੇ ਪੁਲੀਟੀਕਲ ਸਟੇਅ ਕਿਸ ਚੀਜ਼ ਦੀ ਲਈ ਹੈ ? ਆਪਣੇ ਕੇਸ ਕਿਸ ਚੀਜ਼ ਦੇ ਲਿਖਾਏ ਹਨ..?" ਸਾਰੇ ਚੁੱਪ ਰਹੇ। ਮੈਂ ਇੱਕ ਜਣੇ ਵੱਲ ਇਸ਼ਾਰਾ ਕਰ ਕੇ ਕਿਹਾ "ਤੂੰ ਕਿਸ ਚੀਜ਼ ਦੀ ਸਟੇਅ ਅਪਲਾਈ ਕੀਤੀ ਹੈ..?" ਕਹਿੰਦਾ- "ਖ਼ਾਲਿਸਤਾਨ ਦੀ..।"

ਮੈਂ ਪੁੱਛਿਆ- "ਕਿਹੜੀ ਫ਼ੈਡਰੇਸ਼ਨ ਦਾ ਮੈਂਬਰ ਲਿਖਾਇਆ ?" ਕਹਿੰਦਾ- "ਦਲਜੀਤ

ਸਿੰਘ ਬਿੱਟੂ ਵਾਲੀ ਦਾ...।" ਮੈਂ ਕਿਹਾ "ਬਾਕੀ ਸਾਰਿਆਂ ਨੇ ?" ਕਹਿੰਦੇ- "ਅਸੀਂ ਵੀ...।" ਮੈਂ ਕਿਹਾ- "ਦਲਜੀਤ ਸਿੰਘ ਬਿੱਟੂ ਹੋਰੀਂ ਸ਼ਰਾਬ ਪੀ ਕੇ ਗੰਦੀਆਂ ਬੋਲੀਆਂ ਪਾਉਂਦੇ ਹਨ ਜਾਂ ਧਰਮ ਦੇ ਕੰਮ ਕਰਦੇ ਆ..?" ਤਾਂ ਨੀਵੀਆਂ ਪੈ ਗਈਆਂ ਸਾਰਿਆਂ ਦੀਆਂ।

ਮੈਂ ਕਿਹਾ "ਮੈਨੂੰ ਕੋਈ ਤਕਲੀਫ ਨਹੀਂ, ਪਰ ਤੁਹਾਡੀ ਸਾਰੀ ਰਿਪੋਰਟ ਸਰਕਾਰ ਨੂੰ ਜਾਂਦੀ ਹੈ। ਬਾਹਰ ਖੜ੍ਹਕੇ ਪੁਲੀਸ ਵਾਲੇ ਸਾਰਾ ਕੁਝ ਡਾਇਰੀ 'ਤੇ ਨੋਟ ਕਰਦੇ ਹਨ, ਮੈਂ ਰੋਜ਼ ਵੇਖਦਾਂ। ਇਹ ਤਾਂ ਮੈਨੂੰ ਵੀ ਨਹੀਂ ਪਤਾ ਕੀ ਲਿਖਦੇ ਹੋਣਗੇ?"

ਫਿਰ ਕਹਿੰਦੇ "ਜੀ ਅੱਜ ਤੋਂ ਬਾਅਦ ਨਹੀਂ ਬੋਲੀਆਂ ਪੌਂਦੀਆਂ...।"

ਫਿਰ ਜਿੰਨਾ ਚਿਰ ਅਸੀਂ ਓਥੇ ਰਹੇ, ਪਈਆਂ ਵੀ ਨਹੀਂ।

ਇਸ ਬਾਰੇ ਮੈਂ ਪਹਿਲਾਂ ਫ਼ੌਜੀ ਵੀਰੇ ਨਾਲ ਗੱਲ ਕਰ ਚੁੱਕਾ ਸੀ ਤੇ ਫ਼ੌਜੀ ਕਹਿੰਦਾ ਸੀ, ਮੈਂ ਤਾਂ ਆਪ ਪੀ ਲੈਨਾ, ਮੇਰੇ ਕਹੇ 'ਤੇ ਉਹਨਾਂ ਨੇ ਮੰਨਣਾ ਨਹੀਂ।

ਕੈਂਪ ਦੇ ਬਾਹਰ ਦੇ ਟੈਲੀਫ਼ੋਨ ਕਰਨ ਵਾਲ਼ੇ ਬੂਥ ਲੰਬੇ ਹੋਏ ਸਨ। ਫ਼ੋਨ ਕਰਨ ਦੀ ਵਾਰੀ ਬੜੀ ਮੁਸ਼ਕਿਲ ਨਾਲ਼ ਆਉਂਦੀ ਸੀ। ਇੱਕ ਦਿਨ ਫ਼ੌਜੀ ਵੀਰ ਨੇ ਪੰਜ-ਸੱਤ ਵਾਰੀ ਕੋਸ਼ਿਸ਼ ਕੀਤੀ ਫ਼ੋਨ ਕਰਨ ਦੀ ਪਰ ਉਸ ਦੀ ਵਾਰੀ ਨਾ ਆਵੇ, ਕੋਈ ਜ਼ਰੂਰੀ ਗੱਲ ਉਸ ਨੇ ਕਰਨੀ ਸੀ ਆਪਣੇ ਘਰ।

ਫ਼ੌਜੀ ਦੁਪਹਿਰ ਤਕ ਖਿੱਝ ਗਿਆ। ਗੁੱਸੇ ਵਿੱਚ ਆ ਕੇ ਉਸ ਨੇ ਪੰਜ-ਸੱਤ ਮੋਟੇ ਸਿਹੇ ਪੌਂਗ ਲਾ ਲਏ। ਫ਼ੌਜੀ ਸ਼ਰਾਬੀ ਹੋ ਗਿਆ ਸੀ ਤੇ ਆ ਕੇ ਟੈਲੀਫ਼ੂਨ ਬੂਥ ਵਿੱਚ ਵੜ ਗਿਆ। ਬੂਥ ਕੁਦਰਤੀ ਖਾਲੀ ਹੋ ਗਿਆ ਸੀ ਦੁਪਹਿਰ ਤੋਂ ਬਾਅਦ। ਫ਼ੌਜੀ ਨੂੰ ਸ਼ਰਾਬੀ ਵੇਖ ਤੇ ਉਸ ਦਾ ਸਾਲਾ ਵੀ ਉਸ ਦੇ ਨਾਲ਼ ਹੀ ਆ ਗਿਆ ਸੀ। ਫ਼ੌਜੀ ਨੇ ਫ਼ੋਨ ਤਾਂ ਘਰ ਨੂੰ ਕਰ ਲਿਆ ਪਰ ਹੁਣ ਨਾ ਤਾਂ ਕਿਸੇ ਨੂੰ ਬੂਥ ਵਿੱਚ ਵੜਨ ਦੇਵੇ ਤੇ ਨਾ ਆਪ ਬਾਹਰ ਨਿਕਲੇ। ਉਹੇ ਫ਼ੋਨ ਕਰਨ ਵਾਲਿਆਂ ਦੀ ਭੀੜ ਜਿਹੀ ਲੱਗ ਗਈ ਪਰ ਫ਼ੌਜੀ ਅੜ ਗਿਆ। ਉਸ ਦੇ ਸਾਲ਼ੇ ਨੇ ਇੱਕ ਮੁੰਡੇ ਕੋਲ਼ ਸੁਨੇਹਾ ਘਲਾਇਆ ਕਿ "ਜਾ ਕੇ ਗਿਆਨੀ ਨੂੰ ਲਿਆ, ਹੁਣ ਇਸ ਨੇ ਉਸ ਤੋਂ ਹੀ ਮੰਨਣੈ..।"

ਮੈਂ ਆ ਗਿਆ, ਮੈਂ ਕਿਹਾ "ਫ਼ੌਜੀ ਵੀਰੇ ਕੀ ਗੱਲ ਹੋਈ?" ਕਹਿੰਦਾ- "ਗਿਆਨੀ ਪਰ੍ਹਾਂ ਹਟ ਜਾਹ, ਅੱਜ ਮੈਂ ਸਵੇਰ ਦਾ ਬਹੁਤ ਖੱਜਲ ਹੋਇਆਂ..।" ਮੈਂ ਕਿਹਾ "ਹੁਣ ਤੇਰਾ ਫ਼ੋਨ ਹੋ ਗਿਆ ?" ਕਹਿੰਦਾ- "ਫ਼ੋਨ ਤਾਂ ਹੋ ਗਿਆ ਪਰ ਹੁਣ ਕਿਸੇ ਹੋਰ ਨੂੰ ਨਹੀਂ ਕਰਨ ਦੇਣਾ।" ਮੈਂ ਕਿਹਾ- "ਮੈਨੂੰ ਕੀ ਮੰਨਦਾ?" ਕਹਿੰਦਾ "ਭਰਾ..।" ਮੈਂ ਕਿਹਾ- "ਭਰਾ ਦੀ ਫਿਰ ਗੱਲ ਵੀ ਮੰਨੀਦੀ ਕਿ ਨਹੀਂ?" ਕਹਿੰਦਾ- "ਮੰਨੀਦੀ ਆ...।" ਮੈਂ ਕਿਹਾ "ਹੋਰ ਕਿਸੇ ਨੂੰ ਫ਼ੋਨ ਕਰਨਾ..?" ਕਹਿੰਦਾ "ਨਹੀਂ..।" ਮੈਂ ਕਿਹਾ- "ਚੱਲ ਫਿਰ ਰੋਟੀ ਛਣਾਈਏ,

ਨਾਲ਼ੇ ਆਹ ਜਿਹੜੇ ਐਨੇ ਜਣੇ ਉਡੀਕ ਕਰਦੇ ਆ ਫ਼ੋਨ ਕਰਨ ਦੀ, ਇਹਨਾਂ ਦਾ ਕੀ ਕਸੂਰ ਆ ?" ਫਿਰ ਥੋੜਾ ਠੰਢਾ ਹੋ ਕੇ ਕਹਿੰਦਾ "ਗਿਆਨੀ! ਮੈਂ ਤੇਰਾ ਕਹਿਣਾ ਨਹੀਂ ਮੋੜ ਸਕਦਾ, ਨਹੀਂ ਤਾਂ ਅੱਜ ਮੈਂ ਕਿਸੇ ਨੂੰ ਫ਼ੋਨ ਨਹੀਂ ਸੀ ਕਰਨ ਦੇਣਾ।"

ਮਸਾਂ ਮਨਾ ਕੇ ਫ਼ੌਜੀ ਨੂੰ ਵਾਪਸ ਕਮਰੇ ਵਿੱਚ ਲਿਆਂਦਾ ਤਾਂ ਫ਼ੌਜੀ ਬਿਨਾਂ ਕੁਝ ਖਾਧੇ-ਪੀਤੇ ਹੀ ਸੌਂ ਗਿਆ। ਦੂਜੇ ਦਿਨ ਉੱਠ ਕੇ ਕਹਿੰਦਾ- "ਗਿਆਨੀ! ਕੱਲ੍ਹ ਕੁਝ ਹੋਇਆ ਸੀ?" ਮੈਂ ਕਿਹਾ- "ਨਹੀਂ ਕੁਝ ਨਹੀਂ ਹੋਇਆ..।" "ਨਹੀਂ ਗਿਆਨੀ ਲੱਗਦਾ ਮੈਂ ਕੱਲ੍ਹ ਤੈਨੂੰ ਤੰਗ ਕੀਤਾ ਪਰ ਮੇਰੇ ਯਾਦ ਕੁਝ ਨਹੀਂ ਕੱਲ੍ਹ ਕੀ ਹੋਇਆ..।" ਤਾਂ ਉਸ ਦਾ ਸਾਲਾ (ਜੋ ਜਵਾਨ ਸੀ, ਫ਼ੌਜੀ ਦੀ ਉਮਰ ਕੋਈ ਚਾਲ਼ੀ ਕੁ ਸਾਲ ਸੀ) ਕਹਿੰਦਾ- "ਭਾਅਜੀ ਪਹਿਲਾਂ ਨਹਾਂ-ਧੋ ਕੇ ਚਾਹ ਪਾਣੀ ਪੀਉ ਫਿਰ ਦੱਸਦੇ ਹਾਂ ਕੀ ਹੋਇਆ...।"

ਬਾਅਦ 'ਚ ਉਸ ਨੇ ਫ਼ੌਜੀ ਨੂੰ ਸਾਰੀ ਕਹਾਣੀ ਸੁਣਾਈ ਤਾਂ ਫ਼ੌਜੀ ਕਹਿੰਦਾ- "ਅੱਜ ਤੋਂ ਬਾਅਦ ਨਹੀਂ ਪੀਣੀ ਯਾਰ, ਗਿਆਨੀ ਨੂੰ ਮੈਂ ਬਹੁਤ ਤੰਗ ਕਰਦਾ..।" ਤਾਂ ਉਸ ਦਿਨ ਤੋਂ ਫ਼ੌਜੀ ਸਿਰਫ਼ ਬੀਅਰ ਪੀਣ ਲੱਗ ਪਿਆ ਤੇ ਪੱਕੀ ਸ਼ਰਾਬ ਛੱਡ ਗਿਆ।

ਓਧਰ ਬੀਜੀ ਨੇ ਵਾਪਸ ਪੰਜਾਬ ਜਾਣਾ ਸੀ। ਮੈਂ ਭਾਅਜੀ ਹੋਰਾਂ ਨੂੰ ਸਮੇਂ-ਸਮੇਂ 'ਤੇ ਫ਼ੋਨ ਕਰਦਾ ਰਹਿੰਦਾ ਸੀ। ਭਾਅਜੀ ਕਹਿੰਦੇ ਬੀਜੀ ਨੇ ਫਲਾਣੀ ਤਰੀਕ ਨੂੰ ਚਲੀ ਜਾਣਾ ਜੇ ਕੋਈ ਸੁੱਖ ਸੁਨੇਹਾ ਦੇਣਾ ਤਾਂ ਦੇਹ ਜਾ। ਭਾਅਜੀ ਨੇ ਮੈਨੂੰ ਬੱਸਾਂ ਵਗੈਰਾਂ ਦਾ ਸਮਝਾ ਦਿੱਤਾ ਸੀ ਕਿ ਕਿਸ ਤਰ੍ਹਾਂ ਘਰ ਜਾਣਾ।

ਮੈਂ ਜਾ ਕੇ ਇੱਕ ਚਿੱਠੀ ਲਿਖ ਕੇ ਘਰਦਿਆਂ ਲਈ ਬੀਜੀ ਨੂੰ ਦੇ ਆਇਆ ਅਤੇ ਨਾਲ਼ੇ ਤਾਗੀਦ ਕਰ ਦਿੱਤੀ ਕਿ ਘਰਦਿਆਂ ਨੂੰ ਨਾ ਦੱਸਿਓ ਕਿ ਮੈਂ ਕਿਸ ਤਰੀਕੇ ਬਾਰਡਰ ਪਾਰ ਕਰ ਕੇ ਪਹੁੰਚਿਆ ਹਾਂ। ਬੀਜੀ ਪੰਜਾਬ ਗਏ ਤਾਂ ਭਾਪਾ ਜੀ, ਮੇਰੇ ਘਰਵਾਲ਼ੀ ਤੇ ਮਾਤਾ ਜੀ, ਬੀਜੀ ਨੂੰ ਮਿਲ਼ਣ ਆਏ ਤਾਂ ਬੀਜੀ ਕੋਲ਼ੋਂ ਰਿਹਾ ਨਾ ਗਿਆ ਤਾਂ ਬੀਜੀ ਨੇ ਸੱਚ-ਸੱਚ ਦੱਸ ਦਿੱਤਾ ਕਿ ਹਰਪ੍ਰੀਤ ਕਿਸ ਤਰ੍ਹਾਂ ਦੋ ਨੰਬਰ 'ਚ ਬਾਰਡਰ ਟੱਪ ਕੇ ਜਰਮਨ ਪਹੁੰਚਿਆ।

ਮੈਂ ਤਾਂ ਚਿੱਠੀ ਵਿੱਚ ਲਿਖ ਦਿੱਤਾ ਸੀ ਕਿ ਮੈਨੂੰ ਜਰਮਨ ਪਹੁੰਚਣ ਵਿੱਚ ਕੋਈ ਤਕਲੀਫ਼ ਨਹੀਂ ਸੀ ਹੋਈ। ਓਦੋਂ ਚਿੱਠੀਆਂ ਉੱਤੇ ਹੀ ਹਾਲ-ਚਾਲ ਪਤਾ ਲੱਗਦੇ ਸਨ। ਬਾਅਦ ਵਿੱਚ ਘਰੋਂ ਚਿੱਠੀ ਆਈ ਕਿ "ਸਾਨੂੰ ਪਤਾ ਚੱਲ ਗਿਆ ਹੈ ਕਿਸ ਤਰ੍ਹਾਂ ਤੂੰ ਜਰਮਨ ਪਹੁੰਚਿਆ....। ਪਰ ਤੂੰ ਸਾਡੇ ਕੋਲ਼ ਝੂਠ ਕਿਉਂ ਬੋਲਿਆ ?"

ਮੈਂ ਤਾਂ ਇਹੀ ਸੋਚਿਆ ਸੀ ਕਿ ਮੈਂ ਤਾਂ ਤੰਗ ਹੋਇਆ ਹੀ ਹਾਂ ਪਰ ਉਹਨਾਂ ਨੂੰ ਕਿਉਂ ਤੰਗ ਕਰਨਾ, ਦੱਸ ਕੇ।

ਓਧਰੋਂ ਕੈਂਪ ਵਿੱਚ ਸਾਡੀ ਸਭ ਦੀ ਫਿੰਗਰਾਂ ਦੀ ਵਾਰੀ ਆ ਗਈ । ਥੋੜ੍ਹੇ-ਥੋੜ੍ਹੇ ਕਰ ਕੇ ਸਭ ਨਵੇਂ ਬੰਦਿਆਂ ਦੇ ਫਿੰਗਰ ਹੋਣ ਲੱਗ ਪਏ। ਸਾਡੇ ਯਾਨੀ ਮੇਰੇ, ਫ਼ੌਜੀ ਵੀਰ, ਉਸ ਕੇ ਸਭ ਨਵੇਂ ਬੰਦਿਆਂ ਦੇ ਫਿੰਗਰ ਹੋਣ ਲੱਗ ਪਏ।

ਦੇ ਸਾਲੇ ਅਤੇ ਕਾਫ਼ੀ ਹੋਰ ਮੁੰਡਿਆਂ ਦੇ ਫਿੰਗਰ ਹੋ ਗਏ। ਫਿਰ ਕੈਂਪ ਵਾਲਿਆਂ ਨੇ ਸਾਨੂੰ ਤਰੀਕ ਦੱਸ ਦਿੱਤੀ ਕਿ ਫਲਾਣੀ ਤਰੀਕ ਨੂੰ ਤੁਹਾਨੂੰ ਪੱਕੇ ਕੈਂਪ ਵਿੱਚ ਭੇਜਿਆ ਜਾਣਾ ਹੈ। ਆਪੋ-ਆਪਣੀ ਤਿਆਰੀ ਰੱਖਿਓ।

ਜਿਸ 'ਨਿਊਰਨਬਰਗ' ਸ਼ਹਿਰ ਦੇ ਕੈਂਪ ਵਿੱਚ ਸਾਨੂੰ ਰੱਖਿਆ ਗਿਆ ਸੀ, ਇਹ ਹਿਟਲਰ ਦੀ ਇੱਕ ਪੁਰਾਣੀ ਜੇਲ੍ਹ ਸੀ। ਜਿੱਥੇ ਹਿਟਲਰ ਯਹੂਦੀਆਂ ਨੂੰ ਜਿਊਂਦਿਆਂ ਨੂੰ ਭੱਠੀਆਂ ਵਿੱਚ ਸਾੜਿਆ ਜਾਂਦਾ ਸੀ। ਉਹ ਚੈਂਬਰ, ਉਹ ਖੂਹ, ਹਾਲੇ ਉਸੇ ਤਰ੍ਹਾਂ ਪਏ ਸਨ ਜਿਨ੍ਹਾਂ ਵਿੱਚ ਯਹੂਦੀਆਂ ਨੂੰ ਜਿਊਂਦਿਆਂ ਸਾੜਿਆ ਜਾਂਦਾ ਸੀ। ਇਸੇ ਸ਼ਹਿਰ ਵਿੱਚ ਹੀ ਹਿਟਲਰ ਦਾ ਕਿਲ੍ਹਾ ਹੈ; ਬਹੁਤ ਵੱਡਾ ਕਿਲ੍ਹਾ ਜੋ ਕਿ ਪੂਰਾ ਨਾ ਬਣ ਸਕਿਆ ਤੇ ਦੂਜੀ ਸੰਸਾਰ ਜੰਗ ਵਿੱਚ ਹਿਟਲਰ ਦੀ ਮੌਤ ਹੋ ਗਈ ਸੀ।

ਇਸੇ ਕਿਲ੍ਹੇ ਦੇ ਬਣਨ ਦੌਰਾਨ ਹੀ ਇੱਕ ਪੱਤਰਕਾਰ ਨੇ ਹਿਟਲਰ ਨੂੰ ਪੁੱਛਿਆ ਸੀ- "ਤੁਸੀਂ ਇੰਨੇ ਸਖ਼ਤ ਸੁਭਾਅ ਦੇ ਹੋ, ਤੁਹਾਡੀ ਫ਼ੌਜ ਬਗ਼ਾਵਤ ਕਿਉਂ ਨਹੀਂ ਕਰਦੀ ?" ਤਾਂ ਹਿਟਲਰ ਕਹਿੰਦਾ "ਇਸ ਗੱਲ ਦਾ ਮੈਂ ਹੁਣੇ ਜਵਾਬ ਦਿੰਦਾ।" ਹਿਟਲਰ ਉਸ ਸਮੇਂ ਕਿਲ੍ਹੇ ਦੀ ਸਭ ਤੋਂ ਉਪਰਲੀ ਛੱਤ 'ਤੇ ਖੜ੍ਹਾ ਸੀ। ਉਸ ਨੇ ਆਪਣੇ ਇੱਕ ਫ਼ੌਜੀ ਮਜਦੂਰ ਨੂੰ ਬੁਲਾਇਆ ਤਾਂ ਉਹ ਆ ਗਿਆ ਹਿਟਲਰ ਉਸ ਨੂੰ ਕਹਿੰਦਾ- "ਇੱਥੋਂ ਥੱਲੇ ਛਾਲ ਮਾਰ ਦੇ..।" ਤਾਂ ਉਸ ਨੇ ਮਾਰ ਦਿੱਤੀ ਤੇ ਉਹ ਥੱਲੇ ਡਿੱਗ ਕੇ ਮਰ ਗਿਆ। ਪੱਤਰਕਾਰ ਕਹਿੰਦਾ- "ਇਹ ਕੀ ਕੀਤਾ ਤੁਸੀਂ ਬੰਦਾ ਮਾਰ ਦਿੱਤਾ...।" ਤਾਂ ਹਿਟਲਰ ਕਹਿੰਦਾ- "ਇਹੀ ਤੇਰੀ ਗੱਲ ਦਾ ਜਵਾਬ ਹੈ, ਉਸ ਨੂੰ ਪਤਾ ਸੀ ਕਿ ਅਗਰ ਮੈਂ ਛਾਲ ਨਾ ਮਾਰੀ ਤਾਂ ਹਿਟਲਰ ਨੇ ਮੈਨੂੰ ਮਾਰ ਦੇਣਾ।"

ਸ਼ਹਿਰ ਦੇ ਬਾਹਰਵਾਰ ਖੁੱਲ੍ਹੇ ਮੈਦਾਨ ਵਿੱਚ ਕਾਫ਼ੀ ਲੰਮੀ-ਚੌੜੀ ਅਤੇ ਦਸ ਕੁ ਫੁੱਟ ਉੱਚੀ ਕੰਧ ਬਣੀ ਹੋਈ ਹੈ। ਸਾਮ੍ਹਣੇ ਕਾਫ਼ੀ ਖੁੱਲ੍ਹਾ ਮੈਦਾਨ ਹੈ। ਉਸ ਕੰਧ ਉੱਤੇ ਖੜ੍ਹਾ ਹੋ ਕੇ ਹਿਟਲਰ ਜਰਮਨ ਦੇ ਲੋਕਾਂ ਨੂੰ ਪ੍ਰਭਾਵਸ਼ਾਲੀ ਅਤੇ ਜੋਸ਼ੀਲਾ ਭਾਸ਼ਣ ਦਿਆ ਕਰਦਾ ਸੀ। ਹਿਟਲਰ ਦੇ ਉਸ ਕਿਲ੍ਹੇ ਨੂੰ ਜੋ ਕਿ ਬਣਨ ਤੋਂ ਅਧੂਰਾ ਹੀ ਰਹਿ ਗਿਆ ਸੀ, ਹੁਣ ਜਰਮਨ ਸਰਕਾਰ ਨੇ ਅਜਾਇਬ ਘਰ ਬਣਾ ਦਿੱਤਾ ਹੈ। ਉਸ ਵਿੱਚ ਉਸ ਸਮੇਂ ਦੀਆਂ ਅਖ਼ਬਾਰਾਂ, ਫੋਟੋਆਂ, ਵੀਡੀਓਜ਼ ਵੇਖਣ ਨੂੰ ਮਿਲਦੀਆਂ ਹਨ।

ਖ਼ੈਰ, ਵਿਸ਼ਾ ਹੋਰ ਪਾਸੇ ਚਲਾ ਗਿਆ। ਸਾਡੇ ਫਿੰਗਰ ਹੋਣ ਤੋਂ ਬਾਅਦ ਸਾਨੂੰ ਤਰੀਕ ਦੱਸ ਦਿੱਤੀ ਗਈ ਕਿ ਫਲਾਣੀ ਤਰੀਕ ਨੂੰ ਆਪਣੇ ਪੱਕੇ ਕੈਂਪ ਵਿੱਚ ਜਾਣਾ ਹੈ। ਉਸ ਦਿਨ ਸਵੇਰ ਦੇ 9 ਕੁ ਵਜੇ ਇੱਕ ਬਹੁਤ ਹੀ ਸ਼ਾਨਦਾਰ ਲਗਜ਼ਰੀ ਬੱਸ ਆ ਗਈ ਸੀ। ਉਹ ਬੱਸ ਚਾਰ-ਪੰਜ ਜਗ੍ਹਾ ਥੋੜ੍ਹੇ-ਥੋੜ੍ਹੇ ਬੰਦੇ ਵੱਖ-ਵੱਖ ਥਾਂਵਾਂ 'ਤੇ ਉਤਾਰਦੀ ਸ਼ਾਮਾਂ ਦੇ ਸਮੇਂ ਉਸ ਕਸਬੇ ਵਿੱਚ ਪਹੁੰਚ ਗਈ, ਜਿੱਥੇ ਸਾਡਾ ਕੈਂਪ ਪੈਣਾ ਸੀ।

'ਕੌਂਫ਼ਬੈਰਨ' ਉਸ ਛੋਟੇ ਜਿਹੇ ਕਸਬੇ ਦਾ ਨਾਂ ਸੀ ਅਤੇ ਆਸਟਰੀਆ ਵਾਲੇ ਪਾਸੇ ਸੀ।

ਬੱਸ ਦਾ ਡਰਾਈਵਰ ਜਰਮਨ ਦਾ ਗੋਰਾ ਬਾਕੀ ਮਿਤੇ ਸਰੀਰ ਦਾ ਬੁੱਢਾ ਆਦਮੀ ਸੀ। ਉਹ ਸਾਨੂੰ ਬੱਸ ਵਿੱਚ ਛੱਡ ਕੇ ਇੱਕ ਬਿਲਡਿੰਗ ਵਿੱਚ ਕੁਝ ਪਤਾ ਕਰਨ ਗਿਆ। ਇੱਥੇ ਅਗੇ ਇੱਕ ਰਾਤ ਹੀ ਠਹਿਰਨਾ ਸੀ। ਫੌਜੀ ਹੁਰਾਂ ਨੇ ਕਲੀਂਡਰ-ਸਾਈਜ਼ ਵਾਲੇ ਪਾਸੇ ਦਾ ਡੈਸਬੋਰਡ ਮੱਲ ਲਿਆ। ਉਹ ਬੀਅਰਾਂ ਨਾਲ ਕਰਿਆ ਹੋਇਆ ਸੀ। ਬੋਤਲਾਂ ਬੀਅਰਾਂ ਦੀਆਂ ਬੋਤਲਾਂ ਤਾਕੀ ਕੋਲ ਜੋ ਸੀਟ ਸੀ, ਉਸ ਦੇ ਥੱਲੇ ਇੱਕ ਟੋਕਰੀ ਜਿਹੀ ਵਿੱਚ ਪਈਆਂ ਸੀ। ਫੌਜੀ ਹੋਰੀ ਡੈਸਬੋਰਡ ਵਾਲੀਆਂ ਬੀਅਰਾਂ ਆਪਣੇ ਬੈਗਾਂ ਵਿੱਚ ਪਾਉਣ ਲੱਗ ਗਏ। ਮੈਂ ਕਹਿਆ ਕਿਹਾ 'ਫੌਜੀ ਇਸ ਤਰ੍ਹਾਂ ਚੰਗੇ ਨਹੀਂ ਲੱਗਦਾ...।' ਪਰ ਫੌਜੀ ਹੋਰੀਂ ਨਾ ਮੰਨੇ। ਕੁਝ ਬੀਅਰਾਂ ਡੈਸਬੋਰਡ ਵਿੱਚ ਬਾਕੀ ਛੱਡ ਦਿੱਤੀਆਂ ਅਤੇ ਕੁਝ ਟੋਕਰੀ ਵਿੱਚ, ਤੇ ਬਾਕੀ ਆਪਣੇ ਬੈਗਾਂ ਵਿੱਚ ਰੱਖ ਲਈਆਂ। ਉਲਟਾ ਦੋ-ਤਿੰਨ ਬੀਅਰਾਂ ਦੀਆਂ ਬੋਤਲਾਂ ਫੌਜੀ ਨੇ ਧੱਕੇ ਨਾਲ ਹੀ ਮੇਰੇ ਬੈਗ ਵਿੱਚ ਪਾ ਦਿੱਤੀਆਂ ਤਾਂ ਫੌਜੀ ਕਹਿੰਦਾ 'ਘਬਰਾ ਨਾ ਗਿਆਨੀ ਐਵੇਂ ਨ੍ਹੀ ਡਰੀਦਾ ਹੁੰਦਾ।' ਤਦ ਤਕ ਬੁੱਢਾ ਜਰਮਨ ਡਰਾਈਵਰ ਵਾਪਸ ਆ ਗਿਆ। ਉਹ ਸਾਨੂੰ ਬਾਹਰਵਾਰ ਬਣੀ ਇੱਕ ਇਮਾਰਤ ਵਿੱਚ ਛੱਡ ਕੇ ਚਲਾ ਗਿਆ।

ਓਥੇ ਜੋ ਸਟਾਫ ਸੀ ਉਹਨਾਂ ਨੇ ਸਾਨੂੰ ਦੱਸ ਦਿੱਤਾ ਕਿ- 'ਆਹ ਬੈੱਡ ਲੱਗੇ ਹੋਏ ਹਨ ਸੌਣ ਲਈ, ਰਾਤ ਦਾ ਖਾਣਾ ਅਸੀਂ ਤੁਹਾਨੂੰ ਦੇਵਾਂਗੇ, ਸਵੇਰ ਦਾ ਨਾਸਤਾ ਮਿਲੇਗਾ ਤੇ ਬਾਅਦ ਵਿੱਚ ਇੱਕ ਹੋਰ ਬਿਲਡਿੰਗ ਵਿੱਚ ਤੁਹਾਨੂੰ ਕੱਲ੍ਹ ਨੂੰ ਅਸੀਂ ਛੱਡ ਆਉਣਾ ਹੈ।'

ਅਸੀਂ ਆਪਣੇ ਬਿਸਤਰੇ ਵਗੈਰਾ ਸਹੀ ਕਰ ਕੇ ਖਾਣੇ ਦੀ ਇੰਤਜਾਰ ਕਰਨ ਲੱਗ ਗਏ। ਮੈਂ ਫੌਜੀ ਹੋਰਾਂ ਨੂੰ ਕਿਹਾ- "ਬਾਥਰੂਮ ਵਗੈਰਾ ਵੇਖ ਕੇ ਆਉਨਾ ਕਿੱਥੇ ਹਨ, ਸਵੇਰੇ ਨਹਾਉਣਾ ਵੀ ਹੈ ਤੁਸੀਂ ਗੱਪ-ਸੱਪ ਮਾਰੋ।" ਫੌਜੀ ਕਹਿੰਦਾ "ਠੀਕ ਆ।"

ਮੈਂ ਬਾਹਰ ਵੱਲ ਨੂੰ ਗਿਆ ਤਾਂ ਉਹ ਬੁੱਢਾ ਡਰਾਈਵਰ ਉੱਚੀ-ਉੱਚੀ ਰੌਲਾ ਪਾਉਂਦਾ ਤੁਰਿਆ ਆਉਂਦਾ ਮੈਂ ਸੁਣ ਲਿਆ। ਮੈਂ ਦੌ ਛਾਲਾਂ ਕੀਤੀਆਂ ਤੇ ਜਾ ਕੇ ਫੌਜੀ ਹੋਰਾਂ ਨੂੰ ਕਿਹਾ ਕਿ "ਬੁੱਢਾ ਰੌਲਾ ਪਾਉਂਦਾ ਤੁਰਿਆ ਆਉਂਦਾ, ਆਪਣਾ ਬਚਾਅ ਕਰ ਲਓ, ਤੁਸੀਂ ਮੈਨੂੰ ਵੀ ਮਰਵਾਉਣੈ, ਨਾ ਮੈਂ ਬੀਅਰ ਪੀਣੀ ਨਾ ਮੇਰਾ ਕੋਈ ਵਾਸਤਾ...।" ਮੈਂ ਆਪਣਾ ਅੱਡ ਵੀ ਮਰਵਾਉਣੈ, ਨਾ ਮੈਂ ਬੀਅਰ ਪੀਣੀ ਨਾ ਮੇਰਾ ਕੋਈ ਵਾਸਤਾ...। ਮੈਂ ਆਪਣਾ ਅੱਡ ਰੌਲਾ ਪਾਈ ਜਾਵਾਂ।

ਫੌਜੀ ਕਹਿੰਦਾ- "ਹੁਣ ਗਿਆਨੀ ਤੂੰ ਤਾਂ ਚੁੱਪ ਕਰ...।" ਕਮਰਿਆਂ ਦੀਆਂ ਤਾਕੀਆਂ ਖੇਤਾਂ ਵੱਲ ਨੂੰ ਸਨ। ਬਾਹਰ ਕੋਈ ਫ਼ਸਲ ਬੀਜੀ ਹੋਈ ਸੀ ਕਾਫ਼ੀ, ਬੰਦੇ ਜਿੰਨੀ ਉੱਚੀ। ਫੌਜੀ ਹੋਰਾਂ ਫੁਰਤੀ ਮਾਰ ਕੇ ਸਾਰੀਆਂ ਬੀਅਰ ਦੀਆਂ ਬੋਤਲਾਂ ਬਾਹਰ ਵਗਾਹ ਮਾਰੀਆਂ, ਮੇਰੇ ਬੈਗ ਵਾਲੀਆਂ ਵੀ। ਤਦ ਤਕ ਬੁੱਢਾ ਉਸ ਬਿਲਡਿੰਗ ਦੇ ਸਟਾਫ਼ ਦੀ ਇੱਕ ਜਨਾਨੀ ਨੂੰ ਲੈ ਕੇ ਆ ਗਿਆ। ਉਹ ਕਹਿੰਦੀ- "ਆਪੋ-ਆਪਣੇ ਬੈਗ ਚੈੱਕ ਕਰਵਾਓ ਤੁਸੀਂ, ਇਸ ਦੀਆਂ ਬੀਅਰਾਂ ਚੋਰੀ ਹੋ ਗਈਆਂ...।"

ਅਸੀਂ ਆਪੋ-ਆਪਣੇ ਬੈਗ ਉਸ ਦੇ ਮੂਹਰੇ ਕਰ ਦਿੱਤੇ। ਉਹਨਾਂ ਚੈੱਕ ਕਰ ਕੇ ਫਿਰ

ਅਲਮਾਰੀਆਂ ਵਿੱਚ ਰੱਖੀਆਂ। ਇਕਲੌਤੇ ਫ਼ੌਜੀ ਨੂੰ ਸਮਝ ਆਉਂਦੀ ਸੀ ਜਰਮਨ ਭਾਸ਼ਾ, ਅਸੀਂ ਤਾਂ ਬੱਸ ਰੌਲਾ ਸੁਣਨ ਵਾਲੇ ਹੀ ਸਾਂ। ਫਿਰ ਖੁੱਦਾ ਪੁੱਜੀ-ਪੁੱਜੀ ਰੌਲਾ ਪਾਉਂਦਾ ਆਪਣੇ ਵਾਲਾਂ ਨੂੰ ਪੁੱਟਦਾ ਬਾਹਰ ਚਲਾ ਗਿਆ।

ਅਸੀਂ ਫ਼ੌਜੀ ਨੂੰ ਪੁੱਛਿਆ- "ਹੁਣ ਜਾਣ ਲੱਗਾ ਕੀ ਕਹਿੰਦਾ ਸੀ..?" ਤਾਂ ਫ਼ੌਜੀ ਕਹਿੰਦਾ- "ਸਾਲਾਂ ਕੱਢਦਾ ਸੀ ਤੇ ਨਾਲੇ ਕਹਿੰਦਾ ਸੀ ਜੇਕਰ ਇਹਨੇ ਵੀ ਨਹੀਂ ਕੀਅਤੂ ਚੁੱਕੀਆਂ ਤਾਂ ਗਈਆਂ ਤਾਂ ਗਈਆਂ ਕਿੱਥੇ ?" ਫਿਰ ਸਾਰੇ ਹੱਸਣ ਲੱਗ ਪਏ।

ਇੰਨੇ ਚਿਰ ਨੂੰ ਖਾਣੇ ਦੀ ਅਵਾਜ ਪੈ ਗਈ। ਖਾਣਾ ਖਾ ਕੇ ਅਸੀਂ ਵਾਪਸ ਆਪਣੇ ਕਮਰਿਆਂ ਵਿੱਚ ਆ ਗਏ ਤੇ ਮੈਂ ਗਏ। ਸਵੇਰੇ ਦਿਨ ਚੜ੍ਹਦਿਆਂ ਫ਼ੌਜੀ ਹੋਰੀਂ ਤਾਕੀਆਂ ਵਿੱਚੋਂ ਛਾਲਾਂ ਮਾਰ ਕੇ ਖੇਤਾਂ ਵਿੱਚੋਂ ਬੀਅਰਾਂ ਫਿਰ ਚੁੱਕ ਲਿਆਏ।

ਮੈਂ ਸੋਚ ਰਿਹਾ ਸੀ, ਸਾਡੇ ਪੰਜਾਬੀ ਬਾਹਰ ਆ ਕੇ ਵੀ ਨਹੀਂ ਟਲਦੇ ।

ਦੂਸਰੇ ਦਿਨ ਸਵੇਰ ਦਾ ਨਾਸ਼ਤਾ ਕਰਾ ਕੇ ਸਾਨੂੰ ਇੱਕ ਹੋਰ ਬਿਲਡਿੰਗ ਵਿੱਚ ਭੇਜ ਦਿੱਤਾ ਗਿਆ। ਤਿੰਨ ਦਿਨ, ਤਿੰਨ ਰਾਤਾਂ ਅਸੀਂ ਓਥੇ ਰਹੇ। ਓਥੇ ਅਸੀਂ ਆਪਣਾ ਖਾਣਾ ਆਪ ਬਣਾ ਕੇ ਖਾਧਾ। ਭਾਂਡੇ ਵਗੈਰਾ ਸਭ ਓਥੇ ਮੌਜੂਦ ਸਨ। ਚੌਥੇ ਦਿਨ ਸਾਨੂੰ ਬਿਲਕੁਲ ਨਵੀਂ-ਨਕੋਰ ਬਣੀ ਬਿਲਡਿੰਗ ਵਿੱਚ ਭੇਜ ਦਿੱਤਾ ਗਿਆ। ਇਹ ਸਾਡਾ ਪੱਕਾ ਕੈਂਪ ਸੀ। ਹੋਰ ਕਾਫ਼ੀ ਜਣੇ ਓਥੇ ਆ ਚੁੱਕੇ ਸਨ। ਜ਼ਿਆਦਾ ਜਣੇ ਪੰਜਾਬੀ ਹੀ ਸਨ। ਰਸੋਈ, ਕੱਪੜਿਆਂ ਨੂੰ ਧੋਣ ਲਈ ਨਵੀਆਂ ਮਸ਼ੀਨਾਂ, ਨਵੇਂ ਨਕੋਰ ਬੈੱਡ-ਬਿਸਤਰੇ ਯਾਨੀ ਸਭ ਕੁਝ ਨਵਾਂ ਹੀ ਨਵਾਂ ਸੀ। ਅਸੀਂ ਆਪਣਾ ਕਮਰਾ ਮੱਲ ਲਿਆ ਸੀ। ਮੈਂ ਫ਼ੌਜੀ ਕੋਲੋਂ ਜਰਮਨ ਭਾਸ਼ਾ ਵੀ ਨਾਲ ਦੀ ਨਾਲ ਸਿੱਖ ਰਿਹਾ ਸੀ। ਏ.ਬੀ.ਸੀ. ਅਤੇ ਸੌ ਤਕ ਜਰਮਨ ਦੀ ਗਿਣਤੀ ਤਾਂ ਮੈਂ ਫ਼ੌਜੀ ਕੋਲੋਂ ਨਿਊਰਨਬਰਗ ਵਾਲੇ ਕੈਂਪ ਵਿੱਚ ਦੋ ਚਾਰ ਦਿਨਾਂ ਵਿੱਚ ਹੀ ਸਿੱਖ ਲਈ ਸੀ।

ਹਫ਼ਤੇ ਕੁ ਦੇ ਵਿੱਚ ਸਾਡਾ ਰਹਿਣ-ਸਹਿਣ-ਖਾਣ-ਪੀਣ ਦਾ ਸਿਸਟਮ ਸੈੱਟ ਹੋ ਗਿਆ ਸੀ। ਚਿੱਠੀਆਂ ਲਿਖਣ ਲਈ ਕਾਪੀ-ਪੈੱਨ-ਲਿਫ਼ਾਫੇ ਵੀ ਇੱਕ ਸਟੋਰ ਤੋ ਲੈ ਆਂਦੇ ਸਨ। ਪਹਿਲੀ ਚਿੱਠੀ ਘਰਦਿਆਂ ਨੂੰ ਲਿਖ ਕੇ ਆਪਣਾ ਪਤਾ ਉਹਨਾਂ ਨੂੰ ਭੇਜ ਦਿੱਤਾ ਸੀ। ਚਿੱਠੀਆਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ ਸੀ।

31 ਦਸੰਬਰ 1990 ਤਕ ਜਰਮਨ ਸਰਕਾਰ ਵੱਲੋਂ ਰਫ਼ਿਊਜੀਆਂ ਲਈ ਕੰਮ ਦੀ ਆਗਿਆ ਨਹੀਂ ਸੀ। 15 ਦਿਨਾਂ ਬਾਅਦ ਯਾਨੀ ਹਰ 1 ਤਰੀਕ ਤੇ 15 ਤਰੀਕ ਨੂੰ ਸਭ ਨੂੰ 70-70 ਮਾਰਕ (ਜਰਮਨ ਕਰੰਸੀ) ਵੀ ਮਿਲਦੇ ਸਨ। ਇਸ ਬਹਾਨੇ ਸਭ ਦੀ ਹਾਜ਼ਰੀ ਵੀ ਲੱਗਦੀ ਸੀ। ਹੁਣ ਸਾਨੂੰ ਤੰਗੀ ਕੰਮ ਕਰਨ ਦੀ ਸੀ। ਕੋਸ਼ਿਸ਼ ਕੀਤਿਆਂ ਕਈ ਵਾਰੀ ਦੋ ਨੰਬਰ ਵਿੱਚ ਕੰਮ ਮਿਲ ਜਾਂਦਾ ਸੀ।

ਮੈਂ, ਫ਼ੌਜੀ ਅਤੇ ਉਸ ਦੇ ਸਾਲ਼ੇ ਨੇ ਸਵੇਰੇ ਖਾ-ਪੀ ਕੇ, ਤਿਆਰ ਹੋ ਕੇ ਤੁਰ ਕੇ ਨੇੜੇ-ਨੇੜੇ ਦੇ ਪਿੰਡਾਂ ਵੱਲ ਨਿਕਲ ਜਾਣਾ। ਕਦੇ ਮੈਨੂੰ ਕਦੇ ਆਪਣੇ ਸਾਲ਼ੇ ਨੂੰ ਫ਼ੌਜੀ ਨੇ ਕੰਮ ਪੁੱਛਣ

ਲਈ ਕਿਸੇ ਨਾ ਕਿਸੇ ਰੈਸਟੋਰੈਂਟ ਵਿੱਚ ਵਾਤ ਦੇਣਾ। ਕੰਮ ਪੁੱਛਣ ਜੋਗੀ ਡੱਚ ਭਾਸ਼ਾ ਫ਼ੌਜੀ ਨੇ ਸਿਖਾਲ ਦਿੱਤੀ ਸੀ। ਫ਼ੌਜੀ ਕਿਹਾ ਕਰਦਾ, 'ਜੇ ਨਾਂਹ ਹੋ ਗਈ ਤਾਂ ਬਾਹਰ ਆ ਜਾਣਾ, ਜੇ ਹਾਂ ਹੋ ਗਈ ਤਾਂ ਮੈਨੂੰ ਵੀ ਅਵਾਜ਼ ਮਾਰ ਲਿਓ।'

ਤਕਰੀਬਨ ਹਰ ਜਗ੍ਹਾ ਨਾਂਹ ਹੋਈ ਸੀ, ਕਿਉਂਕਿ ਦੋ ਨੰਬਰ ਵਿੱਚ (ਗ਼ੈਰ ਕਨੂੰਨੀ ਤੌਰ 'ਤੇ) ਕੰਮ 'ਤੇ ਰੱਖਣ ਲਈ ਗੋਰੇ ਖ਼ਤਰਾ ਮੁੱਲ ਨਹੀਂ ਲੈਂਦੇ ਸਨ। ਅਸੀਂ ਵੀ ਵਿਹਲੇ ਹੀ ਸੀ, ਨਾਲ਼ੇ ਦਿਹਾੜੀ ਲੰਘ ਜਾਂਦੀ ਸੀ।

ਮੈਂ ਆਪਣੇ ਪਿੰਡ ਵਾਲ਼ੇ ਬਾਬੇ ਬਲਦੇਵ ਸਿੰਘ ਅਤੇ ਇੱਕ ਪੰਜਾਬ ਤੋਂ ਹੀ ਜਾਣਨ ਵਾਲ਼ੇ ਖਾੜਕੂ ਸਿੰਘ ਬਾਬਾ ਦਵਿੰਦਰ ਸਿੰਘ ਨੂੰ ਵੀ ਚਿੱਠੀਆਂ ਲਿਖ ਚੁੱਕਾ ਸੀ। ਜਿਨ੍ਹਾਂ ਬਾਰੇ ਵਿਸਥਾਰਪੂਰਵਕ ਮੈਂ ਆਪਣੀ ਪਹਿਲੀ ਕਿਤਾਬ 'ਅੱਖੀਂ ਵੇਖਿਆ, ਕੰਨੀਂ ਸੁਣਿਆ, ਹੱਡੀਂ ਹੰਢਾਇਆ ਖਾੜਕੂ ਸੰਘਰਸ਼' ਵਿੱਚ ਲਿਖ ਚੁੱਕਾ ਹਾਂ।

ਅਖ਼ੀਰ ਇੱਕ ਦਿਨ ਬਾਬਾ ਦਵਿੰਦਰ ਸਿੰਘ ਹੋਰੀਂ ਸਾਡੇ ਕੈਂਪ ਆਏ। ਉਹ ਮੈਨੂੰ ਆਪਣੇ ਨਾਲ਼ 'ਔਗਸਬਰਗ' ਸ਼ਹਿਰ ਨੂੰ ਲੈ ਗਏ। ਤਿੰਨ-ਚਾਰ ਦਿਨ 'ਫਰੈਂਕਫਰਟ', 'ਕੋਲਨ', 'ਸਟੁਟਗਾਰਡ' ਸ਼ਹਿਰ ਘੁਮਾ ਕੇ ਉਹ ਮੈਨੂੰ ਵਾਪਸ 'ਔਗਸਬਰਗ' ਸ਼ਹਿਰ ਲੈ ਆਏ। ਬਾਬਾ ਦਵਿੰਦਰ ਸਿੰਘ ਹੋਰਾਂ ਨੇ ਸਲਾਹ ਕਰ ਕੇ ਮੈਨੂੰ ਸਵਿਟਜ਼ਰਲੈਂਡ ਭੇਜਣ ਦਾ ਮਨ ਬਣਾ ਲਿਆ। ਉਹ ਕਹਿੰਦੇ ਓਥੇ ਅਸੀਂ ਕਾਫ਼ੀ ਆਪਣੇ ਬੰਦੇ ਭੇਜੇ ਹਨ। ਓਥੇ ਦਾੜ੍ਹੀ-ਕੇਸਾਂ ਵਾਲ਼ਿਆਂ ਨੂੰ ਕੰਮ ਸੌਖਾ ਮਿਲ਼ ਜਾਂਦਾ ਹੈ।

ਬਾਬਾ ਦਵਿੰਦਰ ਸਿੰਘ ਹੁਰਾਂ ਨੇ ਕੁਝ ਦਿਨ ਲਈ ਮੈਨੂੰ ਇੱਕ ਮੀਟ ਪੈਕ ਕਰਨ ਵਾਲ਼ੀ ਫੈਕਟਰੀ ਵਿੱਚ ਕੰਮ 'ਤੇ ਲਾ ਦਿੱਤਾ। ਰਾਤ ਦੀ ਡਿਊਟੀ ਹੁੰਦੀ ਸੀ। 80 ਮਾਰਕ ਰਾਤ ਦੇ ਮਿਲ਼ਦੇ ਸਨ। ਫੈਕਟਰੀ ਦਾ ਮਾਲਕ ਦਿਨ ਢਲ਼ੇ 'ਤੇ ਕੈਂਪ ਵਿੱਚੋਂ ਇੱਕ ਵੈਨ ਵਿੱਚ ਲੈ ਜਾਂਦਾ ਸੀ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਛੱਡ ਜਾਂਦਾ ਸੀ। ਮੀਟ ਪਿੱਛਿਓਂ ਪਲਾਸਟਿਕ ਵਿੱਚ ਪੈਕ ਹੋ ਕੇ ਆਉਂਦਾ ਸੀ ਤੇ ਅਸੀਂ ਵਧੀ ਹੋਈ ਪਲਾਸਟਿਕ ਨੂੰ ਕੱਟ ਕੇ ਮਸ਼ੀਨ ਨਾਲ਼ ਪੂਰਾ ਚੋਰਸ ਹੋ ਕੇ ਆਉਂਦਾ ਸੀ ਤੇ ਅਸੀਂ ਵਧੀ ਹੋਈ ਪਲਾਸਟਿਕ ਨੂੰ ਕੱਟ ਕੇ ਮਸ਼ੀਨ ਨਾਲ਼ ਪੂਰਾ ਚੋਰਸ ਕਰ ਕੇ ਅੱਗੇ ਤੋਰ ਦਿੰਦੇ ਸੀ। ਬੱਸ ਸਾਡਾ ਇਹੀ ਕੰਮ ਸੀ। 10 ਕੁ ਰਾਤਾਂ ਮੈਂ ਓਥੇ ਲਾਈਆਂ।

ਸਵਿਟਜ਼ਰਲੈਂਡ ਜਾਣ ਦਾ ਪੱਕਾ ਪ੍ਰੋਗਰਾਮ ਬਣ ਗਿਆ ਸੀ। ਬਾਰਡਰ ਟਪਾਉਣ ਦਾ ਕੰਮ ਬਾਬਾ ਦਵਿੰਦਰ ਸਿੰਘ ਹੋਰਾਂ ਦਾ ਸੀ। ਬਾਰਡਰ ਟਪਾਉਣ ਵਾਲ਼ੇ ਵੈਸੇ ਪ੍ਰਤੀ-ਬੰਦਾ 800 ਮਾਰਕ ਲੈਂਦੇ ਸਨ, ਪਰ ਬਾਬਾ ਦਵਿੰਦਰ ਸਿੰਘ ਕਹਿੰਦਾ "ਜਿਹੜਾ ਬੰਦਾ ਤੈਨੂੰ ਛੱਡਣ ਜਾਵੇਗਾ, ਤੂੰ ਸਿਰਫ਼ ਉਹਨੂੰ 200 ਮਾਰਕ ਦੇਣਾ, ਬਾਕੀ ਆਪਣਾ ਜੇਬ ਖ਼ਰਚਾ ਰੱਖ ਲੈ।" ਮੈਂ ਆਪਣੇ ਕੈਂਪ ਜਾ ਕੇ ਪੈਸੇ ਜੋ ਸਰਕਾਰ ਵੱਲੋਂ ਮਿਲ਼ਦੇ ਸਨ, ਉਹ ਲੈ ਆਇਆ ਸੀ ਅਤੇ ਜ਼ਰੂਰੀ ਕੱਪੜਿਆਂ ਵਾਲ਼ਾ ਬੈਗ ਵੀ।

* * * * *

ਜਰਮਨ ਦਾ ਬਾਰਡਰ ਟੱਪ ਕੇ ਸਵਿਟਜ਼ਰਲੈਂਡ ਪਹੁੰਚਣ ਦੀ ਕਹਾਣੀ

ਸੰਨ 1990 ਦਾ ਦਸੰਬਰ ਦਾ ਮਹੀਨਾ ਅੱਧੇ ਤੋਂ ਜ਼ਿਆਦਾ ਲੰਘ ਚੁੱਕਾ ਸੀ। ਪੂਰਾ ਜਰਮਨ ਬਰਫ਼ ਦੀ ਚਿੱਟੀ ਚਾਦਰ ਨਾਲ਼ ਢਕਿਆ ਗਿਆ ਸੀ। ਦੋ ਨੰਬਰ ਵਿੱਚ ਸਵਿਟਜ਼ਰਲੈਂਡ ਜਾਣ ਲਈ ਫਿਰ ਇੱਕ ਵਾਰ ਬਾਰਡਰ ਟੱਪਣਾ ਪੈਣਾ ਸੀ। ਤਰੀਕ ਹੁਣ ਮੈਨੂੰ ਯਾਦ ਨਹੀਂ।

'ਔਗਸਬਰਗ' ਸ਼ਹਿਰ ਦੇ ਰਫ਼ਿਊਜੀ ਕੈਂਪ ਵਿੱਚ ਸਵੇਰ ਦੇ 11 ਕੁ ਵਜੇ ਗੱਡੀ ਮੈਨੂੰ ਲੈਣ ਲਈ ਪਹੁੰਚ ਗਈ। ਡਰਾਈਵਰ ਅਵਤਾਰ ਸਿੰਘ ਪ੍ਰਧਾਨ ਸੀ, ਜਿਸ ਨੇ ਮੈਨੂੰ ਅਤੇ ਕੁਝ ਹੋਰ ਮੁੰਡਿਆਂ ਨੂੰ ਸਵਿਟਜ਼ਰਲੈਂਡ ਪਹੁੰਚਾਉਣਾ ਸੀ। ਅਵਤਾਰ ਸਿੰਘ ਪ੍ਰਧਾਨ ਪੰਜਾਬ ਤੋਂ ਮੈਨੂੰ ਜਾਣਦਾ ਸੀ। ਇੱਕ ਰਾਤ ਮੇਰੇ ਨਾਲ਼ ਹੁਸ਼ਿਆਰਪੁਰ ਸੀ.ਆਈ.ਏ. ਸਟਾਫ਼ ਵਿੱਚ ਰਿਹਾ ਸੀ। ਅਵਤਾਰ ਸਿੰਘ ਮੈਨੂੰ 'ਫਰੈਂਕਫਰਟ' ਗੁਰਦੁਆਰਾ ਸਾਹਿਬ ਮਿਲਿਆ ਸੀ। ਉਸ ਨੇ ਮੈਨੂੰ ਯਾਦ ਕਰਾਇਆ ਕਿ ਆਪਾਂ ਸੀ.ਆਈ.ਏ. ਸਟਾਫ਼ ਹੁਸ਼ਿਆਰਪੁਰ ਇਕੱਠੇ ਰਹੇ ਆਂ। ਜਰਮਨ ਵਿੱਚ ਉਸ ਨੂੰ 'ਅਵਤਾਰ ਸਿੰਘ ਸ਼ੁਰਲੀ' ਨਾਂ ਨਾਲ਼ ਵੀ ਜਾਣਿਆ ਜਾਂਦਾ ਸੀ। ਕਾਫ਼ੀ ਤੇਜ਼-ਤਰਾਰ ਬੰਦਾ ਸੀ। ਹਾਲੇ ਵੀ ਜਰਮਨ ਵਿੱਚ ਰਹਿ ਰਿਹਾ ਹੈ।

ਬਾਬਾ ਦਵਿੰਦਰ ਸਿੰਘ ਮੈਨੂੰ ਥੱਲੇ ਛੱਡਣ ਲਈ ਆਇਆ। ਅਵਤਾਰ ਸਿੰਘ ਪ੍ਰਧਾਨ ਦੇ ਨਾਲ਼ ਕਾਰ ਵਿੱਚ ਤਿੰਨ ਜਣੇ ਹੋਰ ਸਨ। ਬਾਰਡਰ ਪਾਰ ਕਰਨ ਤੋਂ ਪਹਿਲਾਂ ਅਸੀਂ ਇੱਕ ਪੰਜਾਬੀ ਮੁੰਡੇ ਦੇ ਘਰ ਰਾਤ ਨੂੰ ਪਹੁੰਚ ਗਏ। ਦੂਜੀ ਰਾਤ ਨੂੰ ਅਸੀਂ ਬਾਰਡਰ ਪਾਰ ਕਰਨਾ ਸੀ। ਦੂਜੀ ਰਾਤ ਗਿਆਰਾਂ ਕੁ ਵਜੇ ਅਸੀਂ ਘਰੋਂ ਨਿਕਲ਼ੇ। ਪ੍ਰਧਾਨ ਨੇ ਗੱਡੀ ਮੇਨ ਰੋਡ 'ਤੇ ਪਾਈ। ਮੈਂ ਕੇਸ ਖੋਲ੍ਹ ਕੇ ਪਿੱਛੇ ਧੌਣ ਕੋਲ਼ ਰਬੜ ਪਾਈ ਹੋਈ ਸੀ, ਬਾਕੀ ਮੁੰਡੇ ਮੋਨੇ ਸਨ। ਪ੍ਰਧਾਨ ਖ਼ੁਦ ਸਾਬਤ-ਸੂਰਤ ਦਸਤਾਰਧਾਰੀ ਸੀ।

ਮੇਨ ਰੋਡ 'ਤੇ ਚੜ੍ਹ ਕੇ ਗੱਡੀ ਥੋੜੀ ਹੀ ਅੱਗੇ ਗਈ ਸੀ ਤਾਂ ਪਿੱਛੇ ਪੁਲੀਸ ਲੱਗ ਗਈ। ਪ੍ਰਧਾਨ ਨੇ ਸ਼ੀਸ਼ੇ ਵਿੱਚੋਂ ਵੇਖ ਲਿਆ ਸੀ। ਪ੍ਰਧਾਨ ਕਹਿੰਦਾ "ਆਪਣੇ ਪਿੱਛੇ ਪੁਲੀਸ ਲੱਗ ਗਈ ਹੈ ਤੁਸੀਂ ਕੁਝ ਨਾ ਬੋਲਿਓ, ਮੈਂ ਆਪੇ ਗੱਲ ਕਰਾਂਗਾ। ਪੁਲੀਸ ਵਾਲ਼ਿਆਂ ਨੇ ਆਪਣੀ ਗੱਡੀ ਅੱਗੇ ਕੱਢ ਕੇ ਸਾਡੀ ਗੱਡੀ ਇੱਕ ਪਾਸੇ ਲਗਵਾ ਲਈ।

ਪ੍ਰਧਾਨ ਕੋਲ ਨਕਸ਼ਾ ਸੀ ਪੇਪਰ ਵਾਲਾ, ਜਦੋਂ ਪੁਲੀਸ ਵਾਲੇ ਕੋਲ ਆਏ ਤਾਂ ਪ੍ਰਧਾਨ ਉਹਨਾਂ ਨੂੰ ਕਹਿੰਦਾ "ਅਸੀਂ ਇਸ ਐਡਰੈੱਸ 'ਤੇ ਜਾਣੈ, ਸਾਨੂੰ ਲੱਭ ਨਹੀਂ ਰਿਹਾ।" ਇਹ ਐਡਰੈੱਸ ਜਿੱਥੇ ਅਸੀਂ ਪੰਜਾਬੀ ਮੁੰਡੇ ਕੋਲ ਰਾਤ ਰਹੇ ਸੀ, ਉਥੇ ਦਾ ਸੀ। ਪੁਲੀਸ ਵਾਲੇ ਆਪਣੀ ਗੱਡੀ ਅੱਗੇ ਲਾ ਕੇ ਸਾਨੂੰ ਫਿਰ ਉਥੇ ਹੀ ਛੱਡ ਆਏ।

ਪੁਲੀਸ ਵਾਲਾ ਖਤਰਾ ਫਿਲਹਾਲ ਟਲ ਗਿਆ। ਫਿਰ ਜਾ ਕੇ ਸਾਨੂੰ ਸੁੱਖ ਦਾ ਸਾਹ ਆਇਆ। ਇਸ ਤਰ੍ਹਾਂ ਸਾਡਾ ਬਚਾਅ ਹੋ ਗਿਆ। ਕਿਉਂਕਿ ਦੋ ਮੁੰਡਿਆਂ ਕੋਲ ਪੁਲੀਟੀਕਲ ਸਟੇਅ ਦੇ ਪੇਪਰ ਵੀ ਨਹੀਂ ਸਨ। ਅੱਧਾ ਕੁ ਘੰਟਾ ਇੰਤਜ਼ਾਰ ਕਰ ਕੇ ਪ੍ਰਧਾਨ ਨੇ ਫਿਰ ਗੱਡੀ ਉਧਰ ਨੂੰ ਪਾ ਦਿੱਤੀ। ਬਰਫ਼ ਪੂਰੇ ਜ਼ੋਰਾਂ ਵਿੱਚ ਪੈ ਰਹੀ ਸੀ।

ਇੱਥੇ ਵੀ ਬਾਰਡਰ ਬਿਲਕੁਲ ਪੁਲੀਸ ਦੀ ਚੌਂਕੀ ਦੇ ਅੱਗਿਓਂ ਦੀ ਪਾਰ ਕਰਨਾ ਪੈਣਾ ਸੀ। ਪਿੱਛੇ ਗੱਡੀ ਰੋਕ ਕੇ ਪ੍ਰਧਾਨ ਇਕੱਲਾ ਤੁਰ ਕੇ ਵੇਖਣ ਗਿਆ। ਰਾਤ ਦਾ ਇੱਕ ਜਾਂ ਡੇਢ ਵੱਜ ਚੁੱਕਾ ਸੀ। ਜੋ ਪੁਲੀਸ ਵਾਲਾ ਡਿਊਟੀ ਦੇ ਰਿਹਾ ਸੀ, ਉਹ ਰਾਈਫਲ ਹੱਥਾਂ ਵਿੱਚ ਫੜੀ ਕੰਧ ਨਾਲ ਸਿਰ ਲਾ ਕੇ ਸੁੱਤਾ ਪਿਆ ਸੀ। ਪ੍ਰਧਾਨ ਕਹਿੰਦਾ- 'ਗੱਲ ਬਣ ਜੂ ਲੱਗਦੀ।' ਪ੍ਰਧਾਨ ਨੇ ਹੌਲੀ-ਹੌਲੀ ਰੇਸ ਦੇ ਕੇ ਗੱਡੀ ਲੰਘਾ ਦਿੱਤੀ।

ਹੁਣ ਅਸੀਂ ਸਵਿਟਜ਼ਰਜਲੈਂਡ ਵਿੱਚ ਵੜ ਗਏ ਸੀ। ਥੋੜਾ ਅੱਗੇ ਜਾ ਕੇ ਗੱਡੀ ਹਾਈਵੇਅ 'ਤੇ ਪੈ ਗਈ ਸੀ। ਕਰੀਬ ਤਿੰਨ ਕੁ ਵਜੇ ਅਸੀਂ ਸਵਿਟਜ਼ਰਲੈਂਡ ਦੇ 'ਜ਼ੂਰਕ' ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ ਸਾਂ।

ਬਾਬਾ ਦਵਿੰਦਰ ਸਿੰਘ ਨੇ ਮੈਨੂੰ ਆਪਣੇ ਦੋ ਜਾਣਕਾਰ ਬੰਦਿਆਂ (ਬਲਵਿੰਦਰ ਸਿੰਘ ਅਤੇ ਬਖਸ਼ੀਸ਼ ਸਿੰਘ) ਦੇ ਟੈਲੀਫੋਨ ਨੰਬਰ ਅਤੇ ਐਡਰੈੱਸ ਦਿੱਤੇ ਸਨ।

ਸਾਡੇ ਨਾਲ ਇੱਕ ਕਰਨੈਲ ਸਿੰਘ ਨਾਂ ਦਾ ਕੋਈ ਤੀਹ ਕੁ ਸਾਲ ਦੀ ਉਮਰ ਦਾ ਬਹੁਤ ਘੱਟ ਬੋਲਣ ਵਾਲਾ ਮੁੰਡਾ ਸੀ। ਮੈਂ ਉਸ ਨੂੰ ਪੁੱਛਿਆ- "ਭਾਅਜੀ! ਹੈ ਕੋਈ ਤੁਹਾਡਾ ਜਾਣਕਾਰ ਇੱਥੇ?" ਕਹਿੰਦਾ- "ਹਾਂ ਹੈਗੈ, 'ਬਾਸਲ' ਸ਼ਹਿਰ ਵਿੱਚ..।" ਮੈਂ ਕਿਹਾ- "ਮੈਂ ਵੀ ਬਾਸਲ ਹੀ ਜਾਣੈ, ਇਕੱਠੇ ਚੱਲੀਏ?" ਕਹਿੰਦਾ- "ਚੱਲ ਠੀਕ ਆ..।"

ਬਾਕੀ ਦੇ ਮੁੰਡਿਆਂ ਨੇ ਕਿਤੇ ਹੋਰ ਜਾਣਾ ਸੀ। ਯੂਰਪ ਵਿੱਚ ਰਾਤ ਦੇ ਬਾਰਾਂ ਵਜੇ ਤੋਂ ਸਵੇਰ ਦੇ ਪੰਜ ਵਜੇ ਤਕ ਟਰੇਨਾਂ ਬਹੁਤ ਘੱਟ ਚਲਦੀਆਂ ਹਨ। ਜ਼ਿਆਦਾ ਸਮਾਂ ਰੇਲਵੇ ਸਟੇਸ਼ਨ 'ਤੇ ਖੜ੍ਹੇ ਹੋਣਾ ਠੀਕ ਨਹੀਂ ਸੀ। ਕਈ ਵਾਰੀ ਪੁਲੀਸ ਚੈੱਕ ਕਰ ਲੈਂਦੀ ਸੀ। ਅਸੀਂ ਦੋਹਾਂ ਨੇ ਸਲਾਹ ਕਰ ਕੇ 'ਬਾਸਲ' ਸ਼ਹਿਰ ਜਾਣ ਲਈ ਟੈਕਸੀ ਕਰ ਲਈ। ਪੈਸੇ ਸਾਡੇ ਕੋਲ ਹੈਗੇ ਸਨ।

ਡੇਢ-ਦੋ ਘੰਟਿਆਂ ਵਿੱਚ ਟੈਕਸੀ ਵਾਲੇ ਨੇ ਸਾਨੂੰ ਬਾਸਲ ਸ਼ਹਿਰ ਵਿੱਚ ਪਹੁੰਚਾ ਦਿੱਤਾ। ਬਲਵਿੰਦਰ ਸਿੰਘ ਹੋਰੀਂ ਦੋ ਸਕੇ ਭਰਾ ਸਨ ਗੁਰਦਾਸਪੁਰ ਜ਼ਿਲ੍ਹੇ ਤੋਂ। ਇੱਕ ਛੋਟੇ ਜਿਹੇ

ਮਕਾਨ ਵਿੱਚ ਰਹਿ ਰਹੇ ਸਨ। ਇਹਨਾਂ ਦਾ ਅਤੇ ਇੱਕ ਬਖਸ਼ੀਸ਼ ਸਿੰਘ ਨਾਮੀ ਮੁੰਡੇ ਦਾ ਨਾਂ-ਪਤਾ ਬਾਬਾ ਦਵਿੰਦਰ ਸਿੰਘ ਨੇ ਮੈਨੂੰ ਦਿੱਤਾ ਸੀ।

ਅਸੀਂ ਘੰਟੀ ਮਾਰੀ ਤਾਂ ਉੱਪਰੋਂ ਕਿਸੇ ਨੇ ਮੇਨ ਦਰਵਾਜ਼ਾ ਖੋਲ੍ਹ ਦਿੱਤਾ। ਅਸੀਂ ਪੌੜੀਆਂ ਚੜ੍ਹ ਕੇ ਉੱਪਰ ਮਕਾਨ ਨੰਬਰ ਵੇਖ ਕੇ, ਉਸ ਦੀ ਘੰਟੀ ਮਾਰ ਦਿੱਤੀ। ਬਲਵਿੰਦਰ ਸਿੰਘ ਹੋਰੀਂ ਆਪ ਆਏ ਸਨ ਦਰਵਾਜ਼ਾ ਖੋਲ੍ਹਣ। ਫ਼ਤਹਿ ਦੀ ਸਾਂਝ ਕਰਨ ਤੋਂ ਬਾਅਦ ਅਸੀਂ ਅੰਦਰ ਚਲੇ ਗਏ। ਕੁਝ ਸਮਾਂ ਇਧਰ-ਉਧਰ ਦੀਆਂ ਗੱਲਾਂ ਚੱਲਦੀਆਂ ਰਹੀਆਂ।

ਫਿਰ ਬਲਵਿੰਦਰ ਸਿੰਘ ਨੇ ਸਾਨੂੰ ਕਿਹਾ "ਅਸੀਂ ਕੰਮ 'ਤੇ ਚਲੇ ਜਾਣੈ, ਤੁਸੀਂ ਅਰਾਮ ਕਰੋ, ਨਹਾਵੋ-ਧੋਵੋ, ਰਸੋਈ ਵਿੱਚ ਸਾਰਾ ਸਮਾਨ ਪਿਆ। ਚਾਹ-ਪਾਣੀ-ਪ੍ਰਸਾਦਾ ਬਣਾ ਕੇ ਛਕ ਲੈਣਾ।" ਫਿਰ ਦੋਵੇਂ ਭਰਾ ਨਹਾ-ਧੋ ਕੇ, ਕੰਮ 'ਤੇ ਜਾਣ ਲਈ ਤਿਆਰ ਹੋ ਗਏ।

ਇੱਕ-ਇੱਕ ਕੱਪ ਚਾਹ ਉਹਨਾਂ ਸਾਡੇ ਲਈ ਵੀ ਬਣਾਈ। ਅਸੀਂ ਵਾਰੀ-ਵਾਰੀ ਬਰੱਸ਼ ਕਰ ਕੇ ਚਾਹ ਪੀਤੀ। ਬਲਵਿੰਦਰ ਸਿੰਘ ਹੋਰੀਂ ਕੰਮ 'ਤੇ ਚਲੇ ਗਏ। ਥੋੜ੍ਹਾ ਸਮਾਂ ਰੁਕ ਕੇ ਅਸੀਂ ਵਾਰੀ-ਵਾਰੀ ਨਹਾ ਲਿਆ ਤੇ ਸੌਂ ਗਏ। ਤਿੰਨ-ਚਾਰ ਘੰਟੇ ਬਾਅਦ ਸਾਡੀ ਅੱਖ ਖੁੱਲ੍ਹੀ।

ਸਬਜ਼ੀ ਫ਼ਰਿੱਜ਼ ਵਿੱਚ ਪਈ ਸੀ। ਅਸੀਂ ਮੂੰਹ-ਹੱਥ ਧੋ ਕੇ ਪ੍ਰਸਾਦੇ ਲਾਹ ਕੇ ਛਕ ਲਏ। ਕਰਨੈਲ ਸਿੰਘ ਆਪਣੇ ਜਾਣਕਾਰ ਬੰਦੇ ਨੂੰ ਫ਼ੋਨ ਕਰਨ ਚਲਾ ਗਿਆ। ਉਦੋਂ ਕਿਹੜੇ ਮੋਬਾਇਲ ਫ਼ੋਨ ਸਨ। ਕਰਨੈਲ ਸਿੰਘ ਕਹਿੰਦਾ- "ਮੈਂ ਜਾ ਰਿਹਾ, ਆਪਾਂ ਫਿਰ ਕੈਂਪ ਵਿੱਚ ਮਿਲਾਂਗੇ।" ਮੈਂ ਕਿਹਾ- "ਠੀਕ ਹੈ।" ਉਹ ਆਪਣਾ ਬੈਗ ਚੁੱਕ ਕੇ ਚਲਾ ਗਿਆ।

ਸ਼ਾਮ ਪੈਂਦਿਆਂ ਬਲਵਿੰਦਰ ਸਿੰਘ ਹੋਰੀਂ ਵਾਪਸ ਆ ਗਏ। ਉਹ ਕਹਿੰਦੇ "ਆਪਾਂ ਪ੍ਰਸ਼ਾਦਾ ਛਕ ਲਈਏ ਫਿਰ ਤੈਨੂੰ ਬਖ਼ਸ਼ੀਸ਼ ਸਿੰਘ ਕੋਲ ਛੱਡ ਆਉਂਦਾ। ਸਾਡੀ ਤੇਰੇ ਬਾਰੇ ਸਾਰੀ ਸੈਟਿੰਗ ਹੋਈ ਪਈ ਹੈ। ਤੂੰ ਜਿੰਨਾ ਚਿਰ ਪੱਕਾ ਕੈਂਪ ਨਹੀਂ ਪਵੇਂਗਾ, ਬਖ਼ਸ਼ੀਸ਼ ਸਿੰਘ ਦੇ ਘਰ ਰਹੇਂਗਾ। ਕੈਂਪ ਵਿੱਚ ਤੈਨੂੰ ਰਾਤ ਨੂੰ ਜਾਣਾ ਪਿਆ ਕਰੇਗਾ, ਦਿਨੇ ਜਿਥੇ ਮਰਜੀ ਘੁੰਮੋਂ-ਫਿਰੋ ਸ਼ਹਿਰ ਵਿੱਚ। ਓਥੇ ਦਾ ਖਾਣਾ ਠੀਕ ਨਾ ਲੱਗੇ ਤਾਂ ਕਦੀ-ਕਦੀ ਮੇਰੇ ਕੋਲ ਜਾਂ ਬਖ਼ਸ਼ੀਸ਼ ਸਿੰਘ ਕੋਲ ਆ ਜਾਣਾ।"

ਇੰਨਾ ਕੁਝ ਸਮਝਾ ਕੇ ਬਲਵਿੰਦਰ ਸਿੰਘ ਟਰਾਮ ਵਿੱਚ ਮੈਨੂੰ ਬਖ਼ਸ਼ੀਸ਼ ਸਿੰਘ ਦੇ ਘਰ ਛੱਡ ਆਇਆ।

ਸ਼ਹਿਰੋਂ ਬਾਹਰਵਾਰ ਇੱਕ ਜ਼ਿਮੀਦਾਰ ਦੇ ਘਰ ਵਿੱਚ ਬਖ਼ਸ਼ੀਸ਼ ਸਿੰਘ ਅਤੇ ਕੁਝ ਹੋਰ ਮੁੰਡੇ ਰਹਿ ਰਹੇ ਸਨ। ਬਖ਼ਸ਼ੀਸ਼ ਸਿੰਘ ਅੰਮ੍ਰਿਤਧਾਰੀ ਪੱਕਾ ਨਿੱਤਨੇਮੀ ਸਿੰਘ ਸੀ। ਉਹ ਕਹਿਰੇ ਜਿਹੇ ਸਰੀਰ ਦਾ ਸੀ, ਅੰਮ੍ਰਿਤਸਰ ਜ਼ਿਲ੍ਹੇ ਤੋਂ। ਰਾਤ ਨੂੰ ਹੀ ਉਸ ਨੇ ਇੱਕ ਮੁੰਡੇ ਦੀ ਡਿਊਟੀ ਲਾ ਦਿੱਤੀ ਕਿ ਤੂੰ ਸਵੇਰੇ ਹਰਪ੍ਰੀਤ ਸਿੰਘ ਦੀ ਸਟੇਅ ਅਪਲਾਈ ਕਰਵਾਉਣ ਜਾਣਾ ਹੈ। ਸਵੇਰੇ ਨਹਾ-ਧੋ ਕੇ ਚਾਹ-ਪਾਣੀ ਪੀ ਕੇ ਅਸੀਂ ਕੈਂਪ ਵਿੱਚ ਚਲੇ ਗਏ। ਉਹ ਮੈਨੂੰ ਕੈਂਪ

ਪੰਜਾਬੀ ਹਨੇ ਮਿਲੇ ਜਿਹੇ ਮੰਡੇ ਘੁੰਮ ਰਹੇ ਸਨ।

ਇੰਨੇ ਚਾਹ ਲਣ ਮੇਰੇ ਕੋਲ ਆ ਕੇ ਕਹਿੰਦੇ "ਨਵਾਂ ਆਇਆ...?" ਮੈਂ ਕਿਹਾ "ਹਾਂ ਜੀ।" ਕਹਿੰਦੇ- "ਆ ਜਾ ਫਿਰ ਤੇਰਾ ਕੰਮ ਆਪਣਾਈ ਕਰਵਾਈਏ....।" ਕਹਿੰਦੇ- "ਕਿਥੇ ਆਇਆ...?" ਮੈਂ ਕਿਹਾ "ਜਰਮਨ ਤੋਂ...।" ਕਹਿੰਦੇ- "ਠੀਕ ਹੈ, ਕਹਾਣੀ ਤਿਆਰ ਕੀਤੀ ਹੋਈ ਹੈ ਤੂੰ ਦਿਮਾਗ ਵਿਚ, ਕਿ ਇਹਨਾਂ ਨੂੰ ਕੀ ਕਹਿਣਾ...?" ਮੈਂ ਕਿਹਾ "ਦੱ...।" ਕਹਿੰਦੇ- "ਤੂੰ ਤਾਂ ਸਰਦਾਰ ਬੰਦਾ, ਤੇਰਾ ਕੰਮ ਚੱਲ ਜਾਵੇਗਾ।"

ਫਿਰ ਉਹਨਾਂ ਦੱਸਿਆ- "ਅੰਦਰ ਇੱਕ ਪੰਜਾਬੀ ਦੇ ਕਾਮੀਆ ਬੰਦਾ ਤੇਰੇ ਨਾਲ ਸਾਰੀ ਗੱਲਬਾਤ ਕਰ ਕੇ, ਸਾਹਮਣੇ ਬੈਠੀ ਗੋਰੀ ਕੁੜੀ ਨੂੰ ਦੱਸੇਗਾ, ਪਰ ਇੱਕ ਗੱਲ ਦਾ ਧਿਆਨ ਰੱਖਣਾ ਜੇ ਤੂੰ ਇੱਕ ਲਫਜ਼ ਵੀ ਜਰਮਨ ਭਾਸ਼ਾ ਦਾ ਬੋਲ ਦਿੱਤਾ ਤਾਂ ਤੇਰਾ ਕੰਮ ਤਮਾਮ, ਸਿੱਧਾ ਵਾਪਸ ਜਰਮਨ ਜਾਏਂਗਾ...ਇਸ ਗੱਲ ਦੀ ਇੱਥੇ ਬਹੁਤ ਸਖਤੀ ਹੈ... ਖਿਆਲ ਰੱਖੀਂ ਤੂ ਇੱਥੇ ਬਾਹਰ ਖੜ੍ਹ ਜਾ, ਹੁਣੇ ਤੈਨੂੰ ਅਵਾਜ਼ ਪਵੇਗੀ...।"

ਥੋੜ੍ਹਾ ਸਮਾਂ ਇੰਤਜਾਰ ਕਰਨ ਤੋਂ ਬਾਅਦ ਮੇਰੀ ਵਾਰੀ ਆ ਗਈ। ਥੋੜ੍ਹੀ ਘਬਰਾਹਟ ਸੀ ਕਿ ਜਰਮਨ ਦਾ ਕੋਈ ਲਫਜ਼ ਮੂੰਹੋਂ ਨਿਕਲ ਨਾ ਜਾਵੇ। ਪਹਿਲਾ ਨਾਂ-ਪਤਾ ਪੁੱਛਿਆ ਗਿਆ। ਫਿਰ ਕਹਿੰਦੇ- "ਇੱਥੇ ਕਿਵੇਂ ਪਹੁੰਚਿਆ..?" ਮੈਂ ਕਿਹਾ- "ਜੀ ਏਜੰਟ ਛੱਡ ਗਿਆ।" ਫਿਰ ਕਹਿੰਦੇ- "ਪੰਜਾਬ ਵਿੱਚ ਕੀ ਤੰਗੀ ਸੀ..?"

ਅੱਧਾ ਕੁ ਸੱਚ, ਅੱਧਾ ਕੁ ਝੂਠ ਰਲਾ ਕੇ ਦੱਸ ਦਿੱਤਾ। ਵੈਸੇ ਤਾਂ ਮੇਰੇ 'ਤੇ ਕੇਸ ਹੈ ਹੀ ਸਨ, ਪਰੂਫ ਵੀ ਮੰਗਵਾ ਸਕਦਾ ਸੀ ਸਾਰੇ, ਪਰ ਮੌਕੇ 'ਤੇ ਜੋ-ਜੋ ਦਿਮਾਗ ਵਿੱਚ ਆਇਆ, ਕਹਿ ਦਿੱਤਾ। ਇੱਥੇ ਜ਼ਿਆਦਾ ਕੇਸ ਭਾਈ ਦਲਜੀਤ ਸਿੰਘ ਬਿੱਟੂ ਦੀ ਫੈਡਰੇਸ਼ਨ ਦੇ ਲੱਗਦੇ ਸਨ। ਇੰਟਰਵਿਊ ਖਤਮ ਹੋ ਗਈ। ਪ੍ਰਿੰਟਰ ਵਿੱਚੋਂ ਪੇਪਰ ਕੱਢ ਕੇ ਉਹਨਾਂ ਇੱਕ ਵਾਰ ਮੈਨੂੰ ਦੁਬਾਰਾ ਸੁਣਾਇਆ ਕਿ ਤੂੰ ਆਹ ਬਿਆਨ ਦਿੱਤੇ ਹਨ।

ਫਿਰ ਮੇਰੇ ਸਾਈਨ ਕਰਵਾ ਲਏ ਤੇ ਉਹਨਾਂ ਦੱਸਿਆ- "ਦੋ-ਤਿੰਨ ਦਿਨ ਤੈਨੂੰ ਇਸ ਕੈਂਪ ਵਿੱਚ ਦਿਨ-ਰਾਤ ਨੂੰ ਰਹਿਣਾ ਪੈਣਾ, ਫਿਰ ਅਸੀਂ ਤੈਨੂੰ ਇੱਕ ਕਾਰਡ ਤੇਰੀ ਫੋਟੋ ਵਾਲ਼ਾ ਦੇ ਦਵਾਂਗੇ, ਫਿਰ ਬੱਸ ਇੱਕ ਵਾਰੀ ਦਿਨ ਵਿੱਚ ਆ ਕੇ ਹਾਜ਼ਰੀ ਲਵਾ ਜਾਇਆ ਕਰੀਂ। ਇੱਕ ਮਹੀਨੇ ਬਾਅਦ ਕਿਸੇ ਪੱਕੇ ਕੈਂਪ ਵਿੱਚ ਭੇਜ ਦਿੱਤਾ ਜਾਵੇਂਗਾ।"

ਚਲੋ ਜੀ, ਇੱਥੇ ਮੇਰਾ ਕੰਮ ਬਣ ਗਿਆ। ਮੈਂ ਕਦੀ ਕੈਂਪ ਵਿੱਚ ਹੀ ਸੌਂ ਜਾਣਾ, ਕਦੀ ਬਖਸ਼ੀਸ ਸਿੰਘ ਹੋਰਾਂ ਕੋਲ਼ ਚਲੇ ਜਾਣਾ। ਹਫਤੇ ਕੁ ਬਾਅਦ ਮੇਰਾ ਸਾਥੀ ਕਰਨੈਲ ਸਿੰਘ ਵੀ ਇੱਥੇ ਆ ਗਿਆ। ਫਿਰ ਅਸੀਂ ਇਕੱਠੇ ਆਉਣ-ਜਾਣ ਲੱਗ ਪਏ। ਕਰਨੈਲ ਸਿੰਘ ਜ਼ਿਆਦਾ ਚੁੱਪ-ਚੁੱਪ ਹੀ ਰਹਿੰਦਾ ਸੀ।

ਦੋ ਹਫ਼ਤੇ ਬਾਅਦ ਸਾਨੂੰ ਸ਼ਹਿਰੋਂ ਬੋੜ੍ਹਾ ਹਟਵੇਂ ਇੱਕ ਅੰਡਰਗਰਾਊਂਡ ਬਣੇ ਕੈਂਪ ਵਿੱਚ ਭੇਜ ਦਿੱਤਾ ਗਿਆ। ਓਥੋਂ 'ਬਾਸਲ' ਸ਼ਹਿਰ ਨੂੰ ਆਉਣ ਲਈ ਬੱਸ ਲੈਣੀ ਪੈਂਦੀ ਸੀ। ਓਥੇ ਖੁੱਲ੍ਹੇ ਜਿਹੇ ਹਾਲ ਵਿੱਚ ਉੱਪਰ-ਥੱਲੇ ਬੈਂਡ ਲੱਗੇ ਹੋਏ ਸਨ। ਕਾਫ਼ੀ ਦੇਸਾਂ ਦੇ ਰਲੇ-ਮਿਲੇ ਲੋਕ ਓਥੇ ਸਨ। ਸਵਿਟਜ਼ਰਲੈਂਡ ਵਿੱਚ ਸ੍ਰੀਲੰਕਾ ਦੇ ਬਹੁਤ ਲੋਕਾਂ ਨੇ ਸ਼ਰਨ ਲਈ ਹੋਈ ਸੀ। ਕਿਉਂਕਿ ਸ੍ਰੀਲੰਕਾ ਵਿੱਚ 'ਲਿੱਟਿਆਂ' ਦੀ ਸਰਕਾਰ ਨਾਲ ਜੰਗ ਚੱਲਦੀ ਹੋਣ ਕਰਕੇ ਉਹਨਾਂ ਦੀ ਸਟੇਅ ਪੱਕੀ ਹੋ ਜਾਂਦੀ ਸੀ।

ਹੁਣ ਨਵੇਂ ਕੈਂਪ ਵਿੱਚ ਅਸੀਂ ਓਥੋਂ ਦੇ ਸਟਾਫ਼ ਨੂੰ ਲਿਖਾ ਦਿੱਤਾ ਕਿ ਵੈਜੀਟੇਰੀਅਨ ਖਾਣਾ ਚਾਹੀਦਾ। ਉਹਨਾਂ ਨੇ ਨੋਟ ਕਰ ਲਿਆ। ਇਹ ਅਸੀਂ ਪੰਗਾ ਹੀ ਲੈ ਲਿਆ ਸੀ, ਵੈਸੇ ਓਥੇ ਹਰ ਤਰ੍ਹਾਂ ਦਾ ਖਾਣਾ ਮੌਜੂਦ ਹੁੰਦਾ ਸੀ, ਵੈਂਜ, ਨੌਨ-ਵੈਂਜ। ਮੇਰੇ ਖਾਣੇ ਵਿੱਚ ਪਹਿਲੇ ਦਿਨ ਹੀ ਮੱਛੀ ਆ ਗਈ। ਗੋਰੇ ਲੋਕ ਮੱਛੀ ਨੂੰ ਵੀ 'ਵੈਂਜ' ਹੀ ਗਿਣਦੇ ਹਨ। ਅਸੀਂ ਫਿਰ ਉਹ ਕੈਂਸਲ ਕਰਾ ਦਿੱਤਾ। ਖਾਣਾ ਜ਼ਿਆਦਾਤਰ ਬਰੈਂਡ, ਸਲਾਦ, ਚੋਲ ਅਤੇ ਉਬਲੀਆਂ ਹੋਈਆਂ ਸਬਜੀਆਂ ਬਿਨਾਂ ਲੂਣ-ਮਸਾਲਾ ਮਿਲਦੇ ਸਨ। ਤੁਸੀਂ ਆਪਣੀ ਮਰਜੀ ਅਨੁਸਾਰ ਲੂਣ-ਮਸਾਲਾ ਲੈ ਸਕਦੇ ਸੀ। ਗੋਰੇ ਆਪ ਜ਼ਿਆਦਾ ਇਸ ਤਰ੍ਹਾਂ ਦਾ ਖਾਣਾ ਹੀ ਖਾਂਦੇ ਹਨ। ਸਾਡੇ ਵਾਂਗ ਤੜਕੇ ਲਾ-ਲਾ ਵਿਟਾਮਿਨ ਮਾਰ ਕੇ ਨਹੀਂ ਖਾਂਦੇ।

ਹੁਣ ਮਹੀਨਾ ਜਨਵਰੀ 1991 ਦਾ ਚੱਲ ਪਿਆ ਸੀ। ਪੰਜਾਬ ਤੋਂ ਆਏ ਨੂੰ ਤੀਜਾ ਮਹੀਨਾ ਹੋ ਗਿਆ ਸੀ। ਹਾਲੇ ਮੇਰਾ ਕੋਈ ਪੱਕਾ ਟਿਕਾਣਾ ਨਹੀਂ ਬਣਿਆ ਸੀ। ਓਧਰ ਪੰਜਾਬ ਵਿੱਚ ਜਿਨ੍ਹਾਂ-ਜਿਨ੍ਹਾਂ ਕੋਲੋਂ ਉਧਾਰੇ ਪੈਸੇ ਲਏ ਸਨ, ਉਹ ਵੀ ਕਾਹਲੇ ਪੈਣ ਲੱਗ ਪਏ ਸਨ।

ਸਾਨੂੰ 'ਬਾਸਲ' ਸ਼ਹਿਰ ਵਿੱਚ ਇੱਕ ਮਹੀਨਾ ਹੋਣ ਵਾਲਾ ਹੋ ਗਿਆ ਸੀ। ਸਾਨੂੰ ਕੈਂਪ ਦੇ ਸਟਾਫ਼ ਤੋਂ ਪਤਾ ਲੱਗਾ ਕਿ ਸਾਨੂੰ ਹੁਣ 'ਜੂਰਕ' ਸ਼ਹਿਰ ਵਿੱਚ ਕਿਸੇ ਪੱਕੇ ਕੈਂਪ ਵਿੱਚ ਭੇਜਿਆ ਜਾਣਾ ਹੈ। ਅਸੀਂ ਜਾ ਕੇ ਬਖ਼ਸ਼ੀਸ਼ ਸਿੰਘ ਹੋਰਾਂ ਕੋਲ ਇਸ ਬਾਰੇ ਗੱਲ ਕੀਤੀ ਤਾਂ ਉਹ ਕਹਿੰਦੇ- "ਵਾਹਿਗੁਰੂ ਅੱਗੇ ਅਰਦਾਸ ਕਰੋ ਕਿ ਕਿਤੇ 'ਕਸੇਰਨਾ' ਨਾਂ ਦਾ ਕੈਂਪ ਨਾ ਪੈ ਜਾਵੇ, ਜੋ ਜੂਰਕ ਸ਼ਹਿਰ ਵਿੱਚ ਹੈ, ਉਹ ਬੜਾ ਬਦਨਾਮ ਕੈਂਪ ਹੈ, ਓਥੋਂ ਦਾ ਸਟਾਫ਼ ਕਹਿੰਦੇ ਬਹੁਤ ਗੰਦਾ ਹੈ, ਰਹਿਣ-ਸਹਿਣ, ਖਾਣ-ਪੀਣ ਠੀਕ ਨਹੀਂ ਹੈ। ਪਰ ਜੇ ਜੂਰਕ ਸ਼ਹਿਰ ਦੇ ਆਸ-ਪਾਸ ਕਿਸੇ ਪਿੰਡ ਵਿੱਚ ਪੈ ਜਾਵੇ, ਤਾਂ ਉਹ ਠੀਕ ਹੈ। ਉਹ 400 'ਸਵਿਸ ਫਰੈਂਕ' (ਸਵਿਟਜ਼ਰਲੈਂਡ ਦੀ ਕਰੰਸੀ) ਦਿੰਦੇ ਨੇ। ਰਿਹਾਇਸ਼ ਤਾਂ ਫਰੀ ਆ, ਸੋ 100 ਫਰੈਂਕ ਨਾਲ਼ ਮਹੀਨੇ ਦਾ ਖੁੱਲ੍ਹਾ-ਡੁੱਲਾ ਇੱਕ ਬੰਦੇ ਦਾ ਸਰ ਜਾਂਦੈ। ਮੁੰਡੇ 300 ਫਰੈਂਕ ਪਿੱਛੇ ਘਰਦਿਆਂ ਨੂੰ ਭੇਜ ਦਿੰਦੇ ਨੇ, ਜਿਸ ਦਾ ਪੰਜ ਕੁ ਹਜ਼ਾਰ ਬਣ ਜਾਂਦੈ। ਇੰਨੇ ਨਾਲ਼ ਘਰਦਿਆਂ ਨੂੰ ਥੋੜ੍ਹਾ ਆਸਰਾ ਹੋ ਜਾਂਦੈ...।" ਉਹਨਾਂ ਇਹ ਸਾਰੀ ਗੱਲ ਸਮਝਾਈ।

ਪਰ ਜੋ ਰੱਬ ਨੂੰ ਮਨਜ਼ੂਰ। ਓਹੀ ਗੱਲ ਹੋਈ, ਜੋ ਅਸੀਂ ਨਹੀਂ ਸੀ ਚਾਹੁੰਦੇ- ਚੌਥੇ ਹਫ਼ਤੇ

ਖ਼ਬਰ ਮਿਲ ਗਈ ਕਿ ਮੈਨੂੰ ਅਤੇ ਕਰਨੈਲ ਸਿੰਘ ਨੂੰ ਜ਼ੁਰਕ ਸ਼ਹਿਰ ਦਾ 'ਕਸੇਰਨਾ ਕੈਂਪ' ਪੈ ਗਿਆ ਹੈ।

ਓਥੇ ਮਹੀਨੇ 'ਚ ਦੋ ਵਾਰੀ ਸਿਰਫ਼ 40-40 ਸਵਿਸ ਫਰੈਂਕ ਮਿਲਦੇ ਸਨ। ਬਾਕੀ ਸਵਿਸ ਵਿੱਚ ਕਨੂੰਨ ਸੀ ਕਿ ਪਹਿਲਾਂ ਤਿੰਨ ਮਹੀਨੇ ਜਰਮਨ ਭਾਸ਼ਾ ਸਿੱਖੋ, ਫਿਰ ਕੋਸ ਦੀ ਇਜਾਜ਼ਤ ਮਿਲਦੀ ਸੀ। ਸਵਿਸ ਵਿੱਚ ਤਿੰਨ ਭਾਸ਼ਾ ਚੱਲਦੀਆਂ ਹਨ- ਜਰਮਨ, ਇਟਾਲੀਅਨ ਅਤੇ ਫਰੈਂਚ। ਜ਼ੁਰਕ ਸ਼ਹਿਰ ਅਤੇ ਇਸ ਦੇ ਆਸ-ਪਾਸ ਜਰਮਨ ਭਾਸ਼ਾ ਜਿਸ ਨੂੰ 'ਡੂੱਚ' ਕਿਹਾ ਜਾਂਦਾ ਹੈ, ਉਹ ਚੱਲਦੀ ਸੀ।

ਅਸੀਂ ਜ਼ੁਰਕ ਜਾਣ ਤੋਂ ਪਹਿਲਾਂ ਇੱਕ ਦਿਨ ਬਖਸ਼ੀਸ਼ ਸਿੰਘ ਨੂੰ ਮਿਲਣ ਗਏ। ਬਖ਼ਸ਼ੀਸ਼ ਸਿੰਘ ਨੇ ਸਾਨੂੰ 'ਸਤਨਾਮ ਸਿੰਘ ਸੰਧੂ' ਨਾਮੀ ਬੰਦੇ ਦਾ ਟੈਲੀਫ਼ੋਨ ਨੰਬਰ ਦੇ ਦਿੱਤਾ। ਕਹਿੰਦਾ- "ਹਫ਼ਤੇ ਜਾਂ ਦੋ ਹਫ਼ਤੇ ਵਿੱਚ ਇੱਕ ਵਾਰੀ ਉਸ ਕੋਲ ਜਾ ਕੇ ਪੰਜਾਬੀ ਖਾਣਾ ਖਾ ਲਿਆ ਕਰਿਓ, ਉਸ ਨੂੰ ਮੈਂ ਤੁਹਾਡੇ ਦੋਹਾਂ ਬਾਰੇ ਦੱਸ ਦਿੱਤਾ ਹੈ, ਮੇਰਾ ਨਾਂ ਲੈ ਦੇਣਾ ਉਹ ਸਮਝ ਜਾਵੇਗਾ।"

ਇੱਕ ਬੱਸ ਵਿੱਚ ਸਾਨੂੰ 'ਜ਼ੁਰਕ' ਲਿਜਾਇਆ ਗਿਆ ਸੀ।

ਕੈਂਪ ਵਿੱਚ ਜਾਣ ਤੋਂ ਪਹਿਲਾਂ ਸਾਡੀ ਇੱਕ ਨਿੱਜੀ ਡਾਕਟਰ ਤੋਂ ਡਾਕਟਰੀ ਕਰਾਈ ਗਈ। ਉਪਰੰਤ ਸਾਨੂੰ ਜ਼ੁਰਕ ਸ਼ਹਿਰ ਦੇ 'ਕਸੇਰਨਾ' ਨਾਮੀ ਬਦਨਾਮ ਕੈਂਪ ਵਿੱਚ ਛੱਡ ਦਿੱਤਾ ਗਿਆ। ਸਟਾਫ਼ ਵਾਲਿਆਂ ਨੇ ਸਾਡੇ ਨਾਂ ਵਗੈਰਾ ਨੋਟ ਕਰ ਕੇ ਸਾਨੂੰ ਸਾਡਾ ਕਮਰਾ ਵਿਖਾਇਆ। ਵੱਡੇ ਸਾਰੇ ਹਾਲ ਵਿੱਚ ਪਰਦੇ ਲਾ ਕੇ ਦੋ-ਦੋ ਬੈੱਡਾਂ ਦੇ ਕਮਰੇ ਬਣੇ ਹੋਏ ਸਨ। ਰਸੋਈ, ਫਲੱਸ਼ਾਂ, ਨਹਾਉਣ ਲਈ ਬਾਥਰੂਮ, ਜੋ ਸਭ ਤੋਂ ਥੱਲੇ ਬੇਸਮੈਂਟ ਵਿੱਚ ਖੁੱਲ੍ਹੇ ਹੀ ਬਣੇ ਹੋਏ ਸਨ, ਉਹ ਵੀ ਵਿਖਾ ਦਿੱਤੇ। ਖਾਣਾ ਪਹਿਲੀ ਹੀ ਗਰਾਊਂਡ ਫਲੋਰ 'ਤੇ ਮਿਲਦਾ ਸੀ। 'ਬਾਰਬਰਾ' ਨਾਂ ਦੀ ਗੋਰੀ ਨੇ ਅੰਗਰੇਜ਼ੀ ਵਿੱਚ ਸਾਨੂੰ ਕਾਫ਼ੀ ਕਾਇਦੇ-ਕਨੂੰਨ ਸਮਝਾ ਦਿੱਤੇ। ਇੱਕ ਕਮਰੇ ਵਿੱਚ ਟੈਲੀਵਿਜ਼ਨ, ਬਿਲਾਰਡ ਖੇਲਣ ਲਈ ਤੇ ਇੱਕ ਪਿਆਨੋ ਜਿਹਾ ਵਜਾਉਣ ਲਈ ਲੱਗਿਆ ਹੋਇਆ ਸੀ। ਰੇਲਵੇ ਸਟੇਸ਼ਨ ਜਿੱਥੋਂ ਅਸੀਂ ਟੈਕਸੀ ਫੜ ਕੇ ਗਏ ਸੀ ਉਹ ਵੀ ਨਜ਼ਦੀਕ ਹੀ ਸੀ। ਤੁਰ ਕੇ ਵੀ ਜਾ ਸਕਦੇ ਸੀ।

ਹਫ਼ਤੇ ਕੁ ਵਿੱਚ ਸਾਡੇ ਸਾਰੇ ਪੇਪਰ ਤਿਆਰ ਹੋ ਕੇ ਦਫ਼ਤਰ ਵਿੱਚ ਆ ਗਏ ਸਨ। ਇੱਕ ਕਾਰਡ ਮਿਲ ਗਿਆ ਸੀ, ਜੋ ਘੁੰਮਦਿਆਂ-ਫਿਰਦਿਆਂ ਪੁਲੀਸ ਚੈੱਕ ਕਰ ਲਵੇ ਤਾਂ ਵਿਖਾਉਣ ਲਈ। ਦਿਨੇ ਜਿੱਥੇ ਮਰਜੀ ਜਾਓ, ਰਾਤ ਨੂੰ ਕੈਂਪ ਵਿੱਚ ਆਉਣਾ ਜ਼ਰੂਰੀ ਸੀ। ਖਾਣਾ-ਪੀਣਾ, ਰਹਿਣਾ-ਸਹਿਣਾ ਫਰੀ ਸੀ। ਕੰਮ ਦੀ ਇਜਾਜ਼ਤ ਤਿੰਨ ਮਹੀਨੇ ਬਾਅਦ ਸੀ। ਘਰਦਿਆਂ ਨੂੰ ਚਿੱਠੀ ਲਿਖ ਕੇ ਸਾਰੀ-ਸੂਰਤੇ ਹਾਲ ਦੱਸ ਦਿੱਤੀ, ਨਾਲੇ ਐਡਰੈੱਸ ਭੇਜ ਦਿੱਤਾ। ਹਫ਼ਤੇ 'ਚ ਤਿੰਨ ਦਿਨ ਮਾਸਟਰ ਡੂੱਚ ਪੜ੍ਹਾਉਂਦਾ ਸੀ। ਸਾਰੇ ਕੰਮ ਸਿੱਖਣੇ ਜ਼ਰੂਰੀ ਸਨ। ਮੈਨੂੰ ਅਤੇ ਕਰਨੈਲ ਸਿੰਘ ਨੂੰ ਦੋ ਬੈੱਡਾਂ ਵਾਲ਼ਾ ਕਮਰਾ ਮਿਲ ਗਿਆ ਸੀ। ਪਿਛੇ ਪੱਕੀ

ਕੰਧ ਸੀ, ਸਾਈਡਾਂ ਅਤੇ ਅੱਗੇ ਬੱਸ ਕੱਪੜੇ ਦੇ ਪਰਦੇ ਹੀ ਸਨ। ਕੰਧ ਨਾਲ ਪਿੱਛੇ ਇੱਕ ਛੋਟੀ ਜਿਹੀ ਅਲਮਾਰੀ ਕੱਪੜੇ ਵਗੈਰਾ ਟੰਗਣ ਲਈ ਬਣੀ ਹੋਈ ਸੀ। ਸਭ ਤੋਂ ਪਹਿਲਾਂ ਸਾਡੇ ਤੋਂ ਮੰਜ਼ਿਲ ਦੀ ਸਫਾਈ ਕਰਾਈ ਗਈ। ਇੱਕ ਹਫਤਾ ਝਾੜੂ ਲਾਉਣਾ ਤੇ ਡੰਡੇ ਵਾਲਾ ਪੋਚਾ ਫੇਰਨਾ। ਫਿਰ ਇੱਕ ਹਫਤਾ ਫਲੱਸ਼ਾਂ ਸਾਫ਼ ਕਰਾਈਆਂ ਗਈਆਂ। ਫਿਰ ਇੱਕ ਮਹੀਨਾ ਪੂਰਾ ਰਸੋਈ ਵਿੱਚ ਲਗਵਾਇਆ ਗਿਆ। ਸਬਜ਼ੀਆਂ, ਫਲਾਂ, ਬਰਤਨਾਂ ਦੇ ਨਾਂ 'ਡੁੱਚ' ਭਾਸ਼ਾ ਵਿੱਚ ਪਕਾਏ ਗਏ। ਸਾਨੂੰ ਸਕੂਲ ਤਿੰਨ ਦਿਨ ਜਾਣਾ ਹੀ ਪੈਂਦਾ ਸੀ। ਇਹ ਸਾਰਾ ਇਸ ਕਰਕੇ ਸੀ ਇੱਕ ਤਾਂ ਜੂਰਕ ਸ਼ਹਿਰ ਜਾਂ ਇਸ ਦੇ ਆਲੇ ਦੁਆਲੇ ਕੰਮ ਜ਼ਿਆਦਾ ਰੈਸਟੋਰੈਂਟਾਂ ਵਿੱਚ ਮਿਲਦਾ ਸੀ, ਦੂਜਾ ਇਹ ਸੀ ਕਿ ਜੇ ਬੰਦੇ ਨੇ ਕੰਮ ਸਿੱਖਿਆ ਹੋਵੇ ਅੱਗੋਂ ਮਾਲਕਾਂ ਨੂੰ ਤੰਗੀ ਨਹੀਂ ਆਉਂਦੀ ਸੀ।

ਮੈਂ 'ਬਾਰਬਰਾ' ਨੂੰ ਜੋ 'ਕਸੇਰਨਾ ਕੈਂਪ' ਦੀ ਇੰਚਾਰਜ ਸੀ, ਉਸ ਨੂੰ ਪੁੱਛਿਆ- "ਇਹ ਸਭ ਕੁਝ ਜ਼ਰੂਰੀ ਕਿਉਂ ਹੈ?" ਤਾਂ ਕਹਿੰਦੀ "ਹੁਣ ਤਿੰਨ ਮਹੀਨੇ ਬਾਅਦ ਮੰਨ ਲਓ ਤੂੰ ਕੰਮ 'ਤੇ ਜਾਣਾ, ਤੈਨੂੰ ਕੰਮ ਦੀ ਹਾਂ ਹੋ ਜਾਵੇ ਤੇ ਆਉਂਦਾ ਤੈਨੂੰ ਕੁਝ ਨਾ ਹੋਵੇ, ਮਾਲਕ ਤੈਨੂੰ ਕਹੇ ਕਤਛੀ ਫਤਾ. ਤਾਂ ਤੂੰ ਉਸ ਨੂੰ ਵੇਲਣਾ ਜਾਂ ਪਤੀਲਾ ਫੜਾ ਦੇਵੇਂ ਤਾਂ ਉਹ ਕਲਪੇਗਾ ਹੀ। ਇਸ ਲਈ ਸਵਿਸ ਸਰਕਾਰ ਨੇ ਕਨੂੰਨ ਬਣਾਇਆ ਹੋਇਆ ਤਿੰਨ ਮਹੀਨੇ ਪਹਿਲਾਂ ਨਵੇਂ ਬੰਦੇ ਨੂੰ ਜਰਮਨ ਭਾਸ਼ਾ ਅਤੇ ਕੰਮ ਸਿਖਾਓ ਤੇ ਫਿਰ ਕੰਮ 'ਤੇ ਭੇਜੋ। ਦੋ ਮਹੀਨੇ ਬਾਅਦ ਅਸੀਂ ਤੈਨੂੰ ਕੰਮਾਂ ਦੇ ਐਡਰੈੱਸ ਦੇਣੇ ਸ਼ੁਰੂ ਕਰ ਦੇਣੇ ਤੇ ਤੂੰ ਆਪਣਾ ਕੰਮ ਲੱਭ ਸਕਦੈਂ...।"

ਸਮਾਂ ਲੰਘਦਾ ਗਿਆ। ਦੋ ਕੁ ਹਫ਼ਤੇ ਬਾਅਦ ਅਸੀਂ ਸਤਨਾਮ ਸਿੰਘ ਸੰਧੂ ਨੂੰ ਫ਼ੋਨ ਲਾਇਆ। ਤਾਂ ਕਹਿੰਦਾ "ਸ਼ਨੀ-ਐਤਵਾਰ ਮੈਨੂੰ ਛੁੱਟੀ ਹੁੰਦੀ ਹੈ, ਆ ਜਾਇਓ, ਨਾਲੇ ਤੁਹਾਨੂੰ ਪ੍ਰਸ਼ਾਦਾ ਪਾਣੀ ਛਕਾਵਾਂਗੇ, ਨਾਲੇ ਥੋੜ੍ਹਾ ਸ਼ਹਿਰ ਘੁਮਾਵਾਂਗੇ।"

ਅਸੀਂ ਸਵੇਰੇ ਸਮੇਂ ਸਿਰ ਹੀ ਸਤਨਾਮ ਸਿੰਘ ਨੂੰ ਮਿਲਣ ਚਲੇ ਗਏ। ਉਹ ਵੀ ਦੋ ਜਣੇ ਰਹਿੰਦੇ ਸਨ। ਉਸ ਦੇ ਨਾਲ 'ਦਲੇਲ ਸਿੰਘ' ਨਾਂ ਦਾ ਹਰਿਆਣਾ ਸਟੇਟ ਦਾ ਮੁੰਡਾ ਰਹਿੰਦਾ ਸੀ। ਸਾਨੂੰ ਸਤਨਾਮ ਸਿੰਘ ਹੁਰਾਂ ਨੇ ਆਲੂਆਂ ਵਾਲੇ ਪਰੌਂਠੇ ਛਕਾਏ। ਬਾਅਦ ਵਿੱਚ ਕੱਪ-ਕੱਪ ਨੱਬੇ ਮੀਲ ਵਾਲ਼ੀ ਚਾਹ ਛਕ ਕੇ ਅਸੀਂ ਸ਼ਹਿਰ ਵੇਖਣ ਨਿਕਲ਼ੇ। ਮਾਰਚ ਮਹੀਨਾ ਚੜ੍ਹ ਗਿਆ ਸੀ। ਠੰਢ ਘੱਟ ਗਈ ਸੀ। 'ਬੈਲਵੀ' ਨਾਮੀ ਝੀਲ 'ਤੇ ਅਸੀਂ ਗਏ। ਸਤਨਾਮ ਸਿੰਘ ਨੇ ਦੱਸਿਆ ਕਿ ਗਰਮੀਆਂ ਵਿੱਚ ਇੱਥੇ ਬਹੁਤ ਰੌਣਕ ਹੁੰਦੀ ਹੈ। ਇੱਕ ਦੋ ਜਗ੍ਹਾ ਅਸੀਂ ਹੋਰ ਵੇਖੀਆਂ। ਫਿਰ ਵਾਪਸ ਸਤਨਾਮ ਸਿੰਘ ਦੇ ਘਰ ਆ ਗਏ। ਦੋਵੇਂ ਜਣੇ ਕਹਿੰਦੇ 'ਸ਼ਾਮ ਦਾ ਪ੍ਰਸ਼ਾਦਾ ਵੀ ਛਕ ਕੇ ਜਾਇਓ।' ਸਾਰਿਆਂ ਨੇ ਰਲ-ਮਿਲ ਕੇ ਪ੍ਰਸ਼ਾਦਾ ਪਾਣੀ ਤਿਆਰ ਕਰ ਲਿਆ ਤੇ ਛਕ ਕੇ ਅਸੀਂ ਵਾਪਸ ਆਪਣੇ ਕੈਂਪ ਵਿੱਚ ਆ ਗਏ।

ਅਪ੍ਰੈਲ ਦੇ ਪਹਿਲੇ ਹਫਤੇ ਸਾਨੂੰ ਕੰਮ ਦੇ ਐਡਰੈੱਸ ਮਿਲਣੇ ਸ਼ੁਰੂ ਹੋ ਗਏ। ਪਹਿਲੀ ਮਈ ਤੋਂ ਸਾਨੂੰ ਕੰਮ ਦੀ ਇਜਾਜ਼ਤ ਸੀ। ਕਰਨੈਲ ਸਿੰਘ ਨੂੰ ਮੋਨਾ ਹੋਣ ਕਰਕੇ ਇੱਕ ਰੈਸਟੋਰੈਂਟ

ਵਿੱਚ ਵੇਟਰ ਦਾ ਕੰਮ ਮਿਲ ਗਿਆ, ਨਾਲ਼ ਹੀ ਰਿਹਾਇਸ਼ ਵੀ। ਪਹਿਲਾਂ ਥੋੜ੍ਹਾਂ ਸਮਾਂ ਉਹ ਸ਼ਹਿਰ ਵਿੱਚ ਇੱਕ ਮੁੰਡੇ ਨਾਲ਼ ਰਿਹਾ। ਆਉਣਾ-ਜਾਣਾ ਚੱਲਦਾ ਰਹਿੰਦਾ ਸੀ। ਇੱਕ ਵਾਰੀ ਅਸੀਂ ਉਸ ਨੂੰ ਉਸ ਦੇ ਰੈਸਟੋਰੈਂਟ ਵਿੱਚ ਵੀ ਮਿਲਣ ਗਏ।

ਹੁਣ ਮੈਂ ਕੈਂਪ ਵਿੱਚ ਇਕੱਲਾ ਸੀ। ਸਤਨਾਮ ਸਿੰਘ ਨਾਲ਼ ਘੁੰਮਣ-ਫਿਰਨ ਕਰਕੇ ਵਾਕਫ਼ੀਅਤ ਹੌਲ਼ੀ-ਹੌਲ਼ੀ ਕਾਫ਼ੀ ਹੋ ਗਈ ਸੀ। ਓਧਰ ਘਰਦੇ ਵੀ ਚਿੱਠੀਆਂ ਵਿੱਚ ਪੁੱਛਦੇ ਰਹਿੰਦੇ ਸਨ ਕਿ 'ਕਦੋਂ ਕੰਮ ਮਿਲਣੈ ਤੈਨੂੰ, ਪੈਸੇ ਲੈਣ ਵਾਲ਼ੇ ਤੰਗ ਕਰਨ ਲੱਗ ਪਏ ਨੇ।'

ਮੈਂ ਕੈਂਪ ਵਾਲ਼ਿਆਂ ਦੇ ਦਿੱਤੇ ਐਡਰੈੱਸਾਂ 'ਤੇ ਅਤੇ ਆਪਣੇ ਤੌਰ 'ਤੇ ਵੀ ਕੰਮ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਤਨਾਮ ਸਿੰਘ ਵੀ ਗਾਹੇ-ਬਗਾਹੇ ਆਪਣੇ ਜਾਣਨ ਵਾਲਿਆਂ ਨੂੰ ਮੇਰੇ ਲਈ ਕੰਮ ਬਾਰੇ ਕਹਿੰਦਾ ਰਹਿੰਦਾ ਸੀ। ਅਪ੍ਰੈਲ-ਮਈ-ਜੂਨ ਤਿੰਨ ਮਹੀਨੇ ਮੈਂ ਪੂਰੀ ਵਾਹ ਲਾ ਦਿੱਤੀ ਕੰਮ ਲੱਭਣ ਲਈ; ਕੋਈ ਰੈਸਟੋਰੈਂਟ ਕੋਈ ਹੋਟਲ, ਕੋਈ ਬਾਗ਼ਬਾਨੀ ਨਹੀਂ ਮੈਂ ਛੱਡੀ। ਹਰ ਜਗ੍ਹਾ ਨਾਂਹ ਹੋ ਜਾਇਆ ਕਰੇ। ਹੋਟਲ ਰੈਸਟੋਰੈਂਟਾਂ ਵਾਲ਼ੇ ਤਾਂ ਸਿੱਖੀ ਸਰੂਪ ਕਰਕੇ ਨਾਂਹ ਕਰ ਦਿੰਦੇ ਸਨ।

'ਟਰਾਮ' ਦਾ ਜਿੱਥੇ ਆਖ਼ਰੀ ਅੱਡਾ ਸੀ ਸ਼ਹਿਰ ਤੋਂ ਬਾਹਰ, ਓਥੋਂ ਅੱਗੇ ਏਅਰਪੋਰਟ ਪੰਦਰਾਂ ਕਿੱਲੋਮੀਟਰ ਸੀ। 'ਟਰਾਮ' ਦੀ ਤਾਂ ਕੈਂਪ ਵੱਲੋਂ ਮਿਲ਼ੀ ਟਿਕਟ ਸਾਡੇ ਕੋਲ਼ ਹੁੰਦੀ ਸੀ। ਏਅਰਪੋਰਟ ਵਾਲ਼ੀ ਸੜਕ ਦੇ ਆਲ਼ੇ-ਦੁਆਲ਼ੇ ਕਾਫ਼ੀ ਹੋਟਲ ਵਗੈਰਾ ਸਨ। ਟਰਾਮ ਦੇ ਆਖ਼ਰੀ ਸਟਾਪ ਤੋਂ ਬਾਅਦ ਫਿਰ ਪੈਦਲ ਹੀ ਤੁਰ ਪੈਣਾ ਕੰਮ ਪੁੱਛਣ, ਪਰ ਨਾਂਹ ਹੀ ਹੋਈ ਜਾਵੇ। ਮੈਂ ਵੀ ਅੱਕ ਗਿਆ। ਅੱਠ ਮਹੀਨੇ ਘਰੋਂ ਆਏ ਨੂੰ ਹੋ ਚੱਲੇ ਸਨ, ਕੋਈ ਪੈਸਾ ਨਹੀਂ ਭੇਜਿਆ ਘਰੇ।

ਫਿਰ ਇੱਕ ਦਿਨ ਸਤਨਾਮ ਸਿੰਘ ਨੂੰ ਫ਼ੋਨ ਲਾਇਆ ਤਾਂ ਉਹ ਕਹਿੰਦਾ- 'ਆ ਜਾ ਅੱਜ ਸ਼ਾਮ ਨੂੰ, ਤੇਰੇ ਨਾਲ਼ ਗੱਲ ਕਰਨੀ ਕੰਮ ਬਾਰੇ।'

ਮੈਂ ਸ਼ਾਮ ਦੇ ਸਮੇਂ ਚਲਿਆ ਗਿਆ। ਸਤਨਾਮ ਸਿੰਘ ਤੇ ਦਲੇਲ ਸਿੰਘ ਪੈੱਗ ਲਾ ਰਹੇ ਸਨ। ਸਤਨਾਮ ਸਿੰਘ ਕਹਿੰਦਾ- "ਸੌਰੀ ਹਰਪ੍ਰੀਤ ਸਿੰਘ! ਅੱਜ ਪਹਿਲੀ ਵਾਰੀ ਤੇਰੇ ਆਏ 'ਤੇ ਪੈੱਗ ਲਾ ਰਹੇ ਆ।" ਮੈਂ ਕਿਹਾ- "ਚਲੋ ਕੋਈ ਗੱਲ ਨਹੀਂ..।"

ਸਤਨਾਮ ਸਿੰਘ ਨੇ ਦੱਸਿਆ- "ਇੱਕ ਸਰਬਜੀਤ ਸਿੰਘ ਨਾਂ ਦਾ ਮੁੰਡਾ ਕੰਮ ਛੱਡ ਰਿਹਾ, ਉਸ ਦੀ ਸਟੇਅ ਫੇਲ੍ਹ ਹੋ ਗਈ ਹੈ, ਉਸ ਨੇ ਵਾਪਸ ਪੰਜਾਬ ਚਲੇ ਜਾਣੈ। ਕੰਮ ਰੈਸਟੋਰੈਂਟ ਵਿੱਚ ਹੈ ਪਰ ਕੇਸ ਕਟਵਾਉਣੇ ਪੈਣੇ ਆ, ਇਹ ਵੀ ਆਖ਼ਰੀ ਮੌਕਾ ਹੀ ਹੈ, ਸਭ ਦੇ ਪੁਲੀਟੀਕਲ ਸਟੇਅ ਦੇ ਕੇਸ ਫੇਲ੍ਹ ਹੋ ਰਹੇ ਹਨ, ਸਖ਼ਤੀ ਕਾਫ਼ੀ ਹੋ ਗਈ ਹੈ, ਕਿਉਂਕਿ ਬਾਹਰਲਾ ਬੰਦਾ ਜ਼ਿਆਦਾ ਆਉਣ ਕਰਕੇ ਸਵਿਸ-ਮੂਲ ਲੋਕਾਂ ਨੂੰ ਕੰਮ ਨਹੀਂ ਮਿਲ਼ ਰਹੇ, ਪ੍ਰੈਲਟਾ ਚੰਦਰ ਸ਼ੇਖਰ (ਓਸ ਸਮੇਂ ਦਾ ਪ੍ਰਧਾਨ ਮੰਤਰੀ) ਆ ਕੇ ਇੱਥੇ ਕਹਿ ਗਿਆ ਹੈ ਕਿ ਇਹਨਾਂ ਲੋਕਾਂ ਨੂੰ ਇੰਡੀਆ ਵਿੱਚ ਕੋਈ ਤਕਲੀਫ਼ ਨਹੀਂ ਹੈ, ਇਹ ਤਾਂ ਸਭ ਪੈਸੇ ਕਮਾਉਣ

ਆਏ ਆ।....ਜਿਨ੍ਹਾਂ ਦੀਆਂ ਸਟੇਆਂ ਪੱਕੀਆਂ ਹੋ ਗਈਆਂ ਤਾਂ ਹੋ ਗਈਆਂ, ਅੱਗੋਂ ਕੋਈ ਮੌਕਾ ਨਹੀਂ ਹੈ.....।"

ਮੈਂ ਸੋਚਾਂ ਵਿੱਚ ਪੈ ਗਿਆ। ਮੈਂ ਸੋਚ ਰਿਹਾ ਸੀ ਕਿ ਖਰੇ ਭਾਪਾ ਜੀ ਦੀ ਗੱਲ ਸੱਚ ਹੋ ਕੇ ਹੀ ਰਹਿਣੀ ਹੈ ਕਿ 'ਕੰਮ ਕਰਨ ਲਈ ਜੇ ਕੇਸ ਕਟਵਾਉਣੇ ਪਏ ਤਾਂ ਕਟਾ ਲਵੀਂ।'

ਸਤਨਾਮ ਸਿੰਘ ਕਹਿੰਦਾ- "ਇੱਕ ਦੋ ਦਿਨਾਂ ਵਿੱਚ ਸੋਚ ਕੇ ਦੱਸ ਦੇ, ਮੈਂ ਸਰਬਜੀਤ ਸਿੰਘ ਨੂੰ ਅਟਕਾਇਆ ਹੋਇਆ, ਨਹੀਂ ਤਾਂ ਹੋਰ ਬਥੇਰੇ ਬੰਦੇ ਉਸ 'ਤੇ ਦਬਾਅ ਬਣਾ ਰਹੇ ਨੇ।"

ਮੈਂ ਕਿਹਾ- "ਇੱਕ ਹਫ਼ਤੇ ਦਾ ਸਮਾਂ ਦਿਓ, ਮੈਂ ਵੀ ਕਿਸੇ ਨਾਲ਼ ਗੱਲ ਕਰ ਲਵਾਂ...।"

ਸਤਨਾਮ ਸਿੰਘ ਕਹਿੰਦਾ- "ਕਿਸ ਨਾਲ਼ ਗੱਲ ਕਰਨੀ ਤੂੰ....?"

ਮੈਂ ਕਿਹਾ- "ਗੁਰੂ ਨਾਲ਼...।"

ਇਹ ਸੁਣ ਕੇ ਸਤਨਾਮ ਸਿੰਘ ਵੀ ਥੋੜਾ ਉਦਾਸ ਹੋ ਗਿਆ।

ਆਪਣੇ ਕਮਰੇ ਵਿੱਚ ਆ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਮੈਂ ਅਰਦਾਸ ਕਰ ਦਿੱਤੀ ਕਿ "ਕਰੀਬ ਨੌ ਮਹੀਨੇ ਹੋ ਚੱਲੇ ਨੇ, ਗੁਰੂ ਸਾਹਿਬ ਜੀ! ਅਗਰ ਮੈਂ ਡਿਪੋਰਟ ਹੋ ਗਿਆ ਤਾਂ ਲੱਖ ਰੁਪਿਆ ਕਰਜਾ ਪੰਜਾਬ ਵਿੱਚ ਮੈਥੋਂ ਸਾਰੀ ਉਮਰ ਨਹੀਂ ਲਹਿਣਾ..। (32 ਸਾਲ ਪਹਿਲਾਂ ਦਾ ਲੱਖ ਰੁਪਿਆ, ਅੱਜ ਦੇ ਕਰੋੜ ਬਰਾਬਰ ਹੈ।) ਇੱਕ ਹਫ਼ਤਾ ਮੈਂ ਹੋਰ ਕੋਸ਼ਿਸ਼ ਕਰਾਂਗਾ ਕਿਤੇ ਕੰਮ ਲੱਭ ਜਾਵੇ, ਨਹੀਂ ਤਾਂ ਮੇਰੇ ਹੱਥ ਖੜ੍ਹੇ ਹਨ ਜੀ ਮੁਆਫ਼ ਕਰਨਾ....।"

ਪਰ ਹਫ਼ਤੇ ਬਾਅਦ ਵੀ ਗੱਲ ਨਹੀਂ ਬਣੀ। ਫਿਰ ਮੈਂ ਬੜੀ ਕਸ਼ਮਕਸ਼ ਵਿੱਚ ਸਤਨਾਮ ਸਿੰਘ ਨੂੰ 'ਹਾਂ' ਕਰ ਦਿੱਤੀ ਫੋਨ ਕਰ ਕੇ।

ਮੈਂ ਸਾਰੀ ਰਾਤ ਰੋਂਦਾ ਰਿਹਾ ਸੀ।

ਕਰਨੈਲ ਸਿੰਘ ਦੇ ਜਾਣ ਤੋਂ ਬਾਅਦ ਹੁਣ ਇਕੱਲਾ ਹੀ ਕਮਰੇ ਵਿੱਚ ਹੁੰਦਾ ਸੀ। ਦੂਸਰੇ ਦਿਨ ਸ਼ਹਿਰੋਂ ਬਾਹਰਵਾਰ ਗਿਆ, ਜਿੱਥੇ ਇੱਕ ਪੰਜਾਬੀ ਮੁੰਡਾ ਕੇਸ ਕੱਟਦਾ ਹੁੰਦਾ ਸੀ। ਓਥੋਂ ਕੇਸ ਤੇ ਦਾੜ੍ਹੀ ਕਟਵਾ ਕੇ, ਦਸਤਾਰ ਇੱਕ ਲਿਫ਼ਾਫ਼ੇ ਵਿੱਚ ਪਾ ਕੇ ਮੈਂ ਆਪਣੇ ਕਮਰੇ ਵਿੱਚ ਆ ਗਿਆ। ਸਾਰਾ ਦਿਨ ਮੈਂ ਕੁਝ ਵੀ ਖਾਧਾ ਪੀਤਾ ਨਾ।

ਤੀਸਰੇ ਦਿਨ ਅਸੀਂ ਉਸ ਰੈਸਟੋਰੈਂਟ ਵਿੱਚ ਚਲੇ ਗਏ। ਵੈਸੇ ਅਸੀਂ ਇੱਕ ਹਫ਼ਤਾ ਪਹਿਲਾਂ ਜਾ ਕੇ ਮਾਲਕ ਨੂੰ ਪੱਕਿਆਂ ਕਰ ਆਏ ਸੀ ਕਿ 'ਸਾਡੀ ਆਹ ਮਜਬੂਰੀ ਹੈ, ਇਹ ਨਾ ਹੋਵੇ ਅਸੀਂ ਕੇਸ ਵੀ ਕਟਵਾ ਦੇਈਏ ਤੇ ਤੂੰ ਫਿਰ ਨਾਂਹ ਕਰ ਦੇਵੇ।'

ਉਹ ਕਹਿੰਦਾ- "ਨਹੀਂ, ਸਰਬਜੀਤ ਇੱਕ ਹਫ਼ਤਾ ਇਸ ਨੂੰ ਸਿਖਲਾਈ ਦੇਵੇਗਾ।

ਰਿਹਾਇਸ਼ ਉੱਤੇ ਹੀ ਹੈ। ਸਰਬਜੀਤ ਸਿੰਘ ਅਤੇ ਇੱਕ ਮਲਕੀਤ ਸਿੰਘ ਕੁੱਕ ਉੱਤੇ ਹੀ ਰਹਿੰਦੇ ਹਨ, ਤੀਜਾ ਬੈੱਡ ਇਸ ਦਾ ਵੀ ਲਾ ਦੇਵਾਂਗੇ। ਸਰਬਜੀਤ ਦੇ ਜਾਣ ਮਗਰੋਂ ਵਿਚ ਇਹ ਦੋਵੇਂ ਜਣੇ ਰਹੀ ਜਾਣਗੇ।" ਉਹ ਕਹਿੰਦਾ "ਕੋਈ ਸੂਰ ਨਹੀਂ ਖਾਂਦਾ, ਕੋਈ ਗਾਂ ਦਾ ਮੀਟ ਨਹੀਂ ਖਾਂਦਾ ਤੇ ਇਹ ਹਰਪ੍ਰੀਤ...?" ਤਾਂ ਸਤਨਾਮ ਕਹਿੰਦਾ "ਇਹ ਮੀਟ ਵਗੈਰਾ ਹਾਲੇ ਤਕ ਕੁਝ ਵੀ ਨਹੀਂ ਖਾਂਦਾ।"

ਉਹ ਕਹਿੰਦੇ "ਇਹਨੂੰ ਪੁੱਛ ਕੇ ਦਸ ਕਿ ਇੱਥੇ ਰਹਿਣੈ ਤਾਂ ਖਾਣਾ ਪੈਣੈ।"

ਮੈਂ ਕਿਹਾ "ਹਾਲੇ ਤਕ ਤਾਂ ਮੈਂ ਕੁਝ ਨਹੀਂ ਖਾਂਦਾ ਪਰ ਜੇ ਖਾਣਾ ਹੀ ਪਿਆ ਤਾਂ ਸਭ ਕੁਝ ਚੱਲੂ...।"

ਫਿਰ ਉਸ ਨੇ ਮੇਰੇ ਪੇਪਰਾਂ ਦੀ ਫ਼ੋਟੋਸਟੇਟ ਕਰ ਲਈ ਤੇ ਕੰਮ 'ਤੇ ਸੱਦ ਲਿਆ। ਮੈਂ ਕੈਂਪ ਵਿੱਚ ਦੱਸ ਕੇ ਤੇ ਕੰਮ 'ਤੇ ਆ ਗਿਆ।

'ਜੁਰਕ' ਸ਼ਹਿਰ ਤੋਂ ਟਰੇਨ ਵੀ ਆਉਂਦੀ ਸੀ ਅਤੇ 'ਬੈਲਵੀ ਝੀਲ' ਦੇ ਵਿੱਚ ਛੋਟੇ ਸ਼ਿਪ ਵੀ ਚੱਲਦੇ ਸਨ, ਉਹ ਵੀ ਆਉਂਦੇ ਸਨ। ਝੀਲ ਕਾਹਦੀ ਬੱਸ ਛੋਟਾ ਸਮੁੰਦਰ ਹੀ ਸੀ। ਇੱਕ ਪਾਸੇ ਪਹਾੜ ਸਨ, ਇੱਕ ਪਾਸੇ ਪਿੰਡ ਬਣੇ ਹੋਏ ਸਨ। 'ਕਿਊਸਨਾਖਤ' ਪਿੰਡ ਦਾ ਨਾਂ ਸੀ, ਜਿੱਥੇ ਮੈਨੂੰ ਕੰਮ ਮਿਲਿਆ ਸੀ। ਸਵਿਸ ਵਿੱਚ ਪੂਰੇ ਦੇਸ਼ ਵਿੱਚ ਘੁੰਮਣ ਲਈ ਅੱਧਾ ਪਾਸ ਬਣਦਾ ਸੀ, 100 ਸਵਿਸ ਫਰੈਂਕ ਦਾ। ਉਹ ਤਕਰੀਬਨ ਅਸੀਂ ਸਾਰਿਆਂ ਨੇ ਬਣਾਏ ਹੋਏ ਸਨ। ਉਸ ਨਾਲ਼ ਸ਼ਿਪ 'ਤੇ ਸਫ਼ਰ ਕਰੋ ਜਾਂ ਰੇਲ 'ਤੇ; ਅੱਧੀ ਟਿਕਟ ਲੱਗਦੀ ਸੀ। ਵਿੱਚ-ਵਿਚਾਲੇ ਧਾਰਮਿਕ ਪ੍ਰੋਗਰਾਮ ਵੀ ਆਪਣੇ ਸਿੰਘ ਕਰਾਉਂਦੇ ਰਹਿੰਦੇ ਸਨ, ਓਥੇ ਵੀ ਹਾਜ਼ਰੀ ਭਰੀਦੀ ਸੀ। ਮੈਂ ਇੱਕ ਰਾਤ ਪਹਿਲਾਂ ਹੀ ਸਰਬਜੀਤ ਸਿੰਘ ਹੋਰਾਂ ਕੋਲ਼ ਆ ਗਿਆ।

ਸਰਬਜੀਤ ਕਹਿੰਦਾ- "ਹਰਪ੍ਰੀਤ ਤੇਰਾ ਕੰਮ ਸਫ਼ਾਈ ਅਤੇ ਭਾਂਡੇ ਧੋਣ ਦਾ ਹੋਣਾ। ਮਾਲਕ ਦੀ ਘਰਵਾਲ਼ੀ ਬਹੁਤ ਕੱਬੇ ਸੁਭਾਅ ਦੀ ਹੈ, ਮਾਲਕ ਵੀ ਉਸ ਤੋਂ ਬਹੁਤ ਡਰਦੈ। ਓਦਾਂ ਮਾਲਕ ਠੀਕ ਆ ਬੰਦਾ ਪਰ ਕਦੇ-ਕਦੇ ਘਰਵਾਲ਼ੀ ਦੇ ਸਾਹਮਣੇ ਦਬਕਾ ਮਾਰ ਦਿੰਦਾ ਹੁੰਦਾ ਤਾਂ ਬਾਅਦ ਵਿੱਚ ਆ ਕੇ ਕਹਿ ਵੀ ਦਿੰਦਾ ਗ਼ੁੱਸਾ ਨਹੀਂ ਕਰਨਾ। ਆਹ ਜਿਹੜਾ ਮਲਕੀਤ ਸਿੰਘ ਕੁੱਕ ਆ, ਇਸ ਨੂੰ ਇਹ ਕੁਝ ਨਹੀਂ ਕਹਿੰਦਾ ਕਿਉਂਕਿ ਇਸ ਨੂੰ ਮਾਲਕ ਨੇ ਆਪ ਸਾਰਾ ਕੰਮ ਸਿਖਾਇਆ।"

ਮਲਕੀਤ ਸਿੰਘ ਉੱਨੀ ਕੁ ਸਾਲ ਦਾ ਮੁੰਡਾ ਸੀ। ਸਵੇਰੇ ਨੌਂ ਵਜੇ ਕੰਮ ਸ਼ੁਰੂ ਹੋਣਾ ਸੀ। ਰੈਸਟੋਰੈਂਟ ਦੀ ਚਾਬੀ ਮਲਕੀਤ ਸਿੰਘ ਕੋਲ਼ ਸੀ। ਮਾਲਕ ਤੇ ਮਾਲਕਣ ਬਾਅਦ ਵਿੱਚ ਦਸ ਸਾਢੇ ਦਸ ਵਜੇ ਆਉਂਦੇ ਸੀ। ਪਹਿਲਾਂ ਜਾ ਕੇ ਪੰਦਰਾਂ-ਵੀਹ ਮਿੰਟ ਵਿੱਚ ਨਾਸ਼ਤਾ ਕਰਨਾ। ਫਿਰ ਮੇਰਾ ਪਹਿਲਾ ਕੰਮ ਫਲੱਸ਼ਾਂ ਸਾਫ਼ ਕਰਨੀਆਂ; ਮਰਦਾਨਾ ਅਤੇ ਜਨਾਨਾ ਦੋਵੇਂ। ਬਾਅਦ ਵਿੱਚ ਸਾਰੇ ਰੈਸਟੋਰੈਂਟ ਵਿੱਚ ਹੂਵਰ ਮਾਰਨਾ। ਉਸ ਤੋਂ ਬਾਅਦ ਸਲਾਦ ਤਿਆਰ ਕਰਨਾ ਅਤੇ ਭਾਂਡੇ ਧੋਣੇ। ਮਾਲਕ ਦੱਸਦਾ ਸੀ ਕਿ ਕਮੀਜ਼-ਬਨੈਣ-ਕਛਹਿਰਾ-ਜੁਰਾਬਾਂ ਰੋਜ਼

ਬਦਲਣੀਆਂ, ਕੱਪੜੇ ਅਸੀਂ ਧੋ ਕੇ ਦੇਣੇ ਹਨ।

ਪੱਚੀ ਕੁ ਪਲੇਟਾਂ ਵਾਲਾ ਇੱਕ ਸਟੈਂਡ ਜਿਹਾ ਬਣਿਆ ਹੋਇਆ ਸੀ। ਮਿਕਸ ਸਲਾਦ ਦੀਆਂ ਪੱਚੀ ਪਲੇਟਾਂ ਬਣਾ ਕੇ ਉਸ ਨੂੰ ਪਹਿਲਾਂ ਭਰ ਦੇਣਾ। ਬਾਕੀ ਨਾਲੋ-ਨਾਲ ਤਿਆਰ ਕਰਨਾ। 11 ਕੁ ਵਜੇ ਰੱਸ਼ ਪੈਣਾ ਸ਼ੁਰੂ ਹੋ ਜਾਂਦਾ ਸੀ। ਅਜੇ ਸਲਾਦ ਪੂਰਾ ਕਰਨਾ ਤਾਂ ਵੇਟਰਨੀਆਂ ਨੇ ਮੇਰੇ ਮੂਹਰੇ ਭਾਂਡਿਆਂ ਦਾ ਢੇਰ ਲਾ ਦੇਣਾ ਧੋਣ ਲਈ। ਭਾਂਡੇ ਸ਼ਾਵਰ ਨਾਲ ਧੋ ਕੇ ਮਸ਼ੀਨ ਵਿੱਚ ਹੀ ਪਾਉਣੇ ਹੁੰਦੇ ਸਨ। ਮਸ਼ੀਨ ਧੋ ਕੇ ਸੁਕਾ ਕੇ ਬਾਹਰ ਕੱਢ ਦਿੰਦੀ ਸੀ। ਭਾਂਡੇ ਧੋ ਕੇ ਹਟਣਾ ਤਾ ਸਲਾਦ ਮੁੱਕ ਜਾਣਾ। ਓਧਰ ਵਿੱਚ-ਵਿੱਚ ਆ ਕੇ ਮਾਲਕ ਨੇ ਦਬਕਾ ਮਾਰ ਜਾਣਾ "ਸਿੰਘ! ਜਲਦੀ ਹੱਥ ਚਲਾ, ਬਹੁਤ ਢਿੱਲਾਂ ਤੂੰ।"

ਦੁਪਹਿਰ ਦੇ ਦੋ ਵਜੇ ਤਕ ਪਸੀਨਾ ਚੋਅ ਕੇ ਥੱਲੇ ਤਕ ਆ ਜਾਂਦਾ ਸੀ। ਇਹ ਰੋਜ਼ਾਨਾ ਦੀ ਡਿਊਟੀ ਸੀ। ਦੋ ਵਜੇ ਕੰਮ ਖ਼ਤਮ ਕਰ ਕੇ ਖਾਣਾ ਖਾਣ ਨੂੰ ਬੈਠਣਾ। ਖਾਣਾ ਖਾ ਕੇ ਉੱਪਰ ਕਮਰੇ ਵਿੱਚ ਅਰਾਮ ਕਰਨਾ ਸ਼ਾਮ ਦੇ ਸਾਢੇ ਪੰਜ ਫਿਰ ਡਿਊਟੀ।

ਦੁਪਹਿਰ ਤੋਂ ਬਾਅਦ ਕੰਮ ਘੱਟ ਹੀ ਹੁੰਦਾ ਸੀ। ਕਦੇ ਸੂਪ ਤਿਆਰ ਕਰ ਲਿਆ, ਕਦੇ ਗੰਢੇ ਕੱਟ ਲਏ, ਕਦੇ ਗਾਜਰਾਂ ਕੱਟ ਲਈਆਂ। ਥੱਲੇ ਸਟੋਰ ਵਿੱਚ ਡੀ-ਫਰਿਜ਼ਰ ਵਿੱਚੋਂ ਸਮਾਨ ਲੈ ਆਣਾ, ਕਦੇ ਰਸੋਈ ਦੀ ਸਫ਼ਾਈ ਕਰ ਲਈ। ਮੇਨ ਕੰਮ ਸਵੇਰ ਦਾ ਹੀ ਹੁੰਦਾ ਸੀ। ਸ਼ਨੀ-ਐਤਵਾਰ ਛੁੱਟੀ ਹੁੰਦੀ ਸੀ।

ਸਰਬਜੀਤ ਤੋਂ ਬਾਅਦ ਇੱਕ ਹਫ਼ਤਾ ਮੈਂ ਕੰਮ ਕੀਤਾ, ਯਾਨੀ ਅਗਸਤ ਦਾ ਪਹਿਲਾ ਹਫ਼ਤਾ; ਕਿਉਂਕਿ ਜੁਲਾਈ ਦੇ ਆਖ਼ਰੀ ਹਫ਼ਤੇ ਉਸ ਨੇ ਮੈਨੂੰ ਇੱਕ ਹਫ਼ਤਾ ਕੰਮ ਸਿਖਾਇਆ ਸੀ ਤੇ 1 ਅਗਸਤ 1991 ਤੋਂ ਮੇਰੀ ਡਿਊਟੀ ਸ਼ੁਰੂ ਸੀ।

ਮਾੜੀ ਕਿਸਮਤ ਮੇਰੀ ਕਿ ਦੂਜੇ ਹਫ਼ਤੇ ਹੀ ਮੇਰੀ ਸਟੇਅ ਫੇਲ੍ਹ ਹੋਣ ਦੀ ਚਿੱਠੀ ਆ ਗਈ। ਦੁਪਹਿਰ ਦਾ ਖਾਣਾ ਅਸੀਂ ਦੋਵੇਂ (ਮੈਂ ਤੇ ਮਲਕੀਤ) ਅਤੇ ਮਾਲਕ-ਮਾਲਕਣ, ਵੇਟਰਨੀਆਂ ਸਾਰੇ ਇਕੱਠੇ ਖਾਂਦੇ ਸਾਂ। ਓਸ ਦਿਨ ਮਾਲਕ ਖਾਣਾ ਖਾਣ ਤੋਂ ਬਾਅਦ ਕਹਿੰਦਾ "ਸਿੰਘ! ਤੇਰੀ ਨੈਗੇਟਿਵ ਦੀ ਚਿੱਠੀ ਆ ਗਈ ਹੈ, ਡੇਢ ਮਹੀਨੇ ਬਾਅਦ ਦੇਸ਼ ਛੱਡਣ ਲਈ ਕਿਹਾ ਹੈ ਸਰਕਾਰ ਨੇ, ਪਰ ਤੂੰ ਅਪੀਲ ਵੀ ਕਰ ਸਕਦਾਂ..।"

ਮਲਕੀਤ ਸਿੰਘ ਨੇ ਮਾਲਕ ਕੋਲੋਂ ਚਿੱਠੀ ਲੈ ਲਈ। ਮਲਕੀਤ ਸਿੰਘ ਦਾ ਡੈਡੀ ਵੀ ਸਵਿਸ ਵਿੱਚ ਹੀ ਸੀ। ਉਸ ਨੇ ਆਪਣੇ ਡੈਡੀ ਨਾਲ਼ ਸਾਰੀ ਸਲਾਹ ਕਰ ਕੇ ਮੈਨੂੰ ਦੱਸਿਆ- "ਇੱਕ ਹਫ਼ਤਾ ਸਮਾਂ ਰਹਿੰਦਿਆਂ ਆਪਾਂ ਵਕੀਲ ਰਾਹੀਂ ਅਪੀਲ ਲਾਉਣੀ ਹੈ। ਵਕੀਲ 500 ਫ਼ਰੈਂਕ ਲੈਂਦਾ ਹੈ। 200 ਫ਼ਰੈਂਕ ਪਹਿਲਾਂ ਦੇਣਾ ਕੀਤਾ ਕਿ ਜੇ ਅਪੀਲ ਲੱਗ ਗਈ ਕੁਝ ਸਮਾਂ ਯਾਨੀ ਛੇ ਕੁ ਮਹੀਨੇ ਚੱਲ ਗਈ ਤਾਂ ਬਾਕੀ ਪੈਸੇ ਦੇਣੇ ਹਨ, ਨਹੀਂ ਤੂੰ ਫਿਰ ਇੱਥੋਂ ਫ਼ਰਾਰ ਹੋ ਜਾਣਾ।"

ਮੈਂ ਕਿਹਾ- "ਜੀ ਠੀਕ।" ਉਹਨਾਂ ਦੱਸਿਆ- "ਮਹੀਨਾ ਸਰਕਾਰ ਨੇ ਜਵਾਬ ਭੇਜਣ

ਨੂੰ ਲਾ ਦੇਣਾ। ਡੇਢ ਮਹੀਨੇ ਦਾ ਫਿਰ ਸਮਾਂ ਦੇ ਦੇਣਾ, ਇਸ ਤਰ੍ਹਾਂ ਤੇਰੇ ਚਾਰ ਕੁ ਮਹੀਨੇ ਲੰਘ ਜਾਣੇ ਹਨ। ਚਾਰ ਮਹੀਨਿਆਂ ਵਿੱਚ ਤੇਰਾ ਕਰਜਾ ਲੱਥ ਜਾਣਾ ਹੈ...।"

ਅਸੀਂ ਸਾਰੀ ਗੱਲਬਾਤ ਮਾਲਕ ਨੂੰ ਦੱਸ ਦਿੱਤੀ। ਹੁਣ ਫ਼ਿਕਰ ਪੈ ਗਿਆ ਕਿ ਇਸ ਤੋਂ ਬਾਅਦ ਜਾਣਾ ਕਿੱਥੇ ਹੈ। ਮੈਂ ਆਪਣੇ ਸ਼ਰੀਕੇ ਵਿੱਚੋਂ ਲੱਗਦੇ ਚਾਚਾ ਜੀ ਗੁਰਵਿੰਦਰ ਸਿੰਘ ਨੂੰ ਆਸਟਰੀਆ ਫ਼ੋਨ ਕਰਦਾ ਕਹਿੰਦਾ ਸੀ ਤੇ ਨਾਲ਼ੇ ਪੁੱਛਦੇ ਰਹਿਣਾ ਕਿ ਇੱਥੋਂ ਬਾਅਦ ਮੈਂ ਆਸਟਰੀਆ ਆ ਜਾਵਾ? ਤਾਂ ਉਹ ਜਵਾਬ ਦੇ ਦਿੰਦੇ ਸਨ ਕਿ ਇੱਥੇ ਮੁਸ਼ਕਲ ਹੈ, ਨੇਤੇ-ਤੇਤੇ ਦੇ ਦੇਸ਼ਾਂ ਤੋਂ ਬਹੁਤ ਲੋਕ ਆ ਗਏ ਹਨ ਵਗੈਰਾ-ਵਗੈਰਾ।

ਫਿਰ ਨਾਲ਼ ਦੀ ਨਾਲ਼ ਕੰਮ ਕਰੀ ਗਏ ਤੇ ਨਾਲ਼ ਸਰਕਾਰ ਦੀ ਚਿੱਠੀ ਦਾ ਇੰਤਜ਼ਾਰ ਕਰੀ ਗਏ। ਅਗਸਤ 1991 ਦੇ ਆਖ਼ਰੀ ਹਫ਼ਤੇ ਹੀ ਮਾਲਕ ਨੇ ਮੈਨੂੰ ਪਹਿਲੀ ਤਨਖ਼ਾਹ ਦੇ ਦਿੱਤੀ। 1700 ਫ਼ਰੈਂਕ ਤਨਖ਼ਾਹ ਸੀ। ਇੱਕ-ਦੋ ਦਿਹਾੜੀਆਂ ਉਸ ਨੇ ਸਾਡੇ ਕੋਲੋਂ ਆਪਣਾ ਬਗੀਚਾ ਸਾਫ਼ ਕਰਨ, ਰੈਸਟੋਰੈਂਟ ਦਾ ਵੱਧ-ਘੱਟ ਸਮਾਨ ਸੁੱਟਣ ਲਈ ਲਗਵਾਈਆਂ ਸਨ। ਉਸ ਦਾ ਉਹ 100 ਫ਼ਰੈਂਕ ਦਿਹਾੜੀ ਦਾ ਦਿੰਦਾ ਸੀ।

ਮੈਂ ਸਤਨਾਮ ਸਿੰਘ ਨੂੰ ਦੱਸਿਆ ਕਿ "ਮੈਨੂੰ ਪਹਿਲੀ ਤਨਖ਼ਾਹ ਮਿਲ਼ ਗਈ ਹੈ, ਪੈਸੇ ਘਰ ਭੇਜਣੇ ਹਨ।" ਉਸ ਦੇ ਦੱਸਣ ਤੋਂ ਬਾਅਦ 'ਪਾਕਿਸਤਾਨੀ ਹਬੀਬ ਬੈਂਕ' ਰਾਹੀਂ ਪੈਸੇ ਭੇਜੇ ਤਾਂ ਉਹ ਇੰਡੀਆ ਦਾ 33 ਹਜ਼ਾਰ ਬਣਿਆ। ਮੈਂ ਭਾਪਾ ਜੀ ਨੂੰ ਚਿੱਠੀ ਲਿੱਖ ਦਿੱਤੀ ਕਿ ਆਪਣਾ ਖ਼ਰਚ-ਪਾਣੀ ਰੱਖ ਕੇ ਲੋਕਾਂ ਦਾ ਉਧਾਰ ਮੋੜ ਦਿਓ।

ਫਿਰ ਅਗਲੇ ਮਹੀਨੇ ਮੈਂ 25 ਹਜ਼ਾਰ ਰੁਪਿਆ ਹੋਰ ਭੇਜਿਆ। ਤਕਰੀਬਨ ਉਧਾਰ ਉੱਤਰ ਗਿਆ ਸੀ।

ਮੈਨੂੰ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਸ਼ਾਇਦ ਸ਼ੁਰੂ ਵਿੱਚ ਦੂਸਰੀ ਚਿੱਠੀ ਨੈਗੇਟਿਵ ਦੀ ਆ ਗਈ। 15 ਨਵੰਬਰ ਤਕ ਦੇਸ਼ ਛੱਡਣ ਦਾ ਹੁਕਮ ਹੋ ਗਿਆ। ਮੈਂ ਸਤਨਾਮ ਸਿੰਘ ਨਾਲ਼ ਗੱਲ ਕੀਤੀ। ਉਹ ਕਹਿੰਦਾ- 'ਜੋ ਤੇਰੇ ਨਾਲ਼ ਮਲਕੀਤ ਸਿੰਘ ਕੁੱਕ ਮੁੰਡਾ ਕੰਮ ਕਰਦਾ ਉਸ ਦੇ ਵਾਕਫ਼ ਬੰਦੇ ਬਾਰਡਰ ਟਪਾਉਂਦੇ ਹਨ ਉਸ ਨਾਲ਼ ਗੱਲ ਕਰ।'

ਅਸੀਂ ਹਰ ਸ਼ਨੀ-ਐਤਵਾਰ ਸਾਰੇ 'ਬੈਲਵੀ ਝੀਲ' 'ਤੇ ਇੱਕਠੇ ਹੁੰਦੇ ਸਾਂ। ਬਹੁਤ ਰੌਣਕ ਹੁੰਦੀ ਸੀ। ਪੂਰਾ ਮੇਲੇ ਵਾਲ਼ਾ ਮਹੌਲ ਹੁੰਦਾ ਸੀ। ਕਾਫ਼ੀ ਮਨੋਰੰਜਨ ਹੁੰਦਾ ਸੀ। ਇੱਕ ਗੋਰਿਆਂ ਦਾ ਗਰੁੱਪ ਸੀ ਉਹ ਹਿੰਦੂ ਬਣੇ, 'ਹਰੇ ਰਾਮਾ-ਹਰੇ ਕ੍ਰਿਸ਼ਨਾ' ਦੀ ਟੇਪ-ਰਿਕਾਰਡ ਝੀਲ 'ਤੇ ਲਾ ਕੇ ਧੂਫਾਂ ਵਗੈਰਾ ਵੇਚਦੇ ਸਨ ਤੇ ਸੂਜੀ ਦੇ ਹਲਵੇ ਦਾ ਪ੍ਰਸ਼ਾਦ ਗਰਮ-ਗਰਮ ਦਿੰਦੇ ਹੁੰਦੇ ਸਨ। ਹਰ ਐਤਵਾਰ ਉਹ ਅਸੀਂ ਜ਼ਰੂਰ ਖਾਂਦੇ ਸੀ। ਬਾਕੀ ਹੋਰ ਕਾਫ਼ੀ ਪੰਜਾਬੀ ਮੁੰਡੇ ਮਿਲ਼ਦੇ ਸਨ। ਪੰਜਾਬ ਤੋਂ ਖਾੜਕੂ ਸਿੰਘ ਵੀ ਕਾਫ਼ੀ ਸਵਿਸ ਵਿੱਚ ਆਏ ਸਨ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਰਿਬੈਰੋ ਨੂੰ ਰੁਮਾਨੀਆ ਵਿੱਚ ਜੋ ਸਿੰਘ ਮਾਰਨ ਗਏ ਸਨ, ਉਹ ਵੀ ਸਵਿਸ ਤੋਂ ਹੀ ਗਏ। ਜੋ ਭਾਈ ਜੁਗਰਾਜ ਸਿੰਘ ਮਲਵਈ (ਸਮਾਲਸਰ) ਓਥੇ ਸ਼ਹੀਦ ਹੋ ਗਿਆ ਸੀ,

ਉਸ ਨਾਲ ਵੀ ਇੱਕ ਵਾਰ ਮੁਲਾਕਾਤ ਇੱਕ ਮਕਾਨ ਵਿੱਚ ਹੋਈ ਸੀ। ਉਹ ਬਹੁਤ ਹੀ ਘੱਟ ਬੋਲਦਾ ਹੁੰਦਾ ਸੀ। ਇੱਕ ਵਾਰ ਮੇਰੀ, ਸਤਨਾਮ ਸਿੰਘ ਨਾਲ ਜਾਂ ਸ਼ਾਇਦ ਕਿਸੇ ਹੋਰ ਸਿੰਘ ਨਾਲ ਉਹਨਾਂ ਦੇ ਮਕਾਨ ਵਿੱਚ ਗਿਆਂ ਦੀ ਤਕਰਾਰ ਹੋ ਗਈ। ਜੁਗਰਾਜ ਸਿੰਘ ਅਤੇ ਹੋਰ ਚਾਰ ਪੰਜ ਮਲਵਈ ਸਿੰਘ ਓਥੇ ਸਨ ਤਾਂ ਬਾਕੀ ਮਲਵਈ ਸਿੰਘਾਂ ਨੇ ਗੱਲ ਛੇਤ ਦਿੱਤੀ ਕਿ "ਦੁਆਬੀਏ ਬੰਦੇ ਸਹੀ ਨਹੀਂ ਹੁੰਦੇ, ਆਹ ਜਲੰਧਰੀਏ ਤਾਂ ਖ਼ਾਸ ਕਰਕੇ ਬਹੁਤ ਸੈਤਾਨ ਅਤੇ ਤੇਜ਼ ਤਰਾਰ ਹੁੰਦੇ ਹਨ..।"

ਸ਼ਾਇਦ ਉਹਨਾਂ ਦਾ ਦੁਆਬੀਆਂ ਨਾਲ਼ ਕੋਈ ਮਸਲਾ ਬਣਿਆ ਸੀ। ਮੈਂ ਸੋਚਿਆ ਕਿ ਹੁਣ ਜੇ ਇਹ ਇੱਥੇ ਗਾਲ਼ ਵਗੈਰਾ ਕੱਢਣ ਤਾਂ ਸਾਡੀ ਲੜਾਈ ਹੋ ਸਕਦੀ ਆ। ਮੈਂ ਸੋਚਿਆ ਪਹਿਲਾਂ ਹੀ ਦੱਸ ਦਿੱਤਾ ਜਾਵੇ ਕਿ ਮੈਂ ਵੀ ਦੁਆਬੀਆਂ ਹੀ ਹਾਂ ਪਰ ਮੇਰੇ ਤੋਂ ਪਹਿਲਾਂ ਹੀ ਜੁਗਰਾਜ ਸਿੰਘ ਬੋਲ ਪਿਆ ਕਹਿੰਦਾ "ਭਰਾਵੋ! ਨਾ ਸਾਰੇ ਦੁਆਬੀਏ ਮਾੜੇ ਹਨ ਤੇ ਨਾ ਆਪਾਂ ਸਾਰੇ ਮਲਵਈ ਚੰਗੇ ਹਾਂ, ਚੰਗੇ ਮਾੜੇ ਬੰਦੇ ਹਰ ਜਗ੍ਹਾ ਹੁੰਦੇ ਹਨ। ਇੱਕ ਦੋ ਜਣਿਆ ਕਰਕੇ ਸਾਰੇ ਦੁਆਬੀਆਂ ਨੂੰ ਮਾੜਾ ਨਹੀਂ ਕਿਹਾ ਜਾਣਾ ਚਾਹੀਦਾ।"

ਜੁਗਰਾਜ ਸਿੰਘ ਦੀ ਗੱਲ ਮੁਕਦਿਆਂ ਸਾਰ ਹੀ ਮੈਂ ਵੀ ਕਹਿ ਦਿੱਤਾ- "ਭਰਾਵੋ! ਮੈਂ ਵੀ ਦੁਆਬੀਆਂ ਹੀ ਹਾਂ, ਹੁਸ਼ਿਆਰਪੁਰ ਦਾ...।" ਇੱਕ ਕਹਿੰਦਾ- "ਹੁਸ਼ਿਆਰਪੁਰੀਏ ਤਾਂ ਜਲੰਧਰੀਆਂ ਤੋਂ ਵੀ ਤੇਜ਼ ਹੁੰਦੇ ਹਨ।" ਪਰ ਮੇਰੀ ਗੱਲ ਦੀ ਰਮਜ਼ ਉਹ ਸਮਝ ਗਿਆ ਤੇ ਗਾਲ਼ੀ-ਗਲੋਚ ਅਤੇ ਝਗੜੇ ਤੋਂ ਬਚਾਅ ਹੋ ਗਿਆ।

ਸਾਨੂੰ ਤਾਂ ਇਹ ਬਹੁਤ ਬਾਅਦ ਵਿੱਚ ਪਤਾ ਲੱਗਾ ਕਿ ਉਹ ਓਹੀ ਜੁਗਰਾਜ ਸਿੰਘ ਸੀ, ਜਿਸ ਨੂੰ ਅਸੀਂ ਮਿਲ਼ੇ ਸਾਂ ਇੱਕ ਵਾਰ। ਪੰਜ ਭੈਣਾਂ ਦਾ ਇਕਲੌਤਾ ਭਰਾ ਸੀ ਜੁਗਰਾਜ ਸਿੰਘ ਸਮਾਲਸਰ।

ਮੈਂ ਸਤਨਾਮ ਸਿੰਘ ਦੇ ਕਹਿਣ 'ਤੇ ਮਲਕੀਤ ਸਿੰਘ ਕੁੱਕ ਨਾਲ਼ ਗੱਲਬਾਤ ਕੀਤੀ ਤਾਂ ਉਹ ਕਹਿੰਦਾ ਮੈਂ ਪਤਾ ਕਰ ਕੇ ਦੱਸਦਾਂ। ਅਗਲੇ ਹਫ਼ਤੇ ਉਹ ਕਹਿੰਦਾ- "ਬੰਦੇ ਕਹਿੰਦੇ ਆ ਕਿ ਅਸੀਂ ਹਰਪ੍ਰੀਤ ਨੂੰ ਇਟਲੀ ਪਹੁੰਚਾ ਦਿੰਦੇ ਹਾਂ, 800 ਫ਼ਰੈਂਕ ਲੱਗੇਗਾ।"

ਓਧਰ ਚਾਚਾ ਗੁਰਵਿੰਦਰ ਸਿੰਘ ਆਸਟਰੀਆ ਹਾਂ ਨਹੀਂ ਸੀ ਕਰ ਰਿਹਾ। ਜਰਮਨ ਤੋਂ ਬਿਨਾਂ ਸਰਕਾਰ ਨੂੰ ਦੱਸਿਆਂ ਮੈਂ ਆ ਗਿਆ ਸੀ, ਇਸ ਕਰਕੇ ਓਥੇ ਜਾ ਨਹੀਂ ਸੀ ਸਕਦਾ, ਤੇ ਕਾਫ਼ੀ ਸੋਚ-ਵਿਚਾਰ ਕਰ ਕੇ ਮੈਂ ਮਲਕੀਤ ਸਿੰਘ ਨੂੰ 'ਹਾਂ' ਕਰ ਦਿੱਤੀ। ਇਸ ਗੱਲ ਦਾ ਮੈਂ ਸਤਨਾਮ ਸਿੰਘ ਨਾਲ਼ ਜ਼ਿਕਰ ਕੀਤਾ। ਅਸਲ ਵਿੱਚ ਸਤਨਾਮ ਸਿੰਘ ਸੰਧੂ ਨਾਲ਼ ਮੇਰਾ ਗੂੜ੍ਹਾ ਪਿਆਰ ਸੀ ਅਤੇ ਉਹ ਅੱਜ ਵੀ ਹੁਣ ਬੈਲਜ਼ੀਅਮ ਵਿੱਚ ਪਰਿਵਾਰ ਨਾਲ਼ ਰਹਿ ਰਿਹਾ ਹੈ ਅਤੇ ਇੰਡੀਅਨ ਰੈਸਟੋਰੈਂਟ ਚਲਾ ਰਿਹਾ ਹੈ।

ਸਤਨਾਮ ਸਿੰਘ ਕਹਿੰਦਾ- "ਯਾਰ ਹਰਪ੍ਰੀਤ ਸਿੰਘ! ਇਟਲੀ ਕੋਈ ਇੰਨਾ ਵਧੀਆ ਕੰਟਰੀ ਨਹੀਂ ਸੁਣੀਦਾ। ਸੁਣਿਆ ਓਥੇ ਜ਼ਿਆਦਾ ਸਰਕਸਾਂ ਵਿੱਚ ਜਾਂ ਖੇਤਾਂ ਵਿੱਚ ਕੰਮ

ਮਿਲਦੈ। ਜਿਹੜੇ ਮੁੰਡੇ ਓਥੇ ਗਏ ਨੇ, ਉਹ ਦੱਸਦੇ ਹਨ ਕਿ ਕੱਚੇ ਬੰਦਿਆਂ ਦੇ ਹਾਲਾਤ ਬਹੁਤ ਮਾੜੇ ਹਨ, ਮਾਲਕ ਉਹਨਾਂ ਤੋਂ ਕੰਮ ਜ਼ਿਆਦਾ ਕਰਾਉਂਦੇ ਨੇ, ਪਰ ਪੈਸੇ ਘੱਟ ਦਿੰਦੇ ਆ... ਰਹਿਣ-ਸਹਿਣ ਵੀ ਕੱਚੇ ਬੰਦਿਆਂ ਦਾ ਮਾੜਾ ਹੈ....।"

ਇੱਕ ਦਿਨ ਇੱਕ ਮੁੰਡੇ ਦੇ ਕੈਨੇਡਾ ਦਾ ਵੀਜ਼ਾ ਲੱਗਣ ਦੀ ਪਾਰਟੀ ਚੱਲ ਰਹੀ ਸੀ। ਉਸ ਨੇ ਕੈਨੇਡਾ ਚਲੇ ਜਾਣਾ ਸੀ। ਕਾਫ਼ੀ ਜਣੇ ਇਕੱਠੇ ਹੋਏ ਸਨ, ਉਸ ਦੇ ਘਰ ਪਾਰਟੀ ਵਿੱਚ। ਚੱਲਦੀ ਪਾਰਟੀ ਵਿੱਚ ਸਤਨਾਮ ਸਿੰਘ ਕਹਿੰਦਾ- "ਹਰਪ੍ਰੀਤ! ਤੇਰਾ ਚਾਚਾ ਆਸਟਰੀਆ ਵਾਲ਼ਾ ਵੀ ਬੰਦਾ ਮਾੜਾ ਈ ਨਿਕਲਿਆ ਯਾਰ, ਆਪਣੇ ਪਿੰਡ ਦੇ ਬੰਦੇ ਦੀ ਪੱਕਾ ਬੰਦਾ ਮਦਦ ਤਾਂ ਕਰ ਹੀ ਸਕਦਾ। 'ਇਟਲੀ' ਨਾਲੋਂ 'ਆਸਟਰੀਆ' ਦੇਸ਼ ਸਹੀ ਆ। ਜਿਹੜੇ ਵੀ ਬੰਦੇ ਇੱਥੋਂ ਆਸਟਰੀਆ ਗਏ, ਉਹ ਬੜੇ ਖ਼ੁਸ਼ ਹਨ, ਇੱਕ ਤਾਂ ਓਥੇ ਬੰਦਾ ਪੱਕਾ ਵੀ ਹੋ ਜਾਂਦਾ ਛੇਤੀ, ਬਾਕੀ ਓਥੇ ਅਖ਼ਬਾਰਾਂ ਦਾ, ਮਾਰਕੀਟਾਂ ਦਾ ਅਤੇ ਰੈਸਟੋਰੈਂਟ ਵਿੱਚ ਕੰਮ ਬੜਾ। ਅਖ਼ਬਾਰਾਂ ਦਾ ਕੰਮ ਸੁਣਿਆ ਥੋੜਾ ਔਖਾ, ਰੈੱਡ-ਲਾਈਟਾਂ ਅਤੇ ਚੁਰੱਸਤਿਆਂ ਵਿੱਚ ਖੜ੍ਹ ਕੇ ਠੰਢ ਵਿੱਚ ਵੇਚਣੀਆਂ ਪੈਂਦੀਆਂ ਹਨ, ਪਰ ਬੰਦਾ ਸੈੱਟ ਹੋ ਜਾਂਦੈ।"

ਫਿਰ ਸਤਨਾਮ ਸਿੰਘ ਕਹਿੰਦਾ- "ਟੁੱਟੇ ਪੈਸੇ ਹੈਗੇ ਤੇਰੇ ਕੋਲ, ਨਹੀਂ ਹੈਗੇ ਤਾਂ ਮੈਥੋਂ ਲੈ ਲਾ, ਤੇ ਥੱਲੇ ਜੋ ਟੈਲੀਫ਼ੋਨ ਬੂਥ ਆ, ਓਥੋਂ ਫ਼ੋਨ ਕਰ ਕੇ ਆਪਣੇ ਚਾਚੇ ਨੂੰ ਮਿਹਣੇ ਮਾਰ...।"

ਸ਼ਾਮ ਜਿਹੇ ਦਾ ਸਮਾਂ ਸੀ। ਚਾਚਾ ਗੁਰਵਿੰਦਰ ਸਿੰਘ ਦੀ ਰਾਤ ਦੀ ਡਿਊਟੀ ਹੁੰਦੀ ਸੀ ਬੇਕਰੀ ਵਿੱਚ। ਸ਼ਾਮ ਦੇ ਸਮੇਂ ਉਹ ਫ਼ੋਨ ਚੁੱਕ ਲੈਂਦੇ ਸਨ। ਮੈਂ ਥੱਲੇ ਜਾ ਕੇ ਫ਼ੋਨ ਕੀਤਾ ਤਾਂ ਉਹਨਾਂ ਨੇ ਚੁੱਕ ਲਿਆ ਮੈਂ ਹਾਲ-ਚਾਲ ਪੁੱਛਿਆ। ਚਾਚੀ ਦਾ, ਬੱਚਿਆਂ ਦਾ।

ਚਾਚਾ ਜੀ ਕਹਿੰਦੇ- "ਤੇਰਾ ਕੀ ਹਾਲ ਆ..?" ਮੈਂ ਕਿਹਾ- "ਮੇਰਾ ਕਾਹਦਾ ਹਾਲ ਹੋਣੈ..! ਤੁਹਾਡੇ ਹੁੰਦਿਆਂ ਬੁਰੇ ਹਾਲ ਆ...।" ਕਹਿੰਦੇ- "ਕੀ ਗੱਲ ਹੋ ਗਈ...?" ਤਾਂ ਮੈਂ ਕਿਹਾ- "ਪਹਿਲਾਂ ਤਾਂ ਮੈਨੂੰ ਕੇਸ ਕਟਾਉਣੇ ਪੈ ਗਏ, ਕੰਮ ਨਹੀਂ ਮਿਲਦਾ ਸੀ, ਮੇਰਾ ਅੰਮ੍ਰਿਤ ਭੰਗ ਹੋ ਗਿਆ....।" ਤਾਂ ਕਹਿੰਦੇ- "ਇਹ ਤੂੰ ਕੀ ਕੀਤਾ...! ਆਪਣੇ ਖ਼ਾਨਦਾਨ ਵਿੱਚ ਕਦੇ ਕਿਸੇ ਨੇ ਕੇਸ ਨਹੀਂ ਸੀ ਕਟਵਾਏ..।" ਮੈਂ ਕਿਹਾ- "ਹੁਣ ਹੋਰ ਕੋਈ ਚਾਰਾ ਨਹੀਂ ਸੀ, ਧਰਮ ਦੇ ਤੌਰ 'ਤੇ ਇਸ ਨਾਲੋਂ ਮਰ ਜਾਣਾ ਚੰਗਾ ਸੀ... ਇਸ ਨਾਲੋਂ ਤਾਂ ਪੰਜਾਬ ਵਿੱਚ ਗੋਲ਼ੀ ਨਾਲ਼ ਮੈਂ ਮਰ ਜਾਂਦਾ ਤਾਂ ਚੰਗਾ ਸੀ, ਆਹ ਕਲੰਕ ਲੈ ਕੇ ਤਾਂ ਨਾ ਦਰਗਾਹ ਵਿੱਚ ਮਰਨ ਤੋਂ ਬਾਅਦ ਜਾਣਾ ਪੈਂਦਾ...।" ਉਹ ਕਹਿੰਦੇ- "ਹੁਣ ਕੀ ਕਰਦੈਂ..?" ਮੈਂ ਕਿਹਾ- ਮੇਰਾ ਕੇਸ ਫੇਲ੍ਹ ਹੋ ਗਿਆ, ਅਪੀਲ ਲਾਈ ਸੀ, ਉਹ ਵੀ ਫੇਲ੍ਹ ਹੋ ਗਈ....ਹੁਣ ਮਹੀਨਾ ਕੁ ਹੈ ਮੇਰੇ ਕੋਲ਼, ਤੇ ਮੈਂ ਕਿਸੇ ਨਾਲ਼ ਇਟਲੀ ਜਾਣ ਦੀ ਗੱਲ ਕਰ ਲਈ ਹੈ, ਤੁਸੀਂ ਤਾਂ ਪੈਰ ਨਹੀਂ ਲਾਉਂਦੇ, ਤੁਸੀਂ ਭਾਪਾ ਜੀ ਨੂੰ ਲਾਰਾ ਲਾ ਕੇ ਕਿਹਾ ਸੀ ਹਰਪ੍ਰੀਤ ਆ ਜਾਵੇਗਾ ਤਾਂ ਮੈਂ ਸਾਂਭ ਲਵਾਂਗਾ, ਹੁਣ ਮੁੱਕਰ ਗਏ ਹੋ...।"

ਮੇਰੀ ਮਿਹਣਿਆਂ ਭਰੀ ਗੱਲਬਾਤ ਸੁਣ ਕੇ ਉਹ ਕੁਝ ਪਲ ਚੁੱਪ ਰਹੇ ਫਿਰ ਉਹ

ਕਹਿੰਦੇ- "ਕਾਕਾ ਇਟਲੀ ਨਾ ਜਾਵੀਂ, ਓਥੇ ਹਾਲਾਤ ਬਹੁਤ ਮਾੜੇ ਨੇ...।"

ਮੈਂ ਕਿਹਾ- "ਚਾਚਾ ਜੀ! ਸਵਿਸ 'ਚ ਮੈਂ ਰਹਿ ਨਹੀਂ ਸਕਦਾ, ਜਰਮਨ ਮੈਂ ਜਾ ਨਹੀਂ ਸਕਦਾ, ਇਟਲੀ ਦੇ ਹਾਲਾਤ ਮਾੜੇ ਨੇ, ਤੇ ਤੁਸੀਂ ਕਹਿੰਦੇ ਹੋ ਆਸਟਰੀਆ ਆਵੀਂ ਨਾ, ਹੋਰ ਮੈਂ ਹੁਣ ਕਿਹੜੇ ਢੱਠੇ ਖੂਹ ਵਿੱਚ ਜਾਵਾਂ..?"

ਪਿਓ ਬਰਾਬਰ ਸ਼ਰੀਕੇ ਵਿੱਚੋਂ ਲੱਗਦੇ ਚਾਚੇ ਨਾਲ਼ ਮੈਂ ਗਰਮ ਹੋ ਗਿਆ ਸੀ।

ਫਿਰ ਕੁਝ ਸੋਚ ਕੇ ਉਹ ਕਹਿੰਦੇ- "ਮੈਂ ਤੈਨੂੰ ਆਸਟਰੀਆ ਲਿਆ ਨਹੀਂ ਸਕਦਾ ਪਰ ਜੇ ਆਪਣੇ-ਆਪ ਆ ਜਾਵੇਂ ਤਾਂ ਕੁਝ ਕਰ ਲਵਾਂਗਾ...।"

ਕੁਝ ਸਮਾਂ ਗੱਲਾਂ ਚੱਲਦੀਆਂ ਰਹੀਆਂ। ਫਿਰ ਮੈਂ ਸ਼ਰਤ ਰੱਖ ਦਿੱਤੀ ਕਿ "ਮੈਂ ਚੌਕਾਂ ਵਿੱਚ ਖੜ੍ਹ ਕੇ ਇਸ਼ਾਰਿਆਂ 'ਤੇ ਅਖ਼ਬਾਰਾਂ ਨਹੀਂ ਵੇਚਣੀਆਂ...।" ਤਾਂ ਉਹ ਕਹਿੰਦੇ "ਭਰਾਵਾ ਪਹਿਲਾਂ ਆ ਤਾਂ ਜਾਹ, ਫਿਰ ਸ਼ਰਤਾਂ ਵੀ ਰੱਖ ਲਵੀਂ...।"

ਮੈਂ ਕਿਹਾ "ਚਲੋ ਠੀਕ ਆ ਮੈਂ ਕਿਸੇ ਤਰੀਕੇ ਆ ਜਾਵਾਂਗਾ...।"

* * * * *

ਸਵਿਟਜ਼ਰਲੈਂਡ ਦਾ ਬਾਰਡਰ ਟੱਪ ਕੇ ਆਸਟਰੀਆ 'ਚ ਦਾਖ਼ਲਾ

ਹੁਣ ਤਕ ਤਾਂ ਬਾਰਡਰ ਟੱਪਣ ਦਾ ਕਾਫ਼ੀ ਤਜ਼ਰਬਾ ਹੋ ਗਿਆ ਸੀ।

ਮੈਂ ਉੱਪਰ ਜਾ ਕੇ ਸਤਨਾਮ ਸਿੰਘ ਨੂੰ ਦੱਸਿਆ ਤਾਂ ਉਹ ਬੜਾ ਖ਼ੁਸ਼ ਹੋਇਆ। ਕਹਿੰਦਾ- "ਚਲ ਭਰਾਵਾ! ਚਾਚੇ ਨੂੰ ਮਿਹਣੇ ਮਾਰੇ ਹੀ ਤੇਰੇ ਕੰਮ ਆ ਗਏ... ਹੁਣ ਜਾ ਕੇ ਆਪਣੇ ਸਾਥੀ ਮਲਕੀਤ ਸਿੰਘ ਨਾਲ਼ ਇਸ ਬਾਰੇ ਗੱਲ ਕਰ ਲੈ...।"

ਮੈਂ ਵਾਪਸ ਆਪਣੇ ਕਮਰੇ ਵਿੱਚ ਗਿਆ ਤੇ ਜਾ ਕੇ ਮਲਕੀਤ ਸਿੰਘ ਨੂੰ ਸਾਰੀ ਵਾਰਤਾ ਸੁਣਾਈ।

ਉਹ ਕਹਿੰਦਾ- "ਚਲ ਹੁਣ ਤੂੰ ਇਟਲੀ ਤੋਂ ਬਚ ਗਿਆ, ਦੋ ਕੁ ਦਿਨ ਦੇ ਮੈਨੂੰ। ਆਸਟਰੀਆ ਦਾ ਬਾਰਡਰ ਜੋ ਟਪਾਉਂਦੇ ਹਨ, ਉਹ ਤੇਰੀ ਵਾਲ਼ੀ ਖਾੜਕੂ ਜਥੇਬੰਦੀ ਦੇ ਹੀ ਬੰਦੇ ਨੇ। ਉਹਨਾਂ ਨਾਲ਼ ਮੈਂ ਤੇਰੇ ਬਾਰੇ ਗੱਲ ਕਰਦੇਂ ਤੇ ਫਿਰ ਤੈਨੂੰ ਦੱਸਦੇਂ।"

ਚੌਥੇ ਕੁ ਦਿਨ ਮਲਕੀਤ ਸਿੰਘ ਕਹਿੰਦਾ- "ਉਹ ਕਹਿੰਦੇ ਆ ਕਿ ਅਗਰ ਹਰਪ੍ਰੀਤ ਦਾ ਖਾੜਕੂ ਸੰਘਰਸ਼ ਨਾਲ਼ ਸੰਬੰਧ ਰਿਹਾ ਹੈ ਤਾਂ ਅਸੀਂ ਉਸ ਤੋਂ ਸਿਰਫ਼ 200 ਸਵਿਸ ਫ਼ਰੈਂਕ ਲਵਾਂਗੇ, ਵੈਸੇ ਅਸੀਂ ਪ੍ਰਤੀ ਬੰਦਾ 500 ਫ਼ਰੈਂਕ ਲਈਦਾ, ਤੇ ਇਹ ਬਾਰਡਰ ਪਾਰ ਕਰਾਉਣ ਵਾਲ਼ੀ ਮਾਇਆ ਅਸੀਂ ਇੰਡੀਆ ਵਿੱਚ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੇ ਪਰਿਵਾਰਾਂ ਨੂੰ ਭੇਜਦੇ ਹਾਂ...।"

ਮਲਕੀਤ ਸਿੰਘ ਕਹਿੰਦਾ- "ਨਵੰਬਰ ਦੇ ਪਹਿਲੇ ਹਫ਼ਤੇ ਯਾਨੀ ਸ਼ੁੱਕਰਵਾਰ ਤਕ ਕੰਮ ਕਰ ਕੇ ਆਪਾਂ ਉਹਨਾਂ ਸਿੰਘਾਂ ਕੋਲ਼ੇ ਚਲੇ ਜਾਣਾ ਹੈ, ਮੈਂ ਵੀ ਨਾਲ਼ ਚੱਲਾਂਗਾ...।"

ਅਸੀਂ ਰੈਸਟੋਰੈਂਟ ਦੇ ਮਾਲਕ ਨੂੰ ਸਭ ਦੱਸ ਦਿੱਤਾ। ਸਾਡਾ ਪ੍ਰੋਗਰਾਮ ਪੱਕਾ ਹੋ ਗਿਆ। 1 ਨਵੰਬਰ 1991 ਨੂੰ ਮੇਰੀ ਜਗ੍ਹਾ ਕੰਮ ਕਰਨ ਲਈ ਹੋਰ ਬੰਦਾ ਆ ਗਿਆ। ਨਵੰਬਰ ਦੇ ਪਹਿਲੇ ਹਫ਼ਤੇ ਦਾ ਸ਼ੁੱਕਰਵਾਰ ਕੰਮ ਦਾ ਆਖ਼ਰੀ ਦਿਨ ਸੀ। ਅਕਤੂਬਰ ਦੀ ਅੱਧੀ ਤਨਖ਼ਾਹ

ਮੈਂ ਘਰ ਭੇਜ ਦਿੱਤੀ ਅਤੇ ਅੱਧੀ ਕੋਲ ਰੱਖ ਲਈ।

ਦੁਨੀਆਂ ਦਾ ਸਭ ਤੋਂ ਸੋਹਣਾ, ਸਾਫ਼ ਸੁਥਰਾ, ਅਮੀਰ ਦੇਸ਼ ਛੱਡਣ ਨੂੰ ਜੀਅ ਤਾਂ ਨਹੀਂ ਸੀ ਕਰਦਾ। ਜਿੱਥੇ ਇੱਕ ਸਾਲ ਵਿੱਚ ਕਈ ਉਤਰਾਅ-ਚੜਾਅ ਵੇਖੇ ਹੋਣ। ਜਿਸ ਮੁਲਕ ਵਿੱਚ ਦੋ-ਦੋ, ਤਿੰਨ-ਤਿੰਨ ਸਾਲ ਕੰਮ ਕਰ ਕੇ ਲੋਕ ਪੈਸਿਆਂ ਨਾਲ ਆਫਰ ਗਏ ਸਨ। ਬਾਸਲ, ਲੁਜਾਨ ਅਤੇ ਹੋਰ ਇਲਾਕਿਆਂ ਵਿੱਚ ਜਿੱਥੇ ਫੈਕਟਰੀਆਂ ਵਿੱਚ ਕੰਮ ਮਿਲਦੇ ਸਨ, ਮੁੰਡਿਆਂ ਦੀਆਂ ਤਿੰਨ-ਤਿੰਨ ਹਜ਼ਾਰ ਫ਼ਰੈਂਕ ਜਾਂ ਇਸ ਤੋਂ ਵੀ ਜ਼ਿਆਦਾ ਤਨਖ਼ਾਹਾਂ ਸਨ।

ਬਾਕੀ ਜਿੱਥੇ ਜਿੰਨਾ ਅੰਨ-ਜਲ ਲਿਖਿਆ ਹੋਵੇ ਉਸ ਅਕਾਲ ਪੁਰਖ ਵਾਹਿਗੁਰੂ ਨੇ; ਉਸ ਤੋਂ ਵੱਧ ਇਨਸਾਨ ਛਕ ਨਹੀਂ ਸਕਦਾ।

ਸਵਿਟਜ਼ਰਲੈਂਡ ਵਾਲਿਆਂ ਨੇ ਆਪਣੀ ਅਜ਼ਾਦੀ ਜਾਂ ਸਵਿਟਜ਼ਰਲੈਂਡ ਬਣੇ ਦਾ 700 ਸਾਲਾ ਵੀ ਸਾਡੇ ਇੱਥੇ ਹੁੰਦਿਆਂ ਮਨਾਇਆ ਸੀ, ਉਹ ਵੀ ਬੜੀ ਧੂਮਧਾਮ ਨਾਲ। ਝੀਲਾਂ ਤੇ ਹੋਰ ਖ਼ਾਸ ਜਗ੍ਹਾ 'ਤੇ ਮੇਲੇ ਲਾਏ ਗਏ। ਜੂਰਕ ਦੀ ਬੈਲਵੀ ਝੀਲ 'ਤੇ ਬਹੁਤ ਰੌਣਕ ਸੀ। ਦਿਨ ਵੇਲ਼ੇ ਹਵਾਈ ਜਹਾਜ਼ਾਂ ਨੇ ਬਹੁਤ ਕਰਤਬ ਵਿਖਾਏ, ਕਲਾਬਾਜ਼ੀਆਂ ਲਾਈਆਂ। ਰਾਤ ਨੂੰ ਪਟਾਕੇ ਆਤਿਸ਼ਬਾਜ਼ੀਆਂ ਚੱਲੇ। ਪੂਰੇ ਸਾਲ ਦੀਆਂ ਸਾਰੀਆਂ ਘਟਨਾਵਾਂ ਲਿਖਣੀਆਂ ਹੋਣ ਤਾਂ ਕਿਤਾਬ ਬਹੁਤ ਵੱਡੀ ਹੋ ਜਾਵੇਗੀ। ਇਸ ਕਰਕੇ ਸੰਕੋਚ ਕੇ ਹੀ ਸਭ ਕੁਝ ਲਿਖਿਆ ਹੈ।

ਨਵੰਬਰ ਮਹੀਨੇ ਦਾ ਉਹ ਸ਼ੁਕਰਵਾਰ ਆ ਗਿਆ ਸੀ, ਜਿਸ ਤੋਂ ਦੋ-ਚਾਰ ਦਿਨ ਬਾਅਦ ਸਵਿਟਜ਼ਰਲੈਂਡ ਨੂੰ ਛੱਡ ਕੇ ਤੀਜੀ ਵਾਰ ਦੋ ਨੰਬਰ ਵਿੱਚ ਬਾਰਡਰ ਪਾਰ ਕਰ ਕੇ ਆਸਟਰੀਆ ਨੂੰ ਜਾਣਾ ਸੀ। ਵੀਰ ਸਤਨਾਮ ਸਿੰਘ ਅਤੇ ਕੁਝ ਹੋਰ ਦੋਸਤਾਂ ਨੂੰ ਮੈਂ ਮਿਲ ਆਇਆ ਸੀ। ਸ਼ੁੱਕਰਵਾਰ ਸਵੇਰੇ ਅਤੇ ਦੁਪਹਿਰ ਤੋਂ ਬਾਅਦ ਰੈਸਟੋਰੈਂਟ ਵਿੱਚ ਕੰਮ ਕੀਤਾ। ਕੰਮ ਤੋਂ ਬਾਅਦ ਮਾਲਕ ਸਾਡੇ ਕਮਰੇ ਵਿੱਚ ਆਇਆ। ਠੰਢ ਵੀ ਕਾਫ਼ੀ ਹੋ ਗਈ ਸੀ। ਵੈਸੇ ਥੋੜਾ ਕੁਰੱਖਤ ਸੁਭਾਅ ਦਾ ਬੰਦਾ ਸੀ ਪਰ ਉਸ ਨੇ ਮਲਕੀਤ ਸਿੰਘ ਨੂੰ ਪੁੱਛਿਆ ਕਿ- "ਸਿੰਘ ਨੇ ਕਦੋਂ ਜਾਣਾ..?" ਉਹ ਮੈਨੂੰ 'ਸਿੰਘ' ਕਹਿ ਕੇ ਬੁਲਾਉਂਦਾ ਸੀ।

ਮਲਕੀਤ ਕਹਿੰਦਾ- "ਕੱਲ੍ਹ ਨੂੰ ਇਸ ਨੇ ਜਾਣਾ..।" ਤਾਂ ਉਹ ਕਹਿੰਦਾ- "ਇਸ ਨੇ ਰਾਤ ਕਿੱਥੇ ਰਹਿਣਾ ਅੱਜ...?" ਤਾਂ ਉਹ ਕਹਿੰਦਾ "ਕਿਤੇ ਟੈਲੀਫ਼ੋਨ ਬੂਥ ਦੇ ਕੈਬਿਨ ਵਿੱਚ ਰਹਿ ਲਵੇਗਾ..।"

ਇਹ ਗੱਲ ਸੁਣ ਕੇ ਉਸ ਨੂੰ ਤਰਸ ਆ ਗਿਆ ਸੀ।

ਕਿਉਂਕਿ ਹੁਣ ਤਾਂ ਮੇਰੀ ਥਾਂ ਕੰਮ ਕਰਨ ਵਾਲ਼ਾ ਬੰਦਾ ਵੀ ਆਪਣਾ ਬੈਗ ਵਗੈਰਾ ਲੈ ਕੇ ਆ ਗਿਆ ਸੀ। ਤੇ ਕਮਰੇ ਵਿੱਚ ਬੈੱਡ ਦੋ ਹੀ ਸਨ ਤਾਂ ਮਾਲਕ ਇੱਕ ਫੋਲਡਿੰਗ ਬੈੱਡ ਤੇ ਨਾਲ਼ ਬਿਸਤਰਾ-ਰਜਾਈ ਵਗੈਰਾ ਲੈ ਆਇਆ ਤੇ ਮੈਂ ਰਾਤ ਓਥੇ ਹੀ ਰਿਹਾ।

ਸਵੇਰੇ ਸ਼ਨੀਵਾਰ ਨੂੰ ਸਮੇਂ ਸਿਰ ਹੀ ਮੈਂ ਅਤੇ ਮਲਕੀਤ ਸਿੰਘ ਰੇਲ ਗੱਡੀ ਫੜ ਕੇ

ਉਹਨਾਂ ਮੁੰਡਿਆਂ ਕੋਲ ਪਹੁੰਚ ਗਏ, ਜਿਨ੍ਹਾਂ ਨੇ ਮੈਨੂੰ ਬਾਰਡਰ ਪਾਰ ਕਰਾਉਣਾ ਸੀ। ਸ਼ਾਮ ਪੈਣ ਤਕ ਅਸੀਂ ਉਹਨਾਂ ਕੋਲ ਪਹੁੰਚ ਗਏ ਸੀ। ਮੀਂਹ ਪਈ ਜਾ ਰਿਹਾ ਸੀ। ਮਲਕੀਤ ਸਿੰਘ ਨੇ ਰਾਤ ਰਹਿ ਕੇ ਮੁਤ ਆਉਣਾ ਸੀ। ਅਸੀਂ ਰਾਤ ਉਹਨਾਂ ਮੁੰਡਿਆਂ ਕੋਲ ਰਹੇ। ਸਾਡਾ ਸੇਵਾ-ਪਾਣੀ ਉਹਨਾਂ ਕੀਤਾ। ਮੈਂ ਸੌਣ ਤੋਂ ਪਹਿਲਾਂ 200 ਫ਼ਰੈਂਚ ਇੱਕ ਮੁੰਡੇ ਨੂੰ ਫੜਾ ਦਿੱਤਾ।

ਉਹ ਕਹਿੰਦਾ- "ਕੱਲ੍ਹ ਨੂੰ ਅਸੀਂ ਦਿਨ ਵੇਲੇ ਤੈਨੂੰ ਸਾਈਕਲਾਂ 'ਤੇ ਜਾ ਕੇ ਬਾਰਡਰ ਵਿਖਾ ਆਵਾਂਗੇ, ਮਲਕੀਤ ਸਿੰਘ ਵੀ ਨਾਲ਼ ਜਾਵੇਗਾ। ਖੇਤਾਂ ਵਿੱਚ ਦੀ ਜਾਣਾ। ਅਸੀਂ ਵੈਸੇ ਵੀ ਉੱਪਰ ਘੁੰਮਣ-ਫਿਰਨ ਜਾਂਦੇ ਰਹਿੰਦੇ ਹਾਂ, ਜਿੰਮੀਦਾਰਾਂ ਨੂੰ ਸੱਕ ਨਹੀਂ ਪੈਂਦਾ। ਜਿਸ ਦਿਨ ਮੀਂਹ ਹਟ ਗਿਆ ਤਾਂ ਉਸ ਦਿਨ ਅਸੀਂ ਤੈਨੂੰ ਲੰਘਾ ਦੇਵਾਂਗੇ, ਉਨੇ ਦਿਨ ਤੂੰ ਅਰਾਮ ਨਾਲ਼ ਸਾਡੇ ਕੋਲ਼ ਰਹਿ।"

ਅਸੀਂ ਅਗਲੇ ਦਿਨ ਜਾ ਕੇ ਮਹੌਲ ਵੇਖ ਆਏ। ਨਾਲ਼-ਨਾਲ਼ ਰਸਤਾ ਵਗਦਾ ਸੀ ਨਹਿਰ ਦੇ, ਤੇ ਪਰਲੇ ਪਾਸੇ ਆਸਟਰੀਆ ਦਾ ਪਿੰਡ ਦਿਸਦਾ ਸੀ। ਸਾਰਾ ਹਿਸਾਬ-ਕਿਤਾਬ ਵੇਖ ਕੇ ਅਸੀਂ ਵਾਪਸ ਆ ਗਏ ਪਰ ਮੀਂਹ ਆਪਣੀ ਚਾਲੇ ਪਈ ਜਾਂਦਾ ਸੀ।

ਮਲਕੀਤ ਸਿੰਘ ਐਤਵਾਰ ਦੁਪਹਿਰ ਦਾ ਪ੍ਰਸ਼ਾਦਾ-ਪਾਣੀ ਛਕ ਕੇ ਵਾਪਸ ਚਲਾ ਗਿਆ ਤੇ ਜਾਣ ਲੱਗੇ ਨੇ ਮਨ ਭਰ ਲਿਆ। ਮੇਰਾ ਵੀ ਮਨ ਥੋੜਾ ਹੋਰ ਤਰ੍ਹਾਂ ਹੋਇਆ। ਚਾਰ-ਪੰਜ ਮਹੀਨੇ ਇਕੱਠਿਆਂ ਦੁੱਖ-ਸੁੱਖ ਕੀਤੇ ਸਨ। ਗਰਮੀਆਂ ਵਿੱਚ ਕੰਮ ਤੋਂ ਆ ਕੇ ਨਹਾ-ਧੋ ਕੇ ਅਸੀਂ ਝੀਲ ਦੇ ਕੰਢੇ 'ਤੇ ਗੱਲਬਾਤਾਂ ਮਾਰਦੇ ਹੁੰਦੇ ਸੀ। ਪਟਿਆਲੇ ਜ਼ਿਲ੍ਹੇ ਤੋਂ ਸੀ ਮਲਕੀਤ, ਚੰਗੇ ਸੁਭਾਅ ਦਾ ਮੁੰਡਾ ਸੀ।

ਦੂਜੀ ਰਾਤ ਉਹਨਾਂ ਮੁੰਡਿਆਂ ਦੇ ਵਾਕਫ਼ ਮੁੰਡਿਆਂ ਨੇ, ਜੋ ਨਜ਼ਦੀਕ ਹੀ ਹੋਰ ਮਕਾਨ ਵਿੱਚ ਰਹਿੰਦੇ ਸਨ, ਸ਼ਾਮ ਦੇ ਪ੍ਰਸ਼ਾਦੇ ਲਈ ਸਾਨੂੰ ਬੁਲਾ ਲਿਆ।

ਓਥੇ ਬੈਠਿਆਂ ਸਾਰੇ ਜਣਿਆਂ ਨੇ ਰਲ਼ ਕੇ ਸਲਾਹ ਕੀਤੀ ਕਿ "ਆਪਾਂ ਤਾਂ ਮੀਂਹ ਹਟਣ ਦਾ ਇੰਤਜਾਰ ਕਰ ਰਹੇ ਸੀ, ਪਰ ਇਹ ਮੀਂਹ ਛੇਤੀ ਹਟਣ ਵਾਲ਼ਾ ਨਹੀਂ ਲੱਗਦਾ। ਜੇ ਦੋ ਕੁ ਦਿਨ ਮੀਂਹ ਹੋਰ ਪੈ ਗਿਆ ਤਾਂ ਨਹਿਰ ਦਾ ਪਾਣੀ ਚੜ੍ਹ ਜਾਣੈ ਤਾਂ ਹਰਪ੍ਰੀਤ ਨੂੰ ਨਹਿਰ ਪਾਰ ਕਰਨੀ ਮੁਸ਼ਕਲ ਹੋ ਜਾਣੀ। ਇਹ ਕਹਿੰਦੈ ਕਿ ਮੈਨੂੰ ਤੈਰਨਾ ਵੀ ਨਹੀਂ ਆਉਂਦਾ, ਇਸ ਕਰਕੇ ਕੱਲ੍ਹ ਸ਼ਾਮ ਨੂੰ ਬਾਰਡਰ ਟਪਾ ਦੇਈਏ...।" ਸਾਰਿਆਂ ਨੇ 'ਹਾਂ' ਕਰ ਦਿੱਤੀ। ਦੂਜੇ ਦਿਨ ਸ਼ਾਮ ਦੇ ਚਾਰ ਕੁ ਵਜੇ ਅਸੀਂ ਮੁੰਡਿਆਂ ਦੇ ਘਰੋਂ ਸਾਈਕਲਾਂ 'ਤੇ ਜਾਣਾ ਸੀ। ਉਹਨਾਂ ਦੱਸਿਆ ਕਿ ਇੱਕ ਪਲਾਸਟਿਕ ਦਾ ਲਿਫ਼ਾਫ਼ਾ ਨਾਲ਼ ਲੈ ਲਵੀਂ ਖ਼ਾਲੀ। ਲਿਫ਼ਾਫ਼ਾ ਲੈ ਕੇ, ਮੈਂ ਮਰੋੜ ਕੇ ਜੈਕਟ ਦੀ ਜੇਬ ਵਿੱਚ ਪਾ ਲਿਆ। ਟਰੈਕ ਸੂਟ ਦਾ ਇੱਕ ਪਜਾਮਾ ਪੈਂਟ ਦੇ ਥੱਲੇ ਮੈਂ ਪਾ ਲਿਆ।

ਤੁਰਨ ਤੋਂ ਪਹਿਲਾਂ ਉਹਨਾਂ ਮੈਨੂੰ ਚੰਗੀ ਤਰ੍ਹਾਂ ਸਮਝਾਇਆ- "ਜੇ ਕੱਲ੍ਹ ਤੈਨੂੰ ਨਹਿਰ ਵਿਖਾਈ ਆ, ਉਸ ਦੇ ਕੰਢੇ 'ਤੇ ਤੈਨੂੰ ਦੱਸ ਕੇ ਅਸੀਂ ਵਾਪਸ ਆ ਜਾਣੈ। ਨਹਿਰ ਦੇ ਪਰਲੇ ਪਾਸੇ ਘੋੜਿਆਂ ਦਾ ਤਬੇਲਾ ਹੈ, ਓਥੇ ਘੋੜਿਆਂ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ। ਓਥੇ ਤੁਰਕੀ ਦੇਸ਼ ਦੇ ਬਹੁਤ ਲੋਕ ਰਹਿੰਦੇ ਹਨ। ਸੋ ਆਸਟਰੀਆਂ ਦਾ ਪਿੰਡ ਇਸ ਪਾਸਿਓਂ ਇਸ ਤਰ੍ਹਾਂ ਰਿਹਾ, ਇੱਥੇ ਵੀ ਬਹੁਤ ਤੁਰਕੀ ਰਹਿੰਦੇ ਹਨ। ਉਹਨਾਂ ਦੇ ਵਾਲ ਵੀ ਕਾਲੇ ਹਨ। ਇਸ ਲਈ ਤੇਰੇ ਉੱਤੇ ਕੋਈ ਸੱਕ ਨਹੀਂ ਕਰੇਗਾ। ਤੂੰ ਆਪਣੇ ਬੂਟ-ਜੁਰਾਬਾਂ ਅਤੇ ਪੈਂਟ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਪਾ ਕੇ ਗੰਢ ਮਾਰ ਕੇ ਵਗਾਹ ਕੇ ਨਹਿਰ ਦੇ ਦੂਜੇ ਪਾਸੇ ਮਾਰੀਂ ਆ। ਅਤੇ ਟਰੈਕ-ਸੂਟ ਵਾਲਾ ਪਜਾਮਾ, ਗੋਡਿਆਂ ਤਕ ਮੋੜ ਕੇ ਚਾੜ੍ਹ ਲੈਣਾ। ਤੇਰੇ ਪੈਰਾਂ-ਗਿੱਟਿਆਂ ਤਕ ਜਾਂ ਥੋੜਾ-ਬਹੁਤ ਗਾਰੇ ਨਾਲ਼ ਲਿਬੜਨਗੇ, ਨਹਿਰ ਪਾਰ ਕਰ ਕੇ ਆਪਣੇ ਪੈਰ ਟਰੈਕ-ਸੂਟ ਵਾਲੇ ਪਜਾਮੇ ਨਾਲ਼ ਚੰਗੀ ਤਰ੍ਹਾਂ ਸਾਫ਼ ਕਰ ਕੇ ਲਿਫ਼ਾਫ਼ੇ 'ਚੋਂ ਕੱਢ ਕੇ ਪੈਂਟ-ਬੂਟ-ਜੁਰਾਬਾਂ ਪਾ ਲਵੀਂ, ਤੇ ਲਿੱਬੜਿਆ ਪਜਾਮਾ ਲਿਫ਼ਾਫ਼ੇ ਵਿੱਚ ਪਾ ਕੇ ਓਥੇ ਹੀ ਸੁੱਟ ਦੇਵੀਂ। ਅੱਗੋਂ ਘੋੜਿਆਂ ਦਾ ਤਬੇਲਾ ਪਾਰ ਕਰੇਂਗਾ ਤਾਂ ਸੜਕ ਆ ਜਾਵੇਗੀ। ਸੜਕ 'ਤੇ ਪੈ ਕੇ ਸੱਜੇ ਪਾਸੇ ਪਿੰਡ ਵੱਲ ਨੂੰ ਜਾਣਾ, ਅੱਗੇ ਪੁਲੀਸ ਚੌਂਕੀ ਆਵੇਗੀ, ਓਥੇ ਇੱਕ ਆਸਟਰੀਆ ਪੁਲੀਸ ਦਾ ਸਿਪਾਹੀ ਡਿਊਟੀ 'ਤੇ ਖੜ੍ਹਾ ਹੋਵੇਗਾ, ਪਰ ਉਹ ਤੈਨੂੰ ਕੁਝ ਨਹੀਂ ਪੁੱਛੇਗਾ। ਚੌਂਕੀ ਤੋਂ ਖੱਬੇ ਮੁੜ ਜਾਣਾ, ਥੋੜਾ ਅੱਗੇ ਜਾ ਕੇ ਪੋਸਟ (ਡਾਕ) ਵਾਲਿਆਂ ਦੀ ਬਿਲਡਿੰਗ ਹੈ। ਉਸ ਦੇ ਸਾਮ੍ਹਣੇ ਟੈਕਸੀਆਂ ਖੜ੍ਹੀਆਂ ਹੁੰਦੀਆਂ, ਜੇ ਟੈਕਸੀ ਨਾ ਹੋਈ ਤਾਂ ਪੰਦਰਾਂ-ਵੀਹ ਮਿੰਟ ਇੰਤਜ਼ਾਰ ਕਰ ਲੈਣਾ, ਕੋਈ ਨਾ ਕੋਈ ਆ ਜਾਵੇਗੀ। ਟੈਕਸੀ ਲੈ ਕੇ ਅੱਗੋਂ 'ਬਰੇਗਨਸ' ਸ਼ਹਿਰ ਹੈ ਆਸਟਰੀਆ ਦਾ, ਓਥੋਂ ਦੇ ਰੇਲਵੇ ਸਟੇਸ਼ਨ ਤੋਂ 'ਵਿਆਨਾ' ਦੀ ਟਰੇਨ ਲੈ ਕੇ ਅੱਗੇ ਚਲੇ ਜਾਣਾ....।"

ਅਸੀਂ ਘਰੋਂ ਦੋ ਸਾਈਕਲਾਂ 'ਤੇ ਤੁਰ ਪਏ। ਮੈਂ ਇੱਕ ਜਣੇ ਦੇ ਪਿਛੇ ਬੈਠ ਗਿਆ। ਪੰਦਰਾਂ-ਵੀਹਾਂ ਮਿੰਟਾਂ ਵਿੱਚ ਨਹਿਰ ਦੇ ਕੰਢੇ 'ਤੇ ਪਹੁੰਚ ਗਏ। ਦੋਨੋਂ ਮੁੰਡਿਆਂ ਨੇ ਮੈਨੂੰ ਓਥੇ ਲਾਹ ਕੇ ਤੇ ਆਪ ਅੱਗੇ ਨੂੰ ਚਾਲੇ ਪਾ ਦਿੱਤੇ। ਉਹ ਓਥੇ ਇੱਕ ਸਕਿੰਟ ਵੀ ਨਾ ਰੁਕੇ। ਉਹਨਾਂ ਦੇ ਕਹਿਣ ਮੁਤਾਬਿਕ ਮੈਂ ਬੂਟ-ਜਰਾਬਾਂ-ਪੈਂਟ ਲਾਹ ਕੇ ਲਿਫ਼ਾਫ਼ੇ ਵਿੱਚ ਪਾ ਗੰਢ ਮਾਰ ਕੇ ਵਗਾਹ ਕੇ ਜ਼ੋਰ ਨਾਲ਼ ਦੂਜੇ ਪਾਸੇ ਸੁੱਟ ਦਿੱਤਾ।

ਵੇਖਣ ਨੂੰ ਹੀ ਨਹਿਰ ਦਾ ਪਾਣੀ ਕਾਫ਼ੀ ਤੇਜ਼ ਲੱਗਦਾ ਸੀ। ਹੁਣ ਡੂੰਘਾਈ ਪਤਾ ਨਹੀਂ ਕਿੰਨੀ ਸੀ। ਟਰੈਕ ਸੂਟ ਵਾਲ਼ਾ ਪਜਾਮਾ ਮੈਂ ਮਰੋੜ ਕੇ ਗੋਡਿਆਂ ਤਕ ਕਰ ਲਿਆ। ਹੌਲੀ-ਹੌਲ਼ੀ ਪੈਰ ਨਹਿਰ ਵਿੱਚ ਪਾਉਂਦਾ ਜਦੋਂ ਮੈਂ ਅੱਗੇ ਵਧਿਆ ਤਾਂ ਵਿਚਾਲੇ ਸੈਂਟਰ ਜਿਹੇ ਵਿੱਚ ਜਾ ਕੇ ਪਾਣੀ ਨੇ ਮੇਰੇ ਪੈਰ ਚੁੱਕ ਦਿੱਤੇ। ਮੈਂ ਘਬਰਾ ਗਿਆ ਕਿ ਹੁਣ ਗਿਆ ਮੈਂ। ਬੜੇ ਜ਼ੋਰ ਨਾਲ਼ ਮੈਂ ਆਪਣੇ ਆਪ ਨੂੰ ਸੰਭਾਲ਼ਿਆ ਅਤੇ ਥੋੜਾ ਅੱਗੇ ਨੂੰ ਵਧਿਆ। ਪਾਣੀ ਮੈਨੂੰ ਰੋਹੜੀ ਜਾ ਰਿਹਾ ਸੀ ਤੇ ਮੈਂ ਆਪਣੇ ਆਪ ਨੂੰ ਸੰਭਾਲ਼ਣ ਲਈ ਪੂਰੀ ਕੋਸ਼ਿਸ਼ ਕਰ ਰਿਹਾ ਸੀ, ਨਾਲ਼ ਉੱਚੀ-ਉੱਚੀ ਤੇਜ਼-ਤੇਜ਼ 'ਵਾਹਿਗੁਰੂ-ਵਾਹਿਗੁਰੂ' ਬੋਲ ਰਿਹਾ ਸੀ।

ਮੇਰਾ ਹੱਥ ਨਹਿਰ ਵਿੱਚ ਲਟਕਦੀ ਇੱਕ ਦਰੱਖਤ ਦੀ ਜੜ੍ਹ ਨੂੰ ਪੈ ਗਿਆ। ਉਸ ਦਰਖ਼ਤ ਦੀ ਜੜ੍ਹ ਨੂੰ ਫੜ ਕੇ ਪੂਰੇ ਜ਼ੋਰ ਨਾਲ਼ ਮੈਂ ਝਟਕਾ ਮਾਰ ਕੇ ਉੱਪਰ ਚੜ੍ਹ ਗਿਆ। ਪੱਕੀ ਜਗ੍ਹਾ ਆ ਗਈ ਸੀ ਤੇ ਹੁਣ ਮੈਂ ਨਹਿਰ ਤੋਂ ਬਾਹਰ ਆ ਗਿਆ, ਆਸਟਰੀਆ ਵਾਲ਼ੇ ਪਾਸੇ। ਹਾਲੇ ਥੋੜਾ-ਥੋੜਾ ਹਨੇਰਾ ਹੋਣ ਲੱਗਾ ਸੀ। ਪੂਰਾ ਹਨੇਰਾ ਨਹੀਂ ਸੀ ਹੋਇਆ। ਮੀਂਹ ਪੈਂਦਾ ਹੋਣ ਕਰਕੇ ਤਬੇਲੇ ਵਿੱਚ ਜਾਂ ਆਸ-ਪਾਸ ਕੋਈ ਨਹੀਂ ਸੀ। ਮੈਂ ਪੂਰਾ ਘਬਰਾ ਚੁੱਕਾ ਸੀ ਤੇ ਆਪਣਾ ਲਿਫ਼ਾਫ਼ਾ ਲੱਭ ਰਿਹਾ ਸੀ। ਘਾਹ ਫਰੋਲਦਿਆਂ-ਫਰੋਲਦਿਆਂ ਲਿਫ਼ਾਫ਼ਾ ਲੱਭ ਗਿਆ। ਮੈਂ ਫਟਾਫਟ ਆਪਣੇ ਪੈਰ ਗਿੱਟੇ ਵਗੈਰਾ ਸਾਫ਼ ਕਰ ਕੇ ਬੂਟ-ਜੁਰਾਬਾਂ ਅਤੇ ਪੈਂਟ ਪਾ ਕੇ ਟਰੈਕ ਸੂਟ ਵਾਲ਼ਾ ਲਿੱਬੜਿਆ ਪਜਾਮਾ ਲਿਫ਼ਾਫ਼ੇ ਵਿੱਚ ਪਾ, ਨਹਿਰ ਵਿੱਚ ਹੀ ਸੁੱਟ ਦਿੱਤਾ ਅਤੇ ਅੱਗੇ ਤੁਰ ਪਿਆ। ਆਪਣੇ ਚਿਹਰੇ 'ਤੇ ਛਾਈ ਘਬਰਾਹਟ ਥੋੜੀ ਦੂਰ ਕੀਤੀ ਕਿ ਚੌਂਕੀ ਮੂਹਰੇ ਖੜ੍ਹੇ ਪੁਲੀਸ ਵਾਲ਼ੇ ਨੂੰ ਸ਼ੱਕ ਨਾ ਹੋਵੇ।

ਮੈਂ ਬਿਲਕੁਲ ਚੌਂਕੀ ਦੇ ਮੂਹਰੇ ਦੀਂ ਲੰਘ ਗਿਆ। ਪੁਲੀਸ ਵਾਲ਼ੇ ਨੇ ਮੇਰੇ ਵੱਲ ਕੋਈ ਧਿਆਨ ਨਾ ਕੀਤਾ। ਥੋੜਾ ਅੱਗੇ ਜਾ ਕੇ ਪਿੰਡ ਸ਼ੁਰੂ ਹੋ ਗਿਆ ਤੇ ਪੋਸਟ ਵਾਲ਼ੀ ਬਿਲਡਿੰਗ ਆ ਗਈ। ਮੀਂਹ ਟੱਸ ਤੋਂ ਮੱਸ ਨਹੀਂ ਹੋ ਰਿਹਾ ਸੀ, ਪਈ ਜਾ ਰਿਹਾ ਸੀ। ਪੋਸਟ ਦੀ ਬਿਲਡਿੰਗ ਦੇ ਅੱਗੇ ਪਾਰਕਾਂ ਬਣੀਆਂ ਹੋਈਆਂ ਸਨ। ਦੋ ਪਾਰਕਾਂ ਵਿੱਚ 'ਟੈਕਸੀ' ਲਿਖਿਆ ਹੋਇਆ ਸੀ ਪਰ ਟੈਕਸੀ ਕੋਈ ਨਹੀਂ ਸੀ। ਮੈਂ ਥੋੜਾ ਇੰਤਜ਼ਾਰ ਕੀਤਾ ਪਰ ਕੋਈ ਟੈਕਸੀ ਨਹੀਂ ਆਈ। ਮੀਂਹ ਨਾਲ਼ ਗਿੱਲਾ ਹੋਣ ਕਰਕੇ ਨਹਿਰ ਵਿੱਚ ਰੁੜ ਜਾਣ ਦੇ ਡਰ ਕਰਕੇ ਹੁਣ ਮੇਰਾ ਸਰੀਰ ਥੋੜਾ-ਥੋੜਾ ਕੰਬਣ ਲੱਗ ਪਿਆ ਸੀ। ਆਸਟਰੀਆ ਦੀ ਕਰੰਸੀ ਓਦੋਂ 'ਸ਼ਲਿੰਗ' ਸੀ, ਜੋ ਮੈਂ ਥੋੜ੍ਹੀ ਸਵਿਸ ਤੋਂ ਹੀ ਲੈ ਲਈ ਸੀ। ਬਾਕੀ ਫ਼ਰੈਂਕ ਜੇਬ 'ਚ ਸਨ, ਉਹ ਮੈਂ ਕਛਹਿਰੇ ਦੇ ਨੇਫ਼ੇ ਕੋਲ਼ ਵਲ਼ ਦੇ ਕੇ ਲਪੇਟੇ ਹੋਏ ਸਨ।

ਦੋ ਕੁ ਹਜ਼ਾਰ ਸ਼ਲਿੰਗ ਮੈਂ ਬਟੂਏ ਵਿੱਚ ਰੱਖਿਆ ਸੀ। ਹੁਣ ਹਨੇਰਾ ਹੋ ਚੁੱਕਾ ਸੀ। ਸ਼ਾਮ ਦੇ ਕੋਈ ਸੱਤ ਕੁ ਵੱਜ ਗਏ ਸਨ। ਸਾਮ੍ਹਣੇ ਵਗ ਰਹੀ ਸੜਕ ਦੇ ਪਰਲੇ ਪਾਸੇ, ਮੇਰੀ ਨਜ਼ਰ ਇੱਕ 'ਕੌਫ਼ੀ ਬਾਰ' 'ਤੇ ਪਈ। ਮੈਂ ਦੋ ਕੁ ਮਿੰਟ ਆਪਣੇ ਮਨ ਨਾਲ਼ ਸਲਾਹ ਕਰ ਕੇ ਉਸ 'ਕੌਫ਼ੀ ਬਾਰ' ਵਿੱਚ ਚਲਾ ਗਿਆ। ਸਿਰ, ਕੱਪੜੇ ਮੀਂਹ ਨਾਲ਼ ਭਿੱਜੇ ਹੋਏ ਸਨ। ਅੰਦਰ ਬੈਠੇ ਲੋਕ ਮੇਰੇ ਵੱਲ ਬੜੀ ਗਹੁ ਨਾਲ਼ ਵੇਖ ਰਹੇ ਸਨ।

ਮੈਂ ਖ਼ਾਲੀ ਮੇਜ-ਕੁਰਸੀ ਵੇਖ ਕੇ ਬੈਠ ਗਿਆ ਅਤੇ ਇੱਕ ਕੌਫ਼ੀ ਦਾ ਆਰਡਰ ਕਰ ਦਿੱਤਾ। ਗਰਮ ਕੌਫ਼ੀ ਆ ਗਈ, ਮੈਂ ਹੌਲ਼ੀ-ਹੌਲ਼ੀ ਪੀਤੀ ਤਾਂ ਮੈਨੂੰ ਠੰਢ ਤੋਂ ਕੁਝ ਰਾਹਤ ਦਿੱਤਾ। ਗਰਮ ਕੌਫ਼ੀ ਆ ਗਈ, ਮੈਂ ਹੌਲ਼ੀ-ਹੌਲ਼ੀ ਪੀਤੀ ਤਾਂ ਮੈਨੂੰ ਠੰਢ ਤੋਂ ਕੁਝ ਰਾਹਤ ਮਹਿਸੂਸ ਹੋਈ ਪਰ ਦਿਮਾਗੀ ਤੌਰ 'ਤੇ ਮੈਂ ਹਾਲੇ ਵੀ ਪੂਰਾ ਸੁੰਨ ਸੀ। ਦਿਮਾਗ ਵਿੱਚ ਇਹੀ ਆਈ ਜਾਵੇ ਕਿ ਜੇ ਨਹਿਰ ਵਿੱਚ ਰੁੜ੍ਹ ਜਾਂਦਾ ਤਾਂ ਕੀ ਬਣਦਾ? ਕੌਫ਼ੀ ਪੀ ਕੇ ਮੈਂ ਕਾਊਂਟਰ 'ਤੇ ਖੜ੍ਹੇ ਬੰਦੇ ਨੂੰ ਜੋ ਵੇਖਣ ਨੂੰ ਤੁਰਕੀ ਹੀ ਲੱਗਦਾ ਸੀ, ਨੂੰ ਕਿਹਾ ਕਿ ਮੈਨੂੰ ਟੈਕਸੀ ਚਾਹੀਦੀ ਹੈ। ਉਸ ਨੇ ਟੈਲੀਫ਼ੋਨ ਨੰਬਰਾਂ ਵਾਲ਼ੀ ਮੋਟੀ ਜਿਹੀ ਡਾਇਰੈਕਟਰੀ ਨੁਮਾ ਕਿਤਾਬ ਮੇਰੇ ਮੂਹਰੇ ਮੇਜ 'ਤੇ ਰੱਖ ਦਿੱਤੀ।

ਦੋ ਕੁ ਮਿੰਟ ਵੇਖ ਕੇ ਮੈਂ ਉਸ ਨੂੰ ਕਿਹਾ ਕਿ ਇਸ ਦੀ ਮੈਨੂੰ ਸਮਝ ਨਹੀਂ ਆਉਂਦੀ, ਮੈਂ ਨਵਾਂ ਹਾਂ ਇੱਥੇ, ਤੇ ਮੈਨੂੰ 'ਡੱਚ' ਵੀ ਪੂਰੀ ਨਹੀਂ ਆਉਂਦੀ। ਪਲੀਜ਼ ਤੁਸੀਂ ਟੈਕਸੀ ਲੁਆ ਦਿਓ। ਉਸ ਨੇ ਪੁੱਛਿਆ ਜਾਣਾ ਕਿੱਥੇ ਆ? ਮੈਂ ਕਿਹਾ 'ਬਰੇਗਨਸ' ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ। ਉਸ ਨੇ ਫ਼ੋਨ ਕਰ ਕੇ ਟੈਕਸੀ ਮੰਗਵਾ ਦਿੱਤੀ। ਦਸ ਕੁ ਮਿੰਟ ਵਿੱਚ ਟੈਕਸੀ ਆ ਗਈ। ਉਹ ਮੈਨੂੰ ਕਹਿੰਦਾ ਤੇਰੀ ਟੈਕਸੀ ਬਾਹਰ ਆ ਗਈ। ਮੈਂ ਉਸ ਨੂੰ ਕੌਫ਼ੀ ਦੇ ਪੈਸੇ ਦਿੱਤੇ ਤੇ ਬਾਹਰ ਆ ਗਿਆ।

ਟੈਕਸੀ, ਕੌਫ਼ੀ-ਬਾਰ ਦੇ ਬਿਲਕੁਲ ਮੂਹਰੇ ਖੜ੍ਹੀ ਸੀ। ਮੈਂ ਪੁਰਾਨ ਹੋਇਆ ਡਰਾਈਵਰ ਸੀਟ ਵੱਲ ਦੀ ਬੈਠਣ ਲੱਗਾ ਤਾਂ ਟੈਕਸੀ ਵਾਲ਼ਾ ਕਹਿੰਦਾ ਮਿਸਟਰ ਤੇਰੀ ਸੀਟ ਦੂਜੇ ਪਾਸੇ ਹੈ ਤਾਂ ਮੈਂ ਉਸ ਨੂੰ ਸੌਰੀ ਕਹਿ ਕੇ ਦੂਜੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਸੀਟ 'ਤੇ ਬੈਠ ਗਿਆ। ਡਰਾਈਵਰ ਨੇ ਟੈਕਸੀ ਤੋਰ ਲਈ। ਰਸਤੇ ਵਿੱਚ ਉਹ ਡੱਚ ਭਾਸ਼ਾ ਵਿੱਚ ਕਹਿੰਦਾ- "ਕੀ ਗੱਲ ਨਰਵਸ ਲੱਗਦੈ, ਕੋਈ ਟੈਨਸ਼ਨ ਆ?" ਮੈਂ ਕਿਹਾ 'ਨੋਂ ..। ਉਹ ਕਹਿੰਦਾ- "ਡੂ ਯੂ ਨੋ ਇੰਗਲਿਸ਼?" ਮੈਂ ਕਿਹਾ- 'ਲਿਟਲ-ਲਿਟਲ..।' ਫਿਰ ਅੱਗੇ ਉਹ ਕੁਝ ਨਹੀਂ ਬੋਲਿਆ। ਮੈਂ ਸੋਚਿਆ ਇਸ ਨਾਲ਼ ਜ਼ਿਆਦਾ ਗੱਲ ਕਰਨੀ ਠੀਕ ਨਹੀਂ ਹੈ।

ਉਸ ਨੇ ਗੱਡੀ ਹਾਈਵੇਅ 'ਤੇ ਪਾ ਕੇ ਵੀਹ ਕੁ ਮਿੰਟ ਵਿੱਚ ਮੈਨੂੰ ਆਸਟਰੀਆ ਦੇ 'ਬਰੇਗਨਸ' ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਸ਼ਾਮ ਦੇ ਸਵਾ ਕੁ ਅੱਠ ਜਾਂ ਸਾਢੇ ਕੁ ਅੱਠ ਲਾਹ ਦਿੱਤਾ। 'ਵਿਆਨਾ' ਜਾਣ ਵਾਲ਼ੀ ਟਰੇਨ ਨੌਂ ਵੱਜ ਕੇ ਪੈਂਤੀ ਮਿੰਟ 'ਤੇ ਚੱਲਣੀ ਸੀ ਅਤੇ ਸਵੇਰ ਦੇ ਸੱਤ ਪੈਂਤੀ 'ਤੇ ਵਿਆਨਾ ਪਹੁੰਚਣੀ ਸੀ। ਟਿਕਟ ਮੈਂ ਲੈ ਲਈ ਸੀ ਕਾਊਂਟਰ ਤੋਂ। ਟਰੇਨ ਚੱਲਣ ਵਿੱਚ ਇੱਕ ਘੰਟਾ ਪਿਆ ਸੀ। ਮੈਂ ਸੋਚਿਆ ਇੱਕ ਘੰਟਾ ਕਿਤੇ ਨੇੜੇ ਰੈਸਟੋਰੈਂਟ ਵਿੱਚ ਬੈਠਦੇ ਹਾਂ, ਰੇਲਵੇ ਸਟੇਸ਼ਨ 'ਤੇ ਚੈਕਿੰਗ ਹੋ ਸਕਦੀ ਹੈ। ਸੋ ਕੁ ਮੀਟਰ ਦੂਰੀ 'ਤੇ ਬਣੇ ਇੱਕ ਰੈਸਟੋਰੈਂਟ ਵਿੱਚ ਚਲਾ ਗਿਆ। ਮੈਂ ਓਥੇ ਸਕੂਨ ਨਾਲ਼ ਜੈਕਟ ਲਾਹ ਕੇ ਬੈਠ ਗਿਆ।

ਇੱਕ ਕੋਕਾ ਕੋਲਾ ਅਤੇ ਫਰਾਹੀਆਂ (ਆਲੂ ਚਿਪਸ) ਆਰਡਰ ਕਰ ਦਿੱਤੇ ਕੈਚ-ਅੱਪ ਨਾਲ਼। ਓਥੋਂ ਇੱਕ ਆਸਟਰੀਆ ਦੀ ਅਖ਼ਬਾਰ ਚੁੱਕ ਕੇ ਮੂਹਰੇ ਰੱਖ ਲਈ। ਐਵੇਂ ਹੀ ਫ਼ੋਟੋਆਂ ਵੇਖੀ ਗਿਆ ਤੇ ਪੌਣਾ ਕੁ ਘੰਟਾ ਲੰਘਾ ਲਿਆ।

ਟੈਕਸੀ ਵਿੱਚ ਵੀ ਹੀਟਰ ਚੱਲਦਾ ਸੀ। ਪਿੱਛੇ ਜੋ ਕੌਫ਼ੀ-ਬਾਰ ਸੀ, ਓਥੇ ਵੀ ਹੀਟਰ ਚੱਲਦਾ ਸੀ ਅਤੇ ਇਸ ਰੈਸਟੋਰੈਂਟ ਵਿੱਚ ਵੀ; ਮੇਰੇ ਸਾਰੇ ਕੱਪੜੇ ਸੁੱਕ ਗਏ ਸਨ।

ਟਰੇਨ ਚੱਲਣ ਤੋਂ ਦਸ ਮਿੰਟ ਪਹਿਲਾ ਮੈਂ ਰੇਲਵੇ ਸਟੇਸ਼ਨ 'ਤੇ ਪਹੁੰਚ ਗਿਆ। ਮੈਂ ਸੋਚਿਆ ਕਿ ਸਫ਼ਰ ਲੰਮਾ ਹੈ ਦਸ ਘੰਟਿਆਂ ਦਾ, ਸੌਣ ਵਾਲ਼ੀ ਸੀਟ ਲਈ ਜਾਵੇ। ਮੈਂ ਫਿਰ ਕਾਊਂਟਰ 'ਤੇ ਗਿਆ ਤੇ ਆਪਣੀ ਟਿਕਟ ਵਿਖਾਈ। ਮੈਂ ਉਸ ਨੂੰ ਅੰਗਰੇਜ਼ੀ ਵਿੱਚ ਕਿਹਾ "ਆਈ ਵਾਨਟ ਸਲੀਪਿੰਗ ਸੀਟ..।" ਤਾਂ ਉਹ ਕਹਿੰਦਾ- "ਥੋੜੇ ਪੈਸੇ ਹੋਰ ਲੱਗਣਗੇ...।" ਮੈਂ ਕਿਹਾ- "ਨੋ ਪ੍ਰੋਬਲਮ...।" ਮੈਂ ਕੁਝ ਹੋਰ ਪੈਸੇ ਦੇ ਕੇ ਸਲੀਪਿੰਗ ਸੀਟ ਲੈ ਲਈ।

ਟਰੇਨ ਲੱਗੀ ਹੋਈ ਸੀ। ਮੈਂ ਨੰਬਰ ਤੋਂ ਆਪਣੀ ਸੀਟ ਲੱਭ ਕੇ ਅਰਾਮ ਨਾਲ ਬਿਸਤਰੇ ਵਿੱਚ ਵੜ ਗਿਆਂ। ਰੇਲਵੇ ਸਟੇਸ਼ਨ ਤੋਂ ਹੀ ਮੈਂ ਚਾਚਾ ਗੁਰਵਿੰਦਰ ਸਿੰਘ ਨੂੰ ਫ਼ੋਨ ਕਰ ਦਿੱਤਾ ਸੀ ਕਿ ਮੇਰੀ ਟਰੇਨ ਸਵੇਰੇ ਸਾਢੇ ਸੱਤ ਵਜੇ 'ਵਿਆਨਾ' ਰੇਲਵੇ ਸਟੇਸ਼ਨ 'ਤੇ ਲੱਗ ਜਾਣੀ ਹੈ। ਉਹ ਕਹਿੰਦੇ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲਦੇ ਮੈਨੂੰ ਫ਼ੋਨ ਕਰ ਦੇਵੀਂ, ਮੈਂ ਤੈਨੂੰ ਸਾਰਾ ਸਮਝਾ ਦੇਵਾਂਗਾ। ਟਰੇਨ ਚੱਲਣ ਤੋਂ ਬਾਅਦ ਅੱਧਾ ਕੁ ਘੰਟਾ ਦਿਮਾਗ ਵਿੱਚ ਸੋਚ-ਵਿਚਾਰਾਂ ਕਰਦਿਆਂ ਨੀਂਦ ਆ ਗਈ। ਜੋ ਕਿ ਸਵੇਰੇ ਸੱਤ ਕੁ ਵਜੇ ਖੁੱਲ੍ਹੀ।

ਘੜੀ 'ਤੇ ਸਮਾਂ ਵੇਖਿਆ, ਸੀਟ ਤੋਂ ਉੱਤਰ ਕੇ ਬਾਥਰੂਮ ਗਿਆ। ਮੂੰਹ ਧੋਤਾ, ਉਂਗਲੀ ਨਾਲ਼ ਹੀ ਬਰੱਸ਼ ਕੀਤਾ...ਚੰਗੀ ਤਰ੍ਹਾਂ ਕੁਰਲੀ ਵਗੈਰਾ ਕਰ ਕੇ ਬੋਦੇ ਸੰਵਾਰ ਕੇ ਸੀਟ 'ਤੇ ਬੈਠ ਗਿਆ ਤੇ 'ਵਾਹਿਗੁਰੂ-ਵਾਹਿਗੁਰੂ' ਦਾ ਸਿਮਰਨ ਕਰਨ ਲੱਗ ਪਿਆ। ਜਦ ਤਕ ਟਰੇਨ 'ਵਿਆਨਾ' ਸ਼ਹਿਰ ਦੇ ਸਟੇਸ਼ਨ 'ਤੇ ਪਹੁੰਚ ਗਈ। ਓਦੋਂ ਵੇਖਣ ਨੂੰ ਆਸਟਰੀਆ ਦੇਸ਼ ਜਰਮਨ ਅਤੇ ਸਵਿਟਜ਼ਰਲੈਂਡ ਨਾਲੋਂ ਹਲਕਾ ਤੇ ਗ਼ਰੀਬ ਲੱਗਦਾ ਸੀ।

ਹੁਣ ਤਾਂ ਤੀਹਾਂ ਸਾਲਾਂ ਵਿੱਚ ਕਾਫ਼ੀ ਤਰੱਕੀ ਕਰ ਗਿਆ, ਪਰ ਓਦੋਂ ਹਾਲਾਤ ਮਾੜੇ ਹੀ ਸਨ।

* * * * *

ਆਸਟਰੀਆ ਦੇਸ਼ ਦਾ ਸਫ਼ਰ ਸ਼ੁਰੂ

ਰੱਬਾ ਡਾਢਿਆ ਕਿਹੋ ਜਿਹੇ ਲੇਖ ਲਿਖੇ, ਅੱਜ ਕਿਤੇ ਤੇ ਕੱਲ੍ਹ ਕਿਤੇ।
ਇਹ ਪਤਾ ਹੀ ਨਹੀਂ ਸਵੇਰ ਕਿਤੇ, ਦੁਪਹਿਰ ਕਿਤੇ ਤੇ ਸ਼ਾਮ ਕਿਤੇ।
ਦੂਜਾ ਪਤਾ ਹੀ ਨਹੀਂ ਨਾਸ਼ਤਾ ਕਿਤੇ, ਦੁਪਹਿਰ ਦਾ ਕਿਤੇ, ਤੇ ਸ਼ਾਮ ਦਾ ਕਿਤੇ।
ਮਾਂ ਕਿਤੇ, ਬਾਪ ਕਿਤੇ, ਭੈਣਾਂ ਕਿਤੇ, ਘਰ ਕਿਤੇ ਤੇ ਘਰਵਾਲ਼ੀ ਕਿਤੇ।
ਜਾਨ ਤੋਂ ਪਿਆਰੀ ਸਿੱਖੀ ਕਿਤੇ, ਕੇਸ ਕਿਤੇ, ਦਸਤਾਰ ਕਿਤੇ ਤੇ ਕਕਾਰ ਕਿਤੇ।
ਜਾਨ ਤੋਂ ਪਿਆਰਾ ਪੰਜਾਬ ਕਿਤੇ, ਜ਼ਮੀਨ ਕਿਤੇ ਅਤੇ ਘਰਬਾਰ ਕਿਤੇ।
ਜਾਨ ਤੋਂ ਪਿਆਰੇ ਬੇਲੀ ਯਾਰ ਕਿਤੇ, ਆਪ ਕਿਤੇ, ਰਿਸ਼ਤੇਦਾਰ ਕਿਤੇ।
ਜਾਨ ਤੋਂ ਪਿਆਰਾ ਪਿੰਡ ਕਿਤੇ, ਕਸਬਾ 'ਸ਼ਾਮ' ਕਿਤੇ, ਅੱਡਾ 'ਕਠਾਰ' ਕਿਤੇ।
ਬਾਬੇ ਭਾਈ ਮਾਹੀ ਦੀ ਸਮਾਧ ਕਿਤੇ, ਪਿੰਡ ਦਾ ਗੁਰਦਵਾਰ ਕਿਤੇ।
'ਪੰਮਿਆਂ' ਰੁਲ਼ਦੇ ਨਾ ਅਸੀਂ ਦਰ-ਦਰ 'ਤੇ, ਹੁੰਦਾ ਸਾਡਾ ਜੇ ਦੇਸ਼ ਖ਼ਾਲਿਸਤਾਨ ਕਿਤੇ।

'ਵਿਆਨਾ' ਰੇਲਵੇ ਸਟੇਸ਼ਨ ਤੋਂ ਬਹਰ ਨਿਕਲ਼ ਕੇ ਚਾਚਾ ਗੁਰਵਿੰਦਰ ਸਿੰਘ ਨੂੰ ਟੈਲੀਫ਼ੋਨ ਬੂਥ ਤੋਂ ਫ਼ੋਨ ਕੀਤਾ ਤਾਂ ਉਹਨਾਂ ਸਮਝਾਇਆ ਕਿ "18 ਨੰਬਰ ਟਰਾਮ ਫੜ ਕੇ ਸਾਊਥ ਰੇਲਵੇ ਸਟੇਸ਼ਨ 'ਤੇ ਆ ਜਾ, ਫਿਰ ਓਥੋਂ ਫ਼ੋਨ ਕਰਨਾ।"

ਵੈਸਟ ਰੇਲਵੇ ਸਟੇਸ਼ਨ ਵਿਆਨਾ ਤੋਂ 18 ਨੰਬਰ ਟਰਾਮ ਫੜ ਕੇ ਸਾਊਥ ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਫ਼ੋਨ ਕੀਤਾ ਤਾਂ ਚਾਚਾ ਜੀ ਕਹਿੰਦੇ- "ਇੱਥੋਂ ਹਰ ਵੀਹ ਮਿੰਟ 'ਤੇ ਭਾਵ ਅੱਠ ਵੀਹ, ਨੌ ਵੀਹ, ਦਸ ਵੀਹ 'ਤੇ ਜੋ ਟਰੇਨ ਚੱਲਦੀ ਹੈ, ਉਹ ਲੈ ਲੈਣੀ ਤੇ ਨੌਵੇਂ ਸਟੇਸ਼ਨ 'ਤੇ ਉੱਤਰ ਜਾਣਾ। ਅੱਗੇ ਮੈਂ ਆ ਜਾਵਾਂਗਾ ਤੈਨੂੰ ਲੈਣ ਲਈ।"

ਅੱਠ ਵੀਹ ਵਾਲ਼ੀ ਟਰੇਨ ਤਾਂ ਨਿਕਲ਼ ਗਈ ਸੀ, ਨੌਂ ਵੀਹ ਵਾਲ਼ੀ ਟਰੇਨ ਮੈਂ ਲੈ ਲਈ ਅਤੇ ਸਟੇਸ਼ਨ ਉਂਗਲ਼ਾਂ 'ਤੇ ਗਿਣਦਾ ਗਿਆ ਤੇ ਨੌਵੇਂ ਸਟਾਪ 'ਤੇ ਉੱਤਰ ਗਿਆ।

ਚਾਚਾ ਗੁਰਵਿੰਦਰ ਸਿੰਘ ਅੱਗੇ ਮੈਨੂੰ ਲੈਣ ਲਈ ਕਾਰ ਵਿੱਚ ਆਏ ਸੀ। 'ਓਪਲ ਕੋਰਸਾ' ਕੰਪਨੀ ਦੀ ਕਾਰ ਸੀ ਉਹਨਾਂ ਕੋਲ। ਪੰਜ ਕੁ ਮਿੰਟ ਵਿੱਚ ਹੀ ਘਰ ਪਹੁੰਚ ਗਏ। ਦੋ ਜੁਤਵੇਂ ਘਰ ਸਨ ਅਤੇ ਦੋ ਪਰਿਵਾਰ ਰਹਿ ਰਹੇ ਸਨ। ਦੂਜਾ ਪਰਿਵਾਰ ਸੈਂਹਬੀ ਸਾਹਣ ਦਾ ਸੀ ਦਿੱਲੀ ਤੋਂ। ਐਤਵਾਰ ਦਾ ਦਿਨ ਸੀ। ਚਾਚੀ ਜੀ ਨਿਰਲੇਪ ਕੌਰ, ਛੋਟਾ ਵੀਰ ਜਸਜੋਤ ਸਿੰਘ ਮੌਂਟੀ ਅਤੇ ਭੈਣ ਰਮਨਜੋਤ ਕੌਰ ਸਾਰੇ ਘਰ ਹੀ ਸਨ।

ਪੰਦਰਾਂ-ਵੀਹ ਮਿੰਟ ਹਾਲ-ਚਾਲ ਜਾਣਨ ਤੋਂ ਬਾਅਦ ਚਾਚਾ ਜੀ ਕਹਿੰਦੇ- "ਹਰਪ੍ਰੀਤ ਅਰਾਮ ਕਰਨਾ ਜਾਂ ਗੁਰਦੁਆਰੇ ਜਾਣਾ ਸਾਡੇ ਨਾਲ...?" ਮੈਂ ਕਿਹਾ- "ਅਰਾਮ ਤਾਂ ਟਰੇਨ ਵਿੱਚ ਬਹੁਤ ਹੋ ਗਿਆ, ਗੁਰਦੁਆਰਾ ਸਾਹਿਬ ਚੱਲਦੇ ਹਾਂ।"

ਮੈਂ ਇਸ਼ਨਾਨ ਕੀਤਾ ਤਾਂ ਕੱਪ-ਕੱਪ ਚਾਹ ਪੀ ਕੇ ਅਸੀਂ ਗੁਰਦੁਆਰਾ ਸਾਹਿਬ ਨੂੰ ਚੱਲ ਪਏ। ਚਾਚਾ ਜੀ ਕਹਿੰਦੇ- "ਘੰਟੇ ਕੁ ਵਿੱਚ ਪਹੁੰਚ ਜਾਣਾ ਆਪਾਂ।"

ਗੱਲਾਬਾਤਾਂ ਕਰਦੇ ਗੁਰਦੁਆਰਾ ਸਾਹਿਬ ਪਹੁੰਚ ਗਏ। ਹੁਣ ਚਾਚਾ ਜੀ ਨੇ ਮੇਰੇ ਆਉਣ ਤੋਂ ਪਹਿਲਾਂ ਹੀ ਆਪਣੇ ਜਾਣਨ ਵਾਲ਼ਿਆਂ ਨੂੰ ਕਿਹਾ ਹੋਇਆ ਸੀ "ਮੇਰਾ ਭਤੀਜਾ ਆ ਰਿਹਾ ਹੈ, ਉਹ ਖਾੜਕੂ ਰਿਹਾ ਹੋਇਆ ਪੰਜਾਬ ਵਿੱਚ, ਬਹੁਤ ਗਰਮ ਸੁਭਾਅ ਦਾ ਹੈ...।"

ਇਹ ਗੱਲ ਬਾਅਦ ਵਿੱਚ ਮੈਨੂੰ ਕੁਝ ਮੁੰਡਿਆਂ ਨੇ ਦੱਸੀ ਸੀ।

ਅਸੀਂ ਗੁਰਦੁਆਰਾ ਸਾਹਿਬ ਗਏ, ਛੋਟੇ ਜਿਹੇ ਹਾਲ ਵਿੱਚ ਬੇਸਮੈਂਟ ਵਿੱਚ ਗੁਰਦੁਆਰਾ ਸਾਹਿਬ ਸੀ, ਪ੍ਰੋਗਰਾਮ ਚੱਲ ਰਿਹਾ ਸੀ। ਕੀਰਤਨ ਦੀ ਸਮਾਪਤੀ 'ਤੇ ਅਰਦਾਸ ਹੋਈ, ਬਾਅਦ ਵਿੱਚ ਪ੍ਰਬੰਧਕਾਂ ਵੱਲੋਂ ਵਿਚਾਰਾਂ ਹੋਈਆਂ। ਲੰਗਰ ਵਰਤਾਇਆ ਗਿਆ, ਲੰਗਰ ਛਕ ਕੇ ਕਾਫ਼ੀ ਸੰਗਤਾਂ ਚਲੇ ਗਈਆਂ ਸੀ। ਚਾਚਾ ਜੀ ਨੂੰ ਜਾਣਨ ਵਾਲ਼ੇ ਪੁੱਛ ਰਹੇ ਸਨ ਕਿ ਗੁਰਵਿੰਦਰ ਸਿੰਘ ਤਾਂ ਕਹਿੰਦਾ ਸੀ ਕਿ ਮੇਰਾ ਭਤੀਜਾ ਖਾੜਕੂ ਰਿਹਾ ਪਰ ਇਹ ਤਾਂ ਘੋਨ ਮੋਨ ਹੈ। ਪਰ ਇਹਨਾਂ ਲੋਕਾਂ ਨੂੰ ਬਾਹਰ ਦੀਆਂ ਮਜਬੂਰੀਆਂ ਪਤਾ ਹੀ ਸਨ।

ਅਸੀਂ ਸਮਾਪਤੀ ਤੋਂ ਬਾਅਦ, ਜਿਸ ਤਰ੍ਹਾਂ ਆਪਾਂ ਸਾਰੇ ਪੰਜਾਬੀਆਂ ਨੂੰ ਆਦਤ ਹੀ ਹੈ ਕਿ ਤੁਰਨ ਲੱਗੇ ਅੱਧਾ ਕੁ ਘੰਟਾ ਗੱਲਾਂਬਾਤਾਂ ਕਰਨੀਆਂ ਹੀ ਹੁੰਦੀਆਂ, ਉਹ ਕਰਕੇ ਵਾਪਸ ਘਰ ਪਹੁੰਚ ਗਏ।

ਸਵਿਟਜ਼ਰਲੈਂਡ ਆਪਣੇ ਰੈਸਟੋਰੈਂਟ ਵਿੱਚੋਂ ਨਿਕਲਦਿਆਂ ਹੀ ਮੈਂ ਮਨ ਬਣਾ ਲਿਆ ਸੀ ਕਿ ਇੱਥੇ ਤਾਂ ਮਜਬੂਰੀ ਸੀ ਪਰ ਬਾਹਰ ਜਾ ਕੇ ਨਾ ਕੁਝ ਮੀਟ ਵਗੈਰਾ ਖਾਣਾ ਪੀਣਾ, ਨਾ ਕੇਸ ਕਟਾਉਣੇ ਹਨ। ਆਸਟਰੀਆ ਪਹੁੰਚਦਿਆਂ ਦੂਜੇ ਦਿਨ ਤੋਂ ਹੀ ਮੈਂ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ। ਦਾੜ੍ਹੀ-ਕੇਸ ਕਟਾਉਣੇ ਬੰਦ ਕਰ ਦਿੱਤੇ ਤੇ ਵਿਸਾਖੀ ਦਾ ਇੰਤਜ਼ਾਰ ਕਰਨ ਲੱਗ ਪਿਆ ਕਿਉਂਕਿ ਵਿਸਾਖੀ 'ਤੇ ਅੰਮ੍ਰਿਤ ਸੰਚਾਰ ਹੋਣਾ ਸੀ।

ਚਾਰ ਕੁ ਦਿਨ ਬੀਤਣ ਤੋਂ ਬਾਅਦ ਚਾਚਾ ਜੀ ਨੇ ਭਾਈ ਸੁਲੱਖਣ ਸਿੰਘ ਜੀ ਵਿਆਨਾ

ਦੀ ਡਿਊਟੀ ਲਾ ਦਿੱਤੀ ਕਿ ਤੁਸੀਂ ਹੀ ਕੰਮ 'ਤੇ ਲਵਾਉਣਾ ਹੈ।

ਸ਼ਾਮ ਨੂੰ ਰਹਿਰਾਸ ਸਾਹਿਬ ਦੇ ਸਮੇਂ ਗੁਰਦੁਆਰਾ ਸਾਹਿਬ ਮਿਲਣ ਦਾ ਪ੍ਰੋਗਰਾਮ ਬਣ ਗਿਆ। ਭਾਈ ਸੁਲੱਖਣ ਸਿੰਘ ਹੋਰੀਂ ਮੈਨੂੰ ਆਪਣੇ ਮਕਾਨ ਵਿੱਚ ਨਾਲ਼ ਲੈ ਗਏ। ਉਹਨਾਂ ਅੱਗੋਂ ਇੱਕ ਜੋਗਿੰਦਰ ਨਾਮੀ ਮੁੰਡੇ ਦੀ ਡਿਊਟੀ ਲਾ ਦਿੱਤੀ, ਜੋਗਿੰਦਰ ਕੈਂਪ ਵਿੱਚ ਦੋ-ਭਾਸ਼ੀਏ ਦਾ ਕੰਮ ਵੀ ਕਰਦਾ ਸੀ।

ਦੂਸਰੇ ਦਿਨ ਸਵੇਰੇ ਸਮੇਂ-ਸਿਰ ਹੀ ਜੋਗਿੰਦਰ ਮੈਨੂੰ ਵਿਆਨਾ ਸ਼ਹਿਰ ਤੋਂ ਬਾਹਰਵਾਰ ਬਣੇ ਕੈਂਪ ਵਿੱਚ ਲੈ ਗਿਆ। ਓਹੀ ਸੋਮ-ਸਿਸਟਮ ਜਰਮਨ ਸਵਿਟਜ਼ਰਲੈਂਡ ਵਾਲ਼ਾ ਸੀ। ਕੈਂਪ ਵਿੱਚ ਗਏ, ਪੁਲੀਸ ਵਾਲ਼ਿਆਂ ਕੋਲ਼ ਗਏ, ਜੋਗਿੰਦਰ ਹੀ ਦੋ-ਭਾਸ਼ੀਆ ਸੀ।

ਪੁਲੀਸ ਵਾਲ਼ੇ ਕਹਿੰਦੇ- "ਆਸਟਰੀਆ ਕਿਸ ਤਰ੍ਹਾਂ ਪਹੁੰਚਿਆ?"

ਮੈਂ ਕਿਹਾ- "ਏਜੰਟ ਛੱਡ ਗਿਆ...।" ਕਹਿੰਦੇ- "ਕਿੱਥੇ..?" ਮੈਂ ਕਿਹਾ- "ਵਿਆਨਾ ਰੇਲਵੇ ਸਟੇਸ਼ਨ 'ਤੇ..।" ਹੋਰ ਕੁਝ ਸਵਾਲ ਪੁੱਛ ਕੇ ਨਾਲ਼ ਹੀ ਫਿੰਗਰ (ਬਾਇਓਮੀਟ੍ਰਿਕ) ਲੈ ਲਏ ਗਏ। ਕਾਰਡ ਮਿਲ਼ਣ ਤਕ ਕੈਂਪ ਵਿੱਚ ਹੀ ਰਹਿਣਾ ਪਿਆ ਪਰ ਹੁਣ ਯਾਦ ਨਹੀਂ ਕਿੰਨੇ ਕੁ ਦਿਨ ਰਹਿਣਾ ਪਿਆ ਸੀ। ਦਿਨ ਵੇਲ਼ੇ ਬਾਹਰ ਆ ਜਾ ਸਕਦੇ ਸੀ ਪਰ ਮੈਂ ਓਨੇ ਦਿਨ ਓਥੇ ਹੀ ਰਿਹਾਂ। ਬੱਸ ਇੱਕ ਦੋ ਵਾਰੀ 'ਵਿਆਨਾ' ਕਿਸੇ ਕੰਮ ਆਇਆ ਸੀ। ਜਦੋਂ ਕਾਰਡ ਮਿਲ਼ ਗਿਆ ਤਾਂ ਮੈਂ ਬਾਹਰ ਆ ਕੇ ਚਾਚਾ ਜੀ ਨੂੰ ਫ਼ੋਨ ਕਰ ਦਿੱਤਾ।

ਮੇਰੇ ਕੱਪੜੇ ਜੋ ਵੀਰ ਸਤਨਾਮ ਸਿੰਘ ਸਵਿਟਜ਼ਰਲੈਂਡ ਕੋਲ਼ ਪਏ ਸਨ, ਉਹ ਵੀ ਪਹੁੰਚ ਗਏ ਸਨ। ਮੇਰੀਆਂ ਦਸਤਾਰਾਂ, ਸ੍ਰੀ ਸਾਹਿਬ, ਕੰਘਾ, ਕਛਹਿਰੇ ਸਾਰਾ ਸਮਾਨ ਆ ਗਿਆ ਸੀ।

ਆਸਟਰੀਆ ਦਾ ਕਨੂੰਨ ਸੀ ਕਿ ਤਿੰਨ ਮਹੀਨੇ ਅਖ਼ਬਾਰਾਂ ਵੇਚਣ ਜਾਂ ਘਰਾਂ ਵਿੱਚ ਮਸ਼ੂਹਰੀ ਵਾਲ਼ੇ ਪੇਪਰ ਪਾਉਣ ਦਾ ਕੰਮ ਕਰੋ ਅਤੇ ਉਸ ਕੰਮ ਦਾ ਤਿੰਨ ਮਹੀਨੇ ਦਾ ਸਰਟੀਫ਼ਿਕੇਟ ਲੈ ਕੇ ਵਕੀਲ ਦੇ ਦੁਆਰਾ ਵੀਜ਼ਾ ਅਪਲਾਈ ਕਰੀਏ ਤਾਂ ਵੀਜ਼ਾ ਮਿਲ਼ ਜਾਂਦਾ ਸੀ। ਅਖ਼ਬਾਰਾਂ ਜਾਂ ਮਸ਼ੂਹਰੀ ਵਾਲ਼ੇ ਪੇਪਰ ਘਰਾਂ ਵਿੱਚ ਪਾਉਣ ਦਾ ਕੰਮ ਕੱਚੇ ਬੰਦਿਆਂ ਨੂੰ ਮਿਲ਼ ਜਾਂਦਾ ਸੀ। ਵੈਸੇ ਕਾਫ਼ੀ ਪੱਕੇ ਬੰਦੇ ਵੀ ਇਹੀ ਕੰਮ ਕਰਦੇ ਸਨ, ਪੈਸੇ ਵੀ ਠੀਕ ਬਣ ਜਾਂਦੇ ਸਨ।

ਵੈਸੇ ਆਸਟਰੀਆ ਵਿੱਚ ਕਈ ਲੋਕ ਰੈਸਟੋਰੈਂਟ ਵਿੱਚ ਕੰਮ ਕਰਦੇ ਸਨ ਤੇ ਕਈ ਪੁਰਾਣੇ ਬੰਦਿਆਂ ਦੇ ਆਪਣੇ ਰੈਸਟੋਰੈਂਟ ਸਨ। ਕਈ ਪਿੰਡ-ਪਿੰਡ ਜਾ ਕੇ ਕੱਪੜਿਆਂ ਦੀਆਂ ਮਾਰਕੀਟਾਂ ਲਾਉਂਦੇ ਸਨ। ਨਵੇਂ ਅਤੇ ਕੱਚੇ ਬੰਦਿਆਂ ਲਈ ਇਹ ਪੇਪਰਾਂ ਵਾਲ਼ਾ ਕੰਮ ਹੀ ਬੜੀ ਵਧੀਆ ਸਹੂਲਤ ਸੀ। ਕਾਫ਼ੀ ਬੰਦੇ ਟੈਕਸੀ ਵੀ ਚਲਾਉਂਦੇ ਸਨ।

ਹੁਣ ਕੈਂਪ ਵਿੱਚੋਂ ਨਿਕਲ਼ਣ ਤੋਂ ਬਾਅਦ ਮੇਰੇ ਲਈ ਰਿਹਾਇਸ਼ ਅਤੇ ਕੰਮ ਦੀ ਜ਼ਰੂਰਤ

ਸੀ। ਕੰਮ ਅਤੇ ਰਿਹਾਇਸ਼ ਦੀ ਗੱਲ ਭਾਈ ਸੁਲੱਖਣ ਜੀ ਨਾਲ਼ ਹੋ ਹੀ ਗਈ ਸੀ। ਉਹਨਾਂ ਕੋਲ਼ ਆਪਣੇ ਕਿਰਾਏ ਦਾ ਮਕਾਨ ਸੀ ਅਤੇ ਉਹਨਾਂ ਨੇ ਨਾਲ਼ ਕੁਝ ਮੁੰਡੇ ਰੱਖੇ ਹੋਏ ਸਨ, ਜਿਨ੍ਹਾਂ ਤੋਂ ਮਹੀਨਾਵਾਰ ਕਿਰਾਇਆ ਲੈਂਦੇ ਸੀ। ਵੈਸੇ ਵਿਆਨਾ ਦਾ ਰਹਿਣ-ਸਹਿਣ ਦਾ ਮਿਆਰ ਜਰਮਨ-ਸਵਿਟਜ਼ਰਲੈਂਡ ਨਾਲ਼ੋਂ ਕਾਫ਼ੀ ਨੀਵਾਂ ਸੀ। ਖ਼ਾਸ ਕਰਕੇ ਪੁਰਾਣੀਆਂ ਇਮਾਰਤਾਂ ਵਿੱਚ ਰਹਿਣ ਵਾਲ਼ਿਆਂ ਦਾ।

ਮੈਂ ਪਹਿਲੇ ਦਿਨ ਜਦੋਂ ਭਾਈ ਸੁਲੱਖਣ ਸਿੰਘ ਜੀ ਨਾਲ਼ ਸ਼ਾਮ ਦੇ ਸਮੇਂ ਗਿਆ ਤਾਂ ਮੇਰੇ ਕੋਲ਼ ਸਿਰਫ਼ ਤੌਲ਼ੀਆ-ਕਛਹਿਰਾ ਅਤੇ ਮੇਰਾ ਬੁਰਛ ਸੀ। ਉਹ ਕਮਰਾ ਭਾਈ ਸੁਲੱਖਣ ਸਿੰਘ ਅਤੇ ਇੱਕ ਬਾਬਾ ਅਟਵਾਲ ਨਾਮੀ ਬੰਦੇ ਦਾ ਸਾਂਝਾ ਸੀ। ਜਦੋਂ ਅਸੀਂ ਕਮਰੇ ਵਿੱਚ ਗਏ ਤਾ ਓਥੇ ਬਾਬਾ ਅਟਵਾਲ ਅਤੇ ਇੱਕ ਦੋ ਜਣੇ ਹੋਰ ਸਨ। ਅਸੀਂ ਸ਼ਾਮ ਦਾ ਪ੍ਰਸ਼ਾਦਾ ਪਾਣੀ ਛਕਿਆ, ਤੇ ਹੌਲ਼ੀ-ਹੌਲ਼ੀ ਮੁੰਡੇ ਹੋਰ ਆਉਂਦੇ ਗਏ। ਸੌਣ ਤਕ ਓਥੇ ਸਤਾਰਾਂ-ਅਠਾਰਾਂ ਜਣੇ ਹੋ ਗਏ।

ਮੈਂ ਹੌਲ਼ੀ ਜਿਹੀ ਭਾਈ ਸੁਲੱਖਣ ਸਿੰਘ ਨੂੰ ਪੁੱਛਿਆ- "ਇਹਨਾਂ ਸਾਰਿਆਂ ਜਣਿਆਂ ਨੇ ਇੱਥੇ ਹੀ ਸੌਣੈ?" ਕਹਿੰਦੇ 'ਹਾਂ..।'

ਕਮਰੇ ਵਿੱਚ ਦੋ ਸਿੰਗਲ ਬੈੱਡ ਤੇ ਇੱਕ ਛੋਟਾ ਸੀ। ਇੱਕ ਬੈੱਡ 'ਤੇ ਭਾਈ ਸੁਲੱਖਣ ਸਿੰਘ ਜੀ ਸੌਂ ਗਏ, ਇੱਕ 'ਤੇ ਬਾਬਾ ਅਟਵਾਲ, ਦੋ ਕੁ ਜਣੇ ਸੌਫ਼ੇ 'ਤੇ। ਮੈਂ ਭਾਈ ਸਾਹਬ ਨੂੰ ਪੁੱਛਿਆ "ਮੈਂ ਕਿੱਥੇ ਸੌਣਾ..?" ਕਹਿੰਦੇ- "ਜਿੱਥੇ ਜਗ੍ਹਾ ਮਿਲ਼ਦੀ ਪੈ ਜਾ ਬੱਸ।"

ਬਾਕੀ ਸਾਰਿਆਂ ਕੋਲ਼ ਆਪੋ-ਆਪਣੇ ਕੰਬਲ਼ ਸਨ, ਮੇਰੇ ਕੋਲ਼ ਉਹ ਵੀ ਨਹੀਂ ਸੀ। ਥੱਲੇ ਕਾਰਪੈਟ ਵਿੱਛੀ ਹੋਈ ਸੀ ਤੇ ਬਾਕੀ ਸਾਰੇ ਜਣੇ ਲਾਸ਼ਾਂ ਵਾਂਗ ਥੱਲੇ ਹੀ ਪੈ ਗਏ। ਮੈਂ ਆਪਣੇ ਕੱਪੜੇ ਵੀ ਨਾ ਉਤਾਰੇ, ਦਸਤਾਰ ਦਾ ਸਿਰਹਾਣਾ ਬਣਾ ਲਿਆ, ਥੱਲੇ ਛੋਟੀ ਕੇਸਕੀ ਬੰਨ੍ਹੀ ਹੋਈ ਸੀ ਤੇ ਸਾਰੀ ਰਾਤ ਸਿੱਧਾ ਹੀ ਪਿਆ ਰਿਹਾਂ।

ਨੀਂਦ ਬਿਲਕੁਲ ਨਹੀਂ ਆਈ। ਜਰਮਨ ਤੇ ਸਵਿਟਜ਼ਰਲੈਂਡ ਦੀ ਯਾਦ ਆਈ ਜਾਵੇ। ਕਿੱਥੇ ਉਹ ਦੇਸ਼ ਤੇ ਕਿੱਥੇ ਆਹ ਆਸਟਰੀਆ। ਸਵੇਰੇ ਚਾਰ ਕੁ ਵਜੇ ਬੰਦੇ ਉੱਠਣੇ ਸ਼ੁਰੂ ਹੋ ਗਏ। ਆਪੋ-ਆਪਣੀ ਚਾਹ ਬਣਾ ਕੇ, ਪੀ ਕੇ ਹੌਲ਼ੀ-ਹੌਲ਼ੀ ਸਾਰੇ ਕੰਮਾਂ 'ਤੇ ਜਾ ਰਹੇ ਸਨ। ਮਕਾਨ ਦੇ ਅੰਦਰ ਵੱਖਰੀ ਰਸੋਈ ਸੀ ਅਤੇ ਇੱਕ ਹੋਰ ਛੋਟਾ ਜਿਹਾ ਕਮਰਾ ਸੀ। ਸ਼ਾਇਦ ਜਿਸ ਵਿੱਚ ਬੁਰਛ ਕਰਨ ਲਈ ਟੂਟੀ ਤੇ ਸ਼ੈਂਕ ਲੱਗਾ ਹੋਇਆ ਸੀ। ਟਾਇਲਟ ਮਕਾਨ ਤੋਂ ਬਾਹਰ ਕੁਝ ਹੋਰ ਘਰਾਂ ਨਾਲ਼ ਸਾਂਝੀ ਸੀ।

ਪੰਜ ਕੁ ਵਜੇ ਉੱਠ ਕੇ ਮੂੰਹ-ਹੱਥ ਧੋ ਕੇ ਮੈਂ ਥੱਲੇ ਹੀ ਬੈਠ ਕੇ ਨਿੱਤਨੇਮ ਕੀਤਾ। ਭਾਈ ਸੁਲੱਖਣ ਸਿੰਘ ਜੀ ਵੀ ਬੈੱਡ 'ਤੇ ਬੈਠੇ ਗੁਟਕਾ ਸਾਹਿਬ ਤੋਂ ਨਿੱਤਨੇਮ ਕਰ ਰਹੇ ਸਨ। ਸਮਾਪਤੀ ਕਰ ਕੇ ਮੈਂ ਪੁੱਛਿਆ- 'ਭਾਈ ਸਾਹਬ ਜੀ ਨਹਾਉਣ ਦਾ ਕੀ ਸਿਸਟਮ ਹੈ?' ਜਿੱਥੇ ਬੁਰਛ ਕਰਨ ਵਾਲ਼ਾ ਕਮਰਾ ਸੀ, ਉਹ ਮੈਨੂੰ ਓਥੇ ਲਿਜਾ ਕੇ ਕਹਿੰਦੇ- 'ਆਹ ਟੂਟੀ ਤੋਂ

ਭਾਂਡਿਆਂ ਨਾਲ ਪਾਣੀ ਲੈ ਕੇ ਐਸ ਟੱਬ ਵਿੱਚ ਖੜ੍ਹੇ ਹੋ ਕੇ ਨਹਾਉਣ। ਜਿਆਦਾ ਪਾਣੀ ਬਾਹਰ ਨਾ ਡੁੱਲ੍ਹੇ ਤੇ ਬਾਅਦ ਵਿੱਚ ਟੱਬ ਦਾ ਪਾਣੀ ਇੱਥੇ ਸੌਂਕ ਵਿੱਚ ਰੋੜ ਦੇਣਾ।' ਚਲੋ ਕੰਮ ਚਲਾ ਲਿਆ ਸੀ ਉਸ ਦਿਨ।

ਦੂਜੇ-ਤੀਜੇ ਦਿਨ ਹੀ ਇੱਥੋਂ ਭਾਈ ਸਾਹਬ ਹੁਰਾਂ ਨੇ ਹੋਰ ਮਕਾਨ ਵਿੱਚ ਚਲੇ ਜਾਣਾ ਸੀ। ਮੈਂ ਚਾਹ ਪੀ ਕੇ ਬਾਹਰ ਨਿਕਲਦਿਆਂ ਹੀ ਚਾਚਾ ਜੀ ਨੂੰ ਫੋਨ ਕੀਤਾ ਕਿ ਮੇਰਾ ਰਹਿਣ ਦਾ ਕਿਤੇ ਹੋਰ ਪ੍ਰਬੰਧ ਕਰੋ, ਮੈਂ ਇੰਨੇ ਬੰਦਿਆਂ ਵਿੱਚ ਇਸ ਤਰ੍ਹਾਂ ਨਹੀਂ ਰਹਿ ਸਕਦਾ। ਉਹ ਕਹਿੰਦੇ- 'ਥੋੜ੍ਹੇ ਦਿਨ ਕਾਕਾ ਤੈਨੂੰ ਕੱਦਣੇ ਪੈਣੇ ਨੇ, ਫਿਰ ਮੈਂ ਕੋਈ ਇੰਤਜਾਮ ਕਰਦਾ।'

ਥੋੜੇ ਦਿਨ ਭਾਈ ਸੁਲੱਖਣ ਸਿੰਘ ਜੀ ਦੇ ਦੂਜੇ ਮਕਾਨ ਵਿੱਚ ਰਿਹਾਂ। ਓਥੇ ਦੇ ਕਮਰੇ ਸਨ; 'ਸੌਫਾ-ਕਮ-ਬੈੱਡ' ਮਿਲ ਗਿਆ ਸੀ ਰਾਤ ਨੂੰ ਸੌਣ ਲਈ। ਦਿਨੇ ਸੌਫਾ ਤੇ ਰਾਤ ਨੂੰ ਬੈੱਡ ਬਣਾ ਲਈਦਾ ਸੀ ਤੇ ਨਹਾਉਣ ਲਈ ਨਵੀਂ ਕਿਸਮ ਦਾ ਗਾਬ ਸੀ। ਸਾਰੇ ਸਣੇ ਨਹਾ ਕੇ ਉਸ ਨੂੰ ਖੜ੍ਹਾ ਕਰ ਦਿੰਦੇ ਸਨ। ਉਹ ਬਣਿਆ ਹੀ ਇਸ ਤਰ੍ਹਾਂ ਸੀ ਕਮਰੇ ਵਿੱਚ ਕਾਫੀ ਜਗ੍ਹਾ ਬਣ ਜਾਂਦੀ।

ਨਾਲ ਦੀ ਨਾਲ ਭਾਈ ਸਾਹਬ ਨੇ ਮੇਰੀ ਘਰਾਂ ਵਿੱਚ ਪੇਪਰ ਪਾਉਣ ਵਾਲੇ ਕੰਮ ਦੀ ਸਿਖਲਾਈ ਸੁਰੂ ਕਰ ਦਿੱਤੀ ਸੀ।

ਥੋੜ੍ਹੇ ਦਿਨਾਂ ਬਾਅਦ ਚਾਚਾ ਜੀ ਨੇ ਆਪਣੇ ਸੁਹਰਿਆਂ ਵੱਲੋਂ ਲੱਗਦੇ ਰਿਸ਼ਤੇਦਾਰ ਮੁੰਡਿਆਂ ਨਾਲ '21 ਡਿਸਟਿਕ' ਵਿੱਚ ਗੱਲ ਕਰਾ ਦਿੱਤੀ। ਵਿਆਨਾ ਸ਼ਹਿਰ ਦੇ ਕੁੱਲ 23 ਸੈਕਟਰ ਹਨ ਜਿਨ੍ਹਾਂ ਨੂੰ ਇੱਥੇ 'ਡਿਸਟਿਕ' ਕਹਿੰਦੇ ਹਨ। ਓਥੇ ਦੇ ਕਮਰੇ ਸਨ, ਕੁੱਲ ਛੇ ਕੁ ਜਣੇ ਰਹਿੰਦੇ ਸਨ। ਸਾਫ-ਸੁਥਰੀ ਰਿਹਾਇਸ਼ ਸੀ। ਟਾਇਲਟ ਬਾਥ ਸਭ ਕੁਝ ਅੰਦਰ ਹੀ ਸੀ। ਸਫਾਈ ਦੀ ਤੇ ਰੋਟੀ ਬਣਾਉਣ ਦੀ ਵਾਰੀ ਲੱਗਦੀ ਸੀ, ਵਧੀਆ ਸਿਸਟਮ ਸੀ। ਕੰਮ ਲਈ 10 ਡਿਸਟਿਕ ਵਿੱਚ ਆਉਣਾ ਪੈਂਦਾ ਸੀ ਟਰੇਨ ਫੜ ਕੇ।

ਹੁਣ ਜਨਵਰੀ 1992 ਚੜ੍ਹ ਚੁੱਕਾ ਸੀ। ਮਾਰਚ ਤਕ ਕੰਮ ਕਰ ਕੇ ਵੀਜਾ ਅਪਲਾਈ ਹੋ ਸਕਦਾ ਸੀ। ਭਾਈ ਸੁਲੱਖਣ ਸਿੰਘ ਨੂੰ 'ਵਰਕ-ਪਰਮਿਟ' ਮਿਲ ਗਿਆ ਸੀ। ਉਹਨਾਂ ਹੁਣ ਪੇਪਰਾਂ ਦਾ ਕੰਮ ਛੱਡ ਕੇ ਕਿਤੇ ਹੋਰ ਕੰਮ ਕਰਨਾ ਸੀ। ਕੰਮ ਦਾ ਟੂਰ ਉਹਨਾਂ ਦਾ ਵੱਡਾ ਅਤੇ ਵਧੀਆ ਸੀ। ਜਾਣ ਤੋਂ ਪਹਿਲਾਂ ਉਹਨਾਂ ਮੇਰੀ ਅਤੇ ਇੱਕ ਬਲਬੀਰ ਸਿੰਘ ਘੁਮਾਲਾ ਨਾਂ ਦੇ ਸਿੰਘ ਦੀ ਗੌਰੇ ਨਾਲ ਕਰਾ ਦਿੱਤੀ ਸੀ। ਉਹਨਾਂ ਤੋਂ ਬਾਅਦ ਮੈਂ ਅਤੇ ਬਲਬੀਰ ਸਿੰਘ ਘੁਮਾਲਾ ਰਲ਼ ਕੇ ਕਰਦੇ ਰਹੇ।

ਐਤਵਾਰ ਗੁਰਦੁਆਰਾ ਸਾਹਿਬ ਜਾਣ ਦਾ ਤਕਰੀਬਨ ਪੱਕਾ ਹੀ ਪ੍ਰੋਗਰਾਮ ਹੁੰਦਾ ਸੀ। ਕਈ ਵਾਰ ਸ਼ਨੀਵਾਰ ਨੂੰ ਟਰੇਨ ਫੜ ਕੇ ਚਾਚਾ ਜੀ ਹੋਰਾਂ ਕੋਲ ਚਲੇ ਜਾਈਦਾ ਸੀ ਤੇ ਓਥੋਂ ਐਤਵਾਰ ਗੁਰਦੁਆਰਾ ਸਾਹਿਬ ਆ ਜਾਈਦਾ ਸੀ। ਗੁਰਦੁਆਰਾ ਸਾਹਿਬ ਤੋਂ ਹੀ ਮੇਰੀ ਦੋਸਤੀ ਇੱਕ 'ਸ਼ਮਸੇਰ ਸਿੰਘ ਸੇਰਾ' ਨਾਂ ਦੇ ਸਿੰਘ ਨਾਲ ਪੈ ਗਈ। ਉਹ ਵੀ ਮਾਲਵਾ ਜੋਨ

ਤੇ ਮਾਤਰੂ ਲਹਿਰ ਵਿੱਚ ਆਇਆ ਸੀ। ਹੌਲੀ-ਹੌਲੀ ਇਹ ਦੋਸਤੀ ਪੱਕੀ ਅਤੇ ਭਰੋਸੇ ਵਾਲੀ ਹੀ ਹੋ ਗਈ। ਚਾਚਾ ਜੀ ਵੀ ਮਾਲਵੇ ਏਰੀਏ ਤੋਂ ਸਨ। ਸ਼ੇਰੇ ਦਾ ਚਾਚਾ ਜੀ ਹੋਰਾਂ ਨਾਲ ਵੀ ਪਿਆਰ ਬਣਿਆ ਹੋਇਆ ਸੀ। ਬਹੁਤ ਸਾਰੇ ਪੰਜਾਬੀ ਵਿਆਨਾ ਵਿੱਚ ਰਹਿ ਰਹੇ ਸਨ। ਹੁਣ ਵਿਆਨਾ ਇੱਕ ਆਪਣੇ ਪਿੰਡ ਕਸਬੇ ਵਾਂਗ ਹੀ ਜਾਪਣ ਲੱਗ ਪਿਆ ਸੀ।

ਕੰਮ ਕਰਦਿਆਂ ਨੂੰ ਮਾਰਚ ਅਖ਼ੀਰ ਤਕ ਪੂਰੇ ਤਿੰਨ ਮਹੀਨੇ ਹੋ ਗਏ ਸਨ। ਮੈਂ ਕੰਮ ਵਾਲਿਆਂ ਕੋਲੋਂ ਗੱਲ ਕਰ ਕੇ ਤਿੰਨ ਮਹੀਨੇ ਕੰਮ ਕੀਤੇ ਦਾ ਸਰਟੀਫ਼ਿਕੇਟ ਲੈ ਲਿਆ। ਹੁਣ ਚਾਚਾ ਜੀ ਨਾਲ ਵੀਜ਼ਾ ਅਪਲਾਈ ਕਰਨ ਦੀ ਗੱਲ ਕੀਤੀ। ਉਹ ਕਹਿੰਦੇ ਭਾਈ ਬਲਦੇਵ ਸਿੰਘ ਮਾਨਸਾ ਨਾਲ ਗੱਲ ਕਰ ਲਵੋ, ਤੁਹਾਡਾ ਉਸ ਨਾਲ ਵੀ ਪ੍ਰੇਮ-ਪਿਆਰ ਹੈ। ਉਸ ਕੋਲ ਇੱਕ ਵਕੀਲ ਹੈ, ਉਸ ਕੋਲ ਕਾਰ ਵੀ ਹੈ, ਤੁਹਾਡਾ ਕੰਮ ਕਰਵਾ ਦੇਵੇਗਾ।

ਮੈਂ ਅਤੇ ਸ਼ੇਰੇ ਨੇ ਉਹਨਾਂ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਤਰੀਕ ਲੈ ਲਈ। ਮੇਰਾ ਪਾਸਪੋਰਟ ਤੇ ਇੰਡੀਅਨ ਲਾਈਸੈਂਸ ਜਰਮਨ ਵਾਲੇ ਭਾਅਜੀ ਅਜੀਤ ਸਿੰਘ ਰੰਧਾਵਾ ਕੋਲ ਪਿਆ ਸੀ। ਉਹ ਮੈਂ ਉਹਨਾਂ ਕੋਲੋਂ ਮੰਗਵਾ ਲਿਆ। ਬਾਈ ਬਲਦੇਵ ਸਿੰਘ ਜੀ ਹੋਰਾਂ ਨਾਲ ਜਾ ਕੇ ਵੀਜ਼ਾ ਅਪਲਾਈ ਕਰ ਦਿੱਤਾ ਗਿਆ।

ਪੇਪਰ ਪਾਉਣ ਦਾ ਕੰਮ ਮੈਂ ਕਰਦਾ ਰਿਹਾ। ਜੋ ਕਿ ਕਾਫ਼ੀ ਔਖਾ ਕੰਮ ਸੀ 50-50, 100-100 ਘਰਾਂ ਦੀਆਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਸੀ। ਮੇਰਾ ਇਹ ਕੰਮ ਕਰਨ ਦਾ ਇਰਾਦਾ ਸਿਰਫ਼ ਵੀਜ਼ਾ ਮਿਲਣ ਤਕ ਹੀ ਸੀ।

ਇੱਕ ਤਾਂ ਚਾਚਾ ਜੀ ਹੁਰਾਂ ਦਾ ਵਿਆਨਾ ਵਿੱਚ ਰਿਹਾਇਸ਼ ਲਿਆਉਣ ਦਾ ਮਨ ਬਣਾ ਲਿਆ ਸੀ। ਦੂਜਾ, ਉਹ ਕਹਿੰਦੇ ਜਦੋਂ ਤੇਰਾ ਵੀਜ਼ਾ ਲੱਗ ਗਿਆ ਆਪਾਂ ਮਾਰਕੀਟਾਂ ਲਾਉਣ ਦਾ ਕੰਮ ਸ਼ੁਰੂ ਕਰਨਾ ਹੈ। ਗੱਡੀ ਤੇ ਬਾਕੀ ਸਾਰਾ ਸਮਾਨ ਮੇਰਾ ਹੋਵੇਗਾ, ਤੁਸੀਂ ਸਿਰਫ਼ ਕੰਮ ਕਰਨਾ। ਮੈਂ ਸ਼ੇਰੇ ਨੂੰ ਆਪਣੇ ਨਾਲ ਕੰਮ ਕਰਨ ਲਈ ਮਨਾ ਲਿਆ ਸੀ।

ਹੁਣ ਪੰਜਾਬ ਤੋਂ ਆਏ ਨੂੰ ਵੀ ਤਕਰੀਬਨ ਡੇਢ ਸਾਲ ਹੋ ਗਿਆ ਸੀ। ਸਰਵਿਸ ਤੋਂ ਬਾਅਦ ਆਸਟਰੀਆ ਆ ਕੇ ਖ਼ਰਚ-ਪਾਣੀ ਜੋਗੇ ਹੀ ਥੋੜ੍ਹੇ ਜਿਹੇ ਪੈਸੇ ਮੈਂ ਘਰ ਭੇਜ ਸਕਿਆ ਸੀ। ਵਕੀਲ ਨੇ ਵੀਜ਼ਾ ਲਵਾਉਣ ਲਈ ਵੀ ਪੈਸੇ ਲੈਣੇ ਸਨ। ਪੰਜਾਬ ਵਿੱਚ ਵੀ ਜ਼ਮੀਨ 'ਤੇ 25 ਹਜ਼ਾਰ ਰੁਪਏ ਲੋਨ ਲਿਆ ਹੋਇਆ ਸੀ। ਭਾਪਾ ਜੀ ਕਹਿੰਦੇ ਹੁੰਦੇ ਸੀ 'ਇਹਦਾ ਤਾਂ ਕੁਝ ਕਰ'। ਉਹ ਲੋਨ ਮੈਂ ਅਮਰੀਕਾ ਤੋਂ ਪਿੰਡ ਦੇ ਇੱਕ ਦੋਸਤ ਰਾਹੀਂ ਪੈਸੇ ਭਿਜਵਾ ਕੇ ਨਿਬੇੜ ਦਿੱਤਾ।

ਮੇਰੇ ਖ਼ਿਆਲ ਮੁਤਾਬਿਕ ਅਪ੍ਰੈਲ ਦੇ ਅਖ਼ੀਰ ਵਿੱਚ ਜਾਂ ਮਈ ਦੇ ਸ਼ੁਰੂ ਵਿੱਚ ਮੇਰਾ ਆਸਟਰੀਆ ਦਾ ਛੇ ਮਹੀਨੇ ਦਾ ਪਹਿਲਾ ਵੀਜ਼ਾ ਲੱਗ ਗਿਆ। ਗੁਰਦੁਆਰਾ ਸਾਹਿਬ ਜਾ ਕੇ ਸੁਕਰਾਨਾ ਕੀਤਾ। ਘਰਦਿਆਂ ਨੂੰ ਦੱਸਿਆ ਪੰਜਾਬ ਵਿੱਚ, ਉਹਨਾਂ ਨੂੰ ਵੀ ਸਕੂਨ ਮਿਲਿਆ। ਚਲੋ ਗੁਰੂ ਜੀ ਦੀ ਕਿਰਪਾ ਨਾਲ ਹੁਣ ਮੈਂ ਪੰਜਾਬ ਆਉਣ-ਜਾਣ ਜੋਗਾ ਹੋ

ਹੋਇਆ ਸੀ।

ਉਧਰ ਚਾਚਾ ਜੀ ਹੁਰਾਂ ਨੇ ਵਿਆਹਨਾ ਵਿੱਚ ਮਕਾਨ ਲੈ ਲਿਆ ਸੀ। ਬੀਜਾ ਸੰਗਰਿਆਂ ਹੀ ਮੈਂ ਮਸਤੂਰੀ ਵਾਲੇ ਪੋਪਲ ਪਾਉਣ ਵਾਲਿਆਂ ਦੀ ਰੇਹੜੀ ਮੱਲ ਲੈ ਕੰਮ ਵਾਲਿਆਂ ਨੂੰ ਸਵਾਹ ਦੇ ਆਇਆ। ਹੁਣ ਸੇਰਾ ਵੀ ਇਸਤਰੇ (ਲਾਈਟਾਂ) 'ਤੇ ਖੜ੍ਹੇ ਹੋ ਕੇ ਅਖਬਾਰਾਂ ਵੇਚਣ ਵਾਲਾ ਕੰਮ ਛੱਡ ਚੁੱਕਾ ਸੀ। ਉਹ ਵੀ ਸਿਰਫ ਸਨੀ-ਐਤਵਾਰ ਕਿਸੇ ਨਾਲ ਅਖਬਾਰਾਂ ਟੰਗਾਉਣ ਵਾਲਾ ਕੰਮ ਕਰਦਾ ਸੀ।

ਅਸੀਂ ਦੋਹਾਂ ਨੇ ਚਾਚਾ ਜੀ ਨਾਲ਼ ਮਕਾਨ ਬਦਲਣ ਵਿੱਚ ਵੀ ਪੂਰੀ ਮਦਦ ਕਰਵਾਈ, ਕਿਉਂਕਿ ਅਸੀਂ ਵੀ ਵਿਹਲੇ ਹੀ ਸੀ। ਸੇਰੇ ਨੂੰ ਹੋਰ ਕੰਮ ਮਿਲਦਾ ਸੀ ਪਰ ਮੈਂ ਸੋਚਿਆ ਹੋਇਆ ਸੀ ਕਿ ਚਾਚਾ ਜੀ ਨੇ ਛੇਤੀ ਮਾਰਕੀਟਾਂ ਦਾ ਕੰਮ ਸ਼ੁਰੂ ਕਰ ਲੈਣਾ ਹੈ, ਆਪਾਂ ਏਹੋ ਜਣੇ ਕੰਮ ਕਰੀ ਜਾਵਾਂਗੇ। ਚਾਚਾ ਜੀ ਕਹਿੰਦੇ ਸੀ 1992 ਦਾ ਸਾਲ ਤੁਸੀਂ ਇਕੱਲਿਆਂ ਨੇ ਕੰਮ ਕਰਨਾ। ਜਨਵਰੀ 1993 ਤੋਂ ਮੈਂ ਬੇਕਰੀ ਵਿੱਚੋਂ ਕੰਮ ਛੱਡ ਕੇ ਫਿਰ ਤੁਹਾਡੇ ਨਾਲ ਚਲਿਆ ਕਰਾਂਗਾ। ਚਾਚਾ ਜੀ ਦਾ ਮਕਾਨ ਦਾ ਕੰਮ ਖਤਮ ਹੋ ਗਿਆ ਸੀ। ਹੁਣ ਮਾਰਕੀਟਾਂ ਦਾ ਕੰਮ ਸ਼ੁਰੂ ਕਰਨ ਦੀ ਤਿਆਰੀ ਸੀ।

ਸ਼ੇਰੇ ਨੇ ਇੱਕ ਕਰਮਜੀਤ ਸਿੰਘ ਨਾਂ ਦੇ ਬੰਦੇ ਨਾਲ਼ ਉਸ ਦੇ ਮਕਾਨ ਵਿੱਚ ਰਹਿਣ ਲਈ ਸਾਡੇ ਦੋਹਾਂ ਦੀ ਗੱਲ ਕਰ ਲਈ। ਖੰਨੇ ਤੋਂ ਸੀ ਕਰਮਜੀਤ ਸਿੰਘ। ਚਾਚਾ ਜੀ ਨੇ ਮੈਨੂੰ ਇੱਕ ਸਤਨਾਮ ਸਿੰਘ ਨਾਂ ਦੇ ਆਪਣੇ ਵਾਕਫ਼ ਬੰਦੇ ਨਾਲ਼ ਭੇਜਿਆ। ਉਹ ਮਾਰਕੀਟਾਂ ਲਾਉਂਦਾ ਸੀ। ਮੈਂ ਉਸ ਨਾਲ਼ ਮਾਰਕੀਟ ਲਾਉਣ ਗਿਆ। ਕੁਝ ਸਮੇਂ ਬਾਅਦ ਮੈਨੂੰ ਵੀ ਕੁਝ ਅੰਦਾਜਾ ਹੋ ਗਿਆ ਮਾਰਕੀਟ ਲਾਉਣ ਦਾ। ਮਾਰਕੀਟ ਲਾ ਕੇ ਵਾਪਸ ਆਉਂਦਿਆਂ, ਸਤਨਾਮ ਸਿੰਘ ਕਹਿੰਦਾ- "ਜਿਸ ਨੇ ਕਦੇ ਕੋਈ ਵਪਾਰ ਵਗੈਰਾ ਨਹੀਂ ਕੀਤਾ, ਉਸ ਲਈ ਇਸ ਕੰਮ ਦੀ ਸਮਝ ਛੇਤੀ ਨਹੀਂ ਆਉਂਦੀ।" ਮੈਂ ਕਿਹਾ "ਸਾਡੀਆਂ ਪੰਜਾਬ ਵਿੱਚ ਬਿਲਡਿੰਗ ਮਟੀਰੀਅਲ ਦੀਆਂ ਦੁਕਾਨਾਂ ਸਨ।" ਫਿਰ ਸਤਨਾਮ ਸਿੰਘ ਕਹਿੰਦਾ- "ਫਿਰ ਤੂੰ ਛੇਤੀ ਕਵਰ ਕਰ ਜਾਵੇਂਗਾ।"

ਚਾਚਾ ਜੀ ਗੱਡੀ ਲੱਭ ਰਹੇ ਸਨ ਮਾਰਕੀਟਾਂ ਲਾਉਣ ਲਈ ਤੇ ਮੈਂ ਅਤੇ ਸੇਰਾ ਵਿਆਨਾ ਸ਼ਹਿਰ ਵਿੱਚ ਲੱਗਦੀਆਂ ਮਾਰਕੀਟਾਂ ਵਿੱਚੋਂ ਆਪਣੇ ਜਾਣਨ ਵਾਲਿਆਂ ਤੋਂ ਜਾਣਕਾਰੀ ਹਾਸਲ ਕਰ ਰਹੇ ਸੀ। ਚਾਚਾ ਜੀ ਵੱਲੋਂ ਇੱਕ ਗੱਡੀ ਲੱਭ ਲਈ ਗਈ। ਗੱਡੀ ਮਿਲਣ ਵਿੱਚ ਥੋੜਾ ਸਮਾਂ ਸੀ।

ਸ਼ਾਇਦ 17 ਕੁ ਮਈ 1992 ਨੂੰ ਚਾਚਾ ਜੀ ਨੇ ਆਪਣੀ ਕਾਰ ਵਿੱਚ ਸਾਨੂੰ ਕੁਝ ਸਮਾਨ, ਬੱਚਿਆਂ ਦੀਆਂ ਫਰਾਕਾਂ, ਟੀ-ਸ਼ਰਟਾਂ ਅਤੇ ਚਾਰ-ਪੰਜ ਮੇਜ ਦੇ ਕੇ ਇੱਕ ਮਾਰਕੀਟ ਵਿੱਚ ਭੇਜ ਦਿੱਤਾ। ਐਤਵਾਰ ਦਾ ਦਿਨ ਸੀ। ਸੇਰਾ ਬਿਲਕੁਲ ਪਹਿਲੀ ਵਾਰ ਚੁੱਲ੍ਹਾ ਸੀ, ਮੇਰੀ ਦੂਜੀ ਵਾਰੀ ਸੀ। ਅਸੀਂ ਮਾਰਕੀਟ ਵਿੱਚ ਜਾ ਕੇ ਜਗ੍ਹਾ ਲੱਭ ਕੇ ਸਟੈਂਡ ਲਾ ਦਿੱਤਾ।

ਬਿਨਾਂ ਤਰਤੀਬ ਦੇ ਜਿਸ ਤਰ੍ਹਾਂ ਸਾਡੇ ਕੋਲੋਂ ਮੇਜਾਂ ਉੱਤੇ ਸਮਾਨ ਲਾ ਹੋਇਆ, ਲਾ ਦਿੱਤਾ ਤਾਂ ਜਗ੍ਹਾ ਦਾ ਕਿਰਾਇਆ ਦੇ ਕੇ ਅਸੀਂ '1500 ਆਸਟਰੀਅਨ ਸ਼ਲਿੰਗ' ਵੱਟ ਲਿਆ।

ਚਾਚਾ ਜੀ ਨੇ ਕਿਹਾ ਹੋਇਆ ਸੀ ਕਿ ਪਹਿਲੇ ਦਿਨ ਦੀ ਸੇਲ ਗੁਰਦੁਆਰਾ ਸਾਹਿਬ ਦੇਣੀ ਹੈ। ਮਾਰਕੀਟ ਨੇੜੇ ਹੀ ਸੀ ਅਤੇ ਦੁਪਹਿਰ ਤਕ ਸੀ। ਸਾਡੇ ਕੋਲ ਕੋਈ ਛੱਤਰੀ ਵਗੈਰਾ ਤਾਂ ਹਾਲੇ ਹੈ ਨਹੀਂ ਸੀ। ਅਸੀਂ ਸਮੇਂ ਸਿਰ ਹੀ ਸਟੈਂਡ ਚੁੱਕ ਕੇ ਗੁਰਦੁਆਰਾ ਸਾਹਿਬ ਪਹੁੰਚ ਗਏ। ਚਾਰ ਕੁ ਵੱਜੇ ਸਨ। ਚਾਚਾ ਜੀ ਓਥੇ ਹੀ ਸਨ। ਕਹਿੰਦੇ- "ਕਿੱਦਾਂ ਰਿਹਾ..?" ਅਸੀਂ ਕਿਹਾ "1500 ਸ਼ਲਿੰਗ ਹੋ ਗਿਆ..।" ਕਹਿੰਦੇ "ਲਿਆਓ..।" ਅਸੀਂ ਕਿਹਾ- "ਸਾਡੇ ਸਾਹਮਣੇ ਹੀ ਗੋਲਕ ਵਿੱਚ ਪਾ ਦਿਓ, ਤੁਸੀਂ ਕਿਹਾ ਹੋਇਆ..।" ਕਹਿੰਦੇ- "ਠੀਕ ਆ..।" ਤੇ ਉਹਨਾਂ ਨੇ ਵਾਅਦੇ ਮੁਤਾਬਿਕ ਗੋਲਕ ਵਿੱਚ ਪਾ ਦਿੱਤੇ। ਅਸੀਂ ਇਹ ਸੋਚ ਕੇ ਚਾਚਾ ਜੀ ਨੂੰ ਕਿਹਾ ਸੀ ਕਿ ਬਾਅਦ ਵਿੱਚ ਕਈ ਵਾਰੀ ਮਾਇਆ ਵਰਤੀ ਜਾਵੇ ਤਾਂ ਬੰਦਾ ਘੋਲ਼ ਕਰ ਲੈਂਦਾ ਹੈ।

ਅਗਲੇ ਹਫ਼ਤੇ ਤਕ ਦੂਜੀ ਮਾਰਕੀਟਾਂ ਵਾਲ਼ੀ ਗੱਡੀ ਆ ਗਈ। 'ਮਿਤਸੂਬੀਸ਼ੀ' ਕੰਪਨੀ ਦੀ ਵੈਨ ਟਾਈਪ, ਪਿਛਿਓਂ ਬੰਦ ਗੱਡੀ ਸੀ। ਇੱਕ ਦਰਵਾਜ਼ਾ ਪਿੱਛੇ, ਇੱਕ ਸਾਈਡ 'ਤੇ, ਮੁਹਰੇ ਕੈਬਿਨ ਸੀ।

ਹੁਣ ਸਹੀ ਤਰੀਕੇ ਨਾਲ਼ ਮਾਰਕੀਟਾਂ ਦਾ ਕੰਮ ਚੱਲਣਾ ਸੀ। ਮੈਂ ਅਤੇ ਸ਼ੇਰੇ ਨੇ ਸਲਾਹ ਕੀਤੀ ਕਿ ਇੱਕ ਵਾਰੀ ਚਾਚਾ ਜੀ ਨਾਲ਼ ਬੈਠ ਕੇ ਤਨਖ਼ਾਹ ਦੀ ਗੱਲ ਕਰ ਲਈ ਜਾਵੇ ਕਿ ਕਿੰਨੀ ਮਿਲ਼ੇਗੀ। ਜਦੋਂ ਗੱਲ ਕੀਤੀ ਤਾਂ ਚਾਚਾ ਜੀ ਕਹਿੰਦੇ- "ਲੋਕਾਂ ਨਾਲ਼ੋਂ ਵੱਧ ਹੀ ਦੇਵਾਂਗਾ..।" ਅਸੀਂ ਕਿਹਾ "8000 ਸ਼ਲਿੰਗ ਚੱਲਦਾ ਮਾਰਕੀਟ ਵਿੱਚ ਪਰ ਬੰਦਾ ਜੇ ਮਾਲਕ ਕੋਲ਼ ਰਹਿੰਦਾ ਤਾਂ 6000 ਸ਼ਲਿੰਗ ਰੇਟ ਹੈ..।" ਕਹਿੰਦੇ- "ਤੁਹਾਨੂੰ ਕਿਹਾ ਨਾ, ਲੋਕਾਂ ਨਾਲ਼ੋਂ ਵੱਧ ਹੀ ਦੇਵਾਂਗਾ, ਬੱਸ ਤੁਸੀਂ ਕੰਮ ਕਰੀ ਚੱਲੋ।"

ਅਸੀਂ ਮਾਰਕੀਟਾਂ ਲਾਈ ਗਏ। ਜ਼ਿਆਦਾ ਮਾਰਕੀਟਾਂ ਸ਼ੁੱਕਰ, ਸ਼ਨੀ ਅਤੇ ਐਤਵਾਰ ਹੀ ਹੁੰਦੀਆਂ। ਕਦੇ-ਕਦਾਈ ਕਿਸੇ ਵਿਚਲੇ ਦਿਨ ਮਾਰਕੀਟ ਹੁੰਦੀ ਸੀ। ਅਸੀਂ ਸੌਂ-ਪ੍ਰਤੀਸ਼ਤ ਇਮਾਨਦਾਰੀ ਨਾਲ਼ ਜਿੰਨੀ ਸੇਲ ਹੋਣੀ, ਆ ਕੇ ਦੇ ਦਿੰਦੇ ਸੀ। ਮੈਂ, ਘਰ ਭਾਪਾ ਜੀ ਨੂੰ ਚਿੱਠੀ ਵਿੱਚ ਲਿਖ ਦਿੱਤਾ ਕਿ 'ਇਸ ਤਰ੍ਹਾਂ ਚਾਚਾ ਜੀ ਨਾਲ਼ ਹੀ ਮਾਰਕੀਟਾਂ ਦਾ ਕੰਮ ਕਰਨ ਲੱਗ ਗਿਆ ਹਾਂ, ਇੱਕ ਮੁੰਡਾ ਹੋਰ ਨਾਲ਼ ਹੁੰਦਾ ਹੈ।' ਭਾਪਾ ਜੀ ਦਾ ਜਵਾਬ ਸੀ 'ਆਪਣਾ ਹਿਸਾਬ ਨਾਲੋ-ਨਾਲ਼ ਕਰੀ ਜਾਇਓ, ਚੰਗਾ ਹੁੰਦਾ ਹੈ।'

ਮਈ ਦਾ ਤਾਂ ਅੱਧਾ ਮਹੀਨਾ ਹੀ ਸੀ ਮਕਾਨ ਦਾ ਕਿਰਾਇਆ ਅਤੇ ਰੋਟੀ ਦਾ ਖ਼ਰਚਾ ਸਾਨੂੰ ਮਿਲ਼ ਗਿਆ। ਜੂਨ ਦਾ ਮਹੀਨਾ ਪੂਰਾ ਲੰਘਣ ਤੋਂ ਬਾਅਦ ਜਦੋਂ ਅਸੀਂ ਤਨਖ਼ਾਹ ਮੰਗੀ ਤਾਂ ਚਾਚਾ ਕਹਿੰਦਾ- "ਅਗਲੇ ਮਹੀਨੇ ਇਕੱਠੇ ਦੇਵਾਂਗਾ, ਕਿਰਾਇਆ ਤੇ ਰੋਟੀ ਖ਼ਰਚ ਲੈ ਲਓ।" ਕਹਿੰਦੇ-"ਮੈਂ ਤੁਹਾਡੇ ਵਰਕ-ਪਰਮਿਟ ਅਪਲਾਈ ਕਰਨ ਦੀ ਕਿਸੇ ਨਾਲ਼ ਗੱਲ

ਕੀਤੀ ਹੈ, ਉਸ 'ਤੇ ਵੀ ਖ਼ਰਚ ਹੋਣੈ..।"

ਅਸੀਂ ਬੜੇ ਅੰਦਰੋਂ ਖ਼ੁਸ਼ ਸਾਂ ਕਿ ਸਾਡੇ ਵਰਕ-ਪਰਮਿਟ ਵੀ ਬਣ ਜਾਣੇ ਹਨ।

ਹੁਣ ਬਾਹਰ ਮਾਰਕੀਟਾਂ ਵਿੱਚ ਵੀ ਵਾਕਫ਼ੀਅਤ ਵੱਧ ਗਈ ਸੀ। ਚਾਚਾ ਜੀ ਨੂੰ ਸਾਰੇ ਪੁਰਾਣੇ ਬੰਦੇ ਜਾਣਦੇ ਹੀ ਸਨ। ਸਭ ਨੂੰ ਪਤਾ ਲੱਗ ਗਿਆ ਸੀ ਕਿ ਇਹ ਗੁਰਵਿੰਦਰ ਸਿੰਘ ਦਾ ਸਟੈੱਡ ਹੈ, ਉਸ ਦਾ ਭਤੀਜਾ ਅਤੇ ਸ਼ੇਰਾ ਉਸ ਕੋਲ਼ ਕੰਮ ਕਰਦੇ ਹਨ।

ਮੈਨੂੰ ਇੱਕ ਵਾਰੀ ਸ਼ੇਰਾ ਕਹਿੰਦਾ- "ਯਾਰ! ਹਰਪ੍ਰੀਤ ਜਦੋਂ ਤੂੰ ਸਟੈੱਡ ਤੋਂ ਕਿਤੇ ਟਾਇਲਟ ਵਗੈਰਾ ਜਾਂ ਚਾਹ-ਪਾਣੀ ਪੀਣ ਗਿਆ ਹੁੰਦਾ ਤਾਂ ਲੋਕ ਮੈਨੂੰ ਇੱਕ ਗੱਲ ਬੜੀ ਕਹਿ ਕੇ ਜਾਂਦੇ ਨੇ ਕਿ ਕਾਕਾ ਕੰਮ ਤਾਂ ਤੁਸੀਂ ਵਧੀਆ ਕਰਦੇ ਪਏ ਹੋ ਪਰ ਤਨਖ਼ਾਹ ਨਾਲੋ-ਨਾਲ਼ ਲਈ ਜਾਇਓ...।"

ਮੈਂ ਕਿਹਾ- "ਚਾਚਾ ਜੀ ਨੇ ਕਿਹਾ ਹੋਇਆ ਲੋਕਾਂ ਦੀਆਂ ਗੱਲਾਂ 'ਚ ਨਹੀਂ ਆਉਣਾ, ਆਪਣੇ ਕੰਮ 'ਚ ਧਿਆਨ ਰੱਖਣਾ..।" ਨਾਲ਼ੇ ਮੈਂ ਕਿਹਾ- "ਯਾਰ ਸਾਡੇ ਪਿੰਡ ਦਾ ਬੰਦਾ, ਸ਼ਰੀਕਾ ਭਾਈਚਾਰਾ, ਚਾਚਾ ਲੱਗਦਾ ਸ਼ਰੀਕੇ 'ਚੋਂ, ਆਪਾ ਯਕੀਨ ਰੱਖੀਏ...।" ਕਹਿੰਦਾ- "ਠੀਕ ਆ।"

ਇੱਕ ਵਾਰੀ ਇੱਕ 'ਮੱਲ੍ਹੀ-ਮੱਲ੍ਹੀ' ਬੰਦਾ ਸੀ ਪਿੰਡ ਕਾਲ਼ਾ ਬੱਕਰਾ ਜਲੰਧਰ ਜ਼ਿਲ੍ਹੇ ਤੋਂ, ਉਹ ਸਾਨੂੰ ਮਿਲ਼ ਪਿਆ ਉਹ ਟੈਕਸੀ ਚਲਾਉਂਦਾ ਸੀ। ਉਹ ਕਹਿੰਦਾ- "ਹੋਰ ਮੁੰਡਿਓ ਕਿੱਦਾਂ?" ਅਸੀਂ ਕਿਹਾ- "ਠੀਕ ਆ ਭਾਅਜੀ..।" ਕਹਿੰਦਾ- "ਕੀ ਡੀਲ ਹੋਈ ਆ ਚਾਚੇ ਨਾਲ਼ ਫਿਰ..?" ਅਸੀਂ ਕਿਹਾ- "ਓਹ ਕਹਿੰਦੇ ਨੇ ਲੋਕਾਂ ਨਾਲ਼ੋਂ ਥੋੜੀ ਵੱਧ ਤਨਖ਼ਾਹ ਦੇਵਾਂਗਾ ਅਤੇ ਵਰਕ-ਪਰਮਿਟ ਵੀ ਬਣਵਾ ਦੇਵਾਂਗਾ...।" ਉਸ ਨੇ ਸਾਨੂੰ ਨਵੀਂ ਹੀ ਗੱਲ ਦੱਸੀ। ਕਹਿੰਦਾ- "ਵਰਕ-ਪਰਮਿਟ ਤਾਂ 1990 ਵਿੱਚ ਖੁੱਲ੍ਹ ਕੇ ਓਦੋਂ ਹੀ ਬੰਦ ਹੋ ਗਏ ਸਨ, ਜੀਹਦਾ ਬਣ ਗਿਆ ਬਣ ਗਿਆ, ਹੁਣ ਤਾਂ ਵਰਕ-ਪਰਮਿਟਾਂ 'ਤੇ ਲਾਲ ਲਕੀਰ ਆ, ਇਹ ਉਸ ਨੇ ਤੁਹਾਨੂੰ ਝੂਠਾ ਲਾਰਾ ਹੀ ਲਾਇਆ ਲੱਗਦੈ, ਨਾਲ਼ੇ ਤਨਖ਼ਾਹ ਮਹੀਨੇ ਦੀ ਮਹੀਨੇ ਲਈ ਜਾਇਓ, ਮਾਲਕ ਲਈ ਵੀ ਵਧੀਆ ਰਹਿੰਦਾ ਤੇ ਆਪਣੇ ਲਈ ਵੀ....।"

ਇੰਨੀ ਗੱਲ ਕਰ ਕੇ ਉਹ ਚਲਾ ਗਿਆ। ਅਸੀਂ ਵੀ ਉਸ ਦੀ ਗੱਲ ਸੁਣ ਕੇ ਹੈਰਾਨ ਹੋਏ ਤੇ ਸੋਚੀਂ ਪੈ ਗਏ।

ਹੁਣ ਜੁਲਾਈ ਵੀ ਲੰਘ ਗਈ, ਅਗਸਤ ਆ ਗਿਆ। ਘਰੋਂ ਚਿੱਠੀ ਆ ਗਈ ਭਾਪਾ ਜੀ ਕਹਿੰਦੇ- 'ਥੋੜੇ ਪੈਸੇ ਭੇਜ, ਮੇਰੀ ਸਿਹਤ ਠੀਕ ਨਹੀਂ ਰਹਿੰਦੀ, ਹੁਣ ਦਵਾਈ 'ਤੇ ਕਾਫ਼ੀ ਪੈਸੇ ਲੱਗਦੇ ਨੇ, ਜ਼ਮੀਨ ਦੇ ਠੇਕੇ ਨਾਲ਼ ਪੂਰਾ ਨਹੀਂ ਪੈਂਦਾ।'

ਮੈਂ ਉਹ ਚਿੱਠੀ ਲੈ ਕੇ ਚਾਚਾ ਜੀ ਕੋਲ਼ ਗਿਆ ਤੇ ਕਹਿੰਦੇ- "ਮੈਂ ਦਸੰਬਰ ਵਿੱਚ ਇੰਡੀਆ ਜਾਣਾ ਓਦੋਂ ਨੂੰ ਤੁਹਾਡੇ ਦੋਹਾਂ ਦੇ ਘਰ ਪੈਸੇ ਦੇ ਆਵਾਂਗਾ।" ਅਸੀਂ ਕਿਹਾ-

"ਵਰਕ-ਪਰਮਿਟ...?" ਕਹਿੰਦੇ- "ਉਹ ਤੁਹਾਡੇ ਪਾਸਪੋਰਟ ਕਿਸੇ ਨੂੰ ਦਿੱਤੇ ਹੋਏ ਆ...।" ਮੈਂ ਕਿਹਾ- "ਵਰਕ ਪਰਮਿਟ ਤਾਂ ਬਣਦੇ ਹੀ ਨਹੀਂ, ਉਹ ਤਾਂ 1990 ਵਿੱਚ ਹੀ ਇੱਕ ਵਾਰੀ ਖੁੱਲ੍ਹੇ ਸੀ..!" ਚਾਚਾ ਜੀ ਕਹਿੰਦੇ- "ਤੁਹਾਨੂੰ ਕੌਣ ਕਹਿੰਦਾ...?" ਅਸੀਂ ਕਿਹਾ- "ਕੋਈ ਵੀ ਕਹਿੰਦਾ ਹੋਵੇ, ਨਾਲ਼ੇ ਮੇਰਾ ਵੀਜ਼ਾ ਅਕਤੂਬਰ ਅਖ਼ੀਰ ਵਿੱਚ ਮੁੱਕ ਜਾਣੈ, ਉਹ ਵੀ ਲਗਵਾ ਕੇ ਦਿਓ, ਤੁਹਾਡੀ ਇੰਨੀ ਵਾਕਫ਼ੀਅਤ ਹੈ..।" ਕਹਿੰਦੇ- "ਤੁਹਾਡੇ ਪਾਸਪੋਰਟ ਦਿੱਲੀ ਵਾਲ਼ੇ ਘੁੱਗੀ ਕੋਲ਼ ਹਨ, ਉਹ ਮੇਰੇ ਵਾਲ਼ੇ ਪੁਰਾਣੇ ਮਕਾਨ ਵਿੱਚ ਰਹਿੰਦਾ, ਜਿੱਥੇ ਤੂੰ ਪਹਿਲੀ ਵਾਰ ਆਇਆ ਸੀ.....।"

ਓਥੇ ਪਿੰਡ ਵਿੱਚ ਮੈਂ ਅਤੇ ਸ਼ੇਰਾ ਜਾ ਕੇ ਘੁੱਗੀ ਕੋਲ਼ੋਂ ਪਾਸਪੋਰਟ ਲੈ ਆਏ।

ਸਤੰਬਰ ਵਿੱਚ ਅਸੀਂ ਫਿਰ ਤਨਖ਼ਾਹ ਮੰਗੀ, ਪਰ ਫਿਰ ਜਵਾਬ ਮਿਲ਼ ਗਿਆ। ਅਸੀਂ ਚਾਬੀਆਂ ਮੂਹਰੇ ਸੁੱਟ ਦਿੱਤੀਆਂ ਗੱਡੀ ਦੀਆਂ, ਚਾਚਾ ਉੱਚੀ-ਉੱਚੀ ਰੌਲ਼ਾ ਪਾਉਣ ਲੱਗ ਗਿਆ- "ਮੈਂ ਅੱਗ ਲਾ ਦੇਣੀ ਗੱਡੀ ਨੂੰ, ਮੈਂ ਤੁਹਾਡੇ ਕਰਕੇ ਕੰਮ ਸ਼ੁਰੂ ਕੀਤਾ...।" ਯੇਹ....ਵੋਹ...।

ਅਸੀਂ ਡਰ ਗਏ, ਫਿਰ ਚਾਬੀਆਂ ਲੈ ਲਈਆਂ। ਵੀਜ਼ਾ ਵਧਾਉਣ ਲਈ ਲਾਰੇ ਲਾਈ ਜਾਵੇ। ਅਸੀਂ ਸੋਚਿਆ ਕੰਮ ਖ਼ਰਾਬ ਹੀ ਲੱਗਦਾ। ਜੇ ਵੀਜ਼ਾ ਅੱਗੇ ਨਾ ਵਧਿਆ ਤਾਂ ਫਿਰ ਪੱਕਾ ਰੁਕ ਜਾਣਾ। ਮੈਂ ਸ਼ੇਰੇ ਨੂੰ ਕਿਹਾ ਯਾਰ ਤੂੰ ਹੀ ਕਰ ਕੁਝ।

ਸ਼ੇਰੇ ਨੇ ਇੱਕ ਗੁਰਭੇਜ ਸਿੰਘ ਨਾਂ ਦੇ ਆਪਣੇ ਦੋਸਤ ਨਾਲ਼ ਗੱਲ ਕਰ ਕੇ, ਉਸ ਦਾ ਪੇਪਰਾਂ ਦਾ ਕੰਮ ਮੇਰੇ ਨਾਂ ਕਰਾ ਕੇ, ਮੇਰਾ ਇੱਕ ਸਾਲ ਦਾ ਵੀਜ਼ਾ ਲਵਾ ਦਿੱਤਾ। ਮੈਂ ਪਾਸਪੋਰਟ ਫਿਰ ਚਾਚਾ ਜੀ ਕੇ ਘਰ ਹੀ ਰੱਖ ਦਿੱਤਾ।

ਮੈਨੂੰ ਦਿਮਾਗ 'ਤੇ ਕਾਫ਼ੀ ਟੈਨਸ਼ਨ ਰਹਿਣ ਲੱਗ ਗਈ। ਇੱਕ ਓਧਰ ਭਾਪਾ ਜੀ ਬਿਮਾਰ ਸਨ, ਦੂਜਾ ਵਿਆਹ ਤੋਂ ਬਾਅਦ ਡੇਢ ਸਾਲ ਹੀ ਰਿਹਾ ਸੀ ਘਰ, ਬਾਲ-ਬੱਚਾ ਵੀ ਕੋਈ ਨਹੀਂ ਸੀ ਹਾਲੇ। ਇੱਧਰ ਤਨਖ਼ਾਹ ਵੀ ਕੋਈ ਨਹੀਂ ਮਿਲ਼ਦੀ ਸੀ। ਇਸੇ ਫਿਕਰ ਵਿੱਚ ਦੋ ਕੁ ਵਾਰੀ ਗੱਡੀ ਵੀ ਸ਼ਹਿਰ ਵਿੱਚ ਵੱਜ ਗਈ ਮੇਰੇ ਕੋਲ਼ੋਂ। ਓਦੋਂ ਵੀ ਚਾਚਾ ਜੀ ਕਾਫ਼ੀ ਗ਼ੁੱਸੇ ਹੋਏ।

ਅਸੀਂ ਹੁਣ ਫਸ ਚੁੱਕੇ ਸੀ, ਚਾਰ-ਪੰਜ ਮਹੀਨੇ ਦੀ ਤਨਖ਼ਾਹ ਬੱਲੇ ਸੀ। ਇਸ ਵਾਰ ਹੁਣ ਸ਼ੇਰੇ ਦਾ ਵੀਜ਼ਾ ਮੁੱਕਣ ਵਾਲ਼ਾ ਹੋ ਗਿਆ।

ਸ਼ੇਰਾ ਕਹਿੰਦਾ- "ਹੁਣ ਮੇਰੇ ਵੀਜ਼ੇ ਦਾ ਕੀ ਕਰੀਏ?" ਮੈਂ ਕਿਹਾ- "ਤੂੰ ਆਪ ਚਾਚਾ ਜੀ ਨੂੰ ਫ਼ੋਨ ਕਰ ਕੇ ਗੱਲ ਕਰ।" ਸ਼ੇਰੇ ਨੇ ਫ਼ੋਨ ਕੀਤਾ। ਸ਼ੇਰਾ ਉਹਨਾਂ ਨੂੰ 'ਭਾਅਜੀ' ਕਹਿੰਦਾ ਸੀ ਕਿਉਂਕਿ ਚਾਚੀ ਜੀ ਸ਼ੇਰੇ ਦੇ ਪਿੰਡਾਂ ਦੀ ਸੀ।

ਸ਼ੇਰਾ ਕਹਿੰਦਾ- "ਭਾਅਜੀ ਮੇਰਾ ਵੀਜ਼ਾ ਮੁੱਕ ਚੱਲਾ, ਕਿਸੇ ਨਾਲ਼ ਗੱਲ ਕਰ ਕੇ ਮੇਰਾ

ਵੀਜ਼ਾ ਵਧਾਓ..।" ਚਾਚਾ ਕਹਿੰਦਾ- "ਹਾਲੇ ਤਾਂ ਹਰਪ੍ਰੀਤ ਦਾ ਕੁਝ ਸੋਚਣਾ। ਸ਼ੇਰਾ ਕਹਿੰਦਾ ਉਹਦਾ ਤੁਹਾਨੂੰ ਪਤਾ ਸੀ ਅਕਤੂਬਰ ਆਖ਼ੀਰ ਤਕ ਵੀਜ਼ਾ ਸੀ, ਹੁਣ ਨਵੰਬਰ ਵੀ ਅੱਧਾ ਲੰਘ ਚੱਲਿਆ, ਉਹਦਾ ਹੁਣ ਕਦੋਂ ਸੋਚਣਾ, ਨਾਲੇ ਉਹਦਾ ਸਾਲ ਦਾ ਵੀਜ਼ਾ ਲੱਗ ਗਿਆ ਹੋਇਆ...।"

ਬੱਸ ਸ਼ੇਰੇ ਦੇ ਇੰਨੀ ਗੱਲ ਕਹਿਣ ਦੀ ਦੇਰ ਸੀ, ਚਾਚਾ ਤਾਂ ਅੱਗ-ਬਬੂਕਾ ਹੋ ਗਿਆ- "ਉਹਦਾ ਕਿੱਦਾਂ ਲੱਗ ਗਿਆ ਵੀਜ਼ਾ, ਕੀਹਨੇ ਲਵਾਇਆ ਉਹਦਾ ਵੀਜ਼ਾ...?"

ਸ਼ੇਰਾ ਕਹਿੰਦਾ- "ਭਾਅਜੀ ਗੁੱਸੇ ਹੋਣ ਦੀ ਲੋੜ ਨਹੀਂ ਜੀ, ਉਸ ਦਾ ਪਾਸਪੋਰਟ ਤੁਹਾਡੇ ਘਰ ਹੀ ਪਿਆ ਵੇਖ ਲਵੋ...।"

ਕਹਿੰਦਾ- "ਘਰ ਨੂੰ ਆ ਜਾਓ, ਨਾਲੇ ਰੋਟੀ-ਪਾਣੀ ਖਾਂਦੇ ਆ, ਨਾਲੇ ਗੱਲ ਕਰਦੇ ਆਂ ਤੇਰੇ ਵੀਜ਼ੇ ਦੀ ਵੀ ਕਿਸੇ ਨਾਲ।"

ਅਸੀਂ ਚਲੇ ਗਏ। ਬਾਹਰ ਜੁੱਤੀਆਂ ਲਾਹ ਕੇ ਅੰਦਰ ਚਲੇ ਗਏ। ਚਾਚਾ ਸੋਫ਼ੇ 'ਤੇ ਬੈਠਾ ਸੀ ਤੇ ਕਹਿੰਦੇ- "ਹਾ...ਹਾ...ਹਾ...ਹਾ ਛੁਪੇ ਰੁਸਤਮ, ਛੁਪੇ ਰੁਸਤਮ।"

ਮੈਂ ਕਿਹਾ- "ਜੀ ਗੁੱਸਾ ਨਾ ਕਰਿਓ, ਮੈਂ ਤੇਈ ਸਾਲ ਦੀ ਉਮਰ ਤਕ ਬਹੁਤ ਕੁਝ ਵੇਖ ਲਿਆ ਹੁਣ ਮੈਂ ਚੌਵੀ ਸਾਲ ਦਾ। ਸਕੂਲ, ਕਾਲਜ, ਖਾੜਕੂ ਲਹਿਰ, ਥਾਣੇ, ਜੇਲ੍ਹ, ਯੂਰਪ ਦੇ ਬਾਰਡਰ ਟੱਪ ਲਏ। ਸੁੱਖ ਨਾਲ ਵਿਆਹ ਵੀ ਹੋ ਗਿਆ। ਬਥੇਰੇ ਧੱਕੇ ਖਾ ਲਏ। ਬੱਸ ਇੱਕ ਚੋਰੀ-ਚਕਾਰੀ ਅਤੇ ਇੱਕ ਝੂਠ-ਝਾਠ ਨਹੀਂ ਸਾਡੇ ਕੋਲੋਂ ਬੋਲਿਆ ਜਾਂਦਾ, ਤੇ ਨਾ ਬੋਲਣ ਵਾਲ਼ਾ ਬਰਦਾਸ਼ਤ ਹੁੰਦੈ...।"

ਸ਼ੇਰੇ ਨੇ ਮੇਰਾ ਪੈਰ ਦੱਬ ਦਿੱਤਾ ਕਿ ਬੱਸ ਕਰ। ਚਲੋ ਮਹੌਲ ਸ਼ਾਂਤ ਹੋਇਆ। ਸ਼ੇਰਾ ਕਹਿੰਦਾ- "ਭਾਅਜੀ! ਹਰਦੇਵ ਸਿੰਘ ਹੋਰਾਂ ਨਾਲ਼ ਗੱਲ ਕਰ ਕੇ ਮੇਰਾ ਵੀਜ਼ਾ ਵਧਾਓ...।"

ਫਿਰ ਉਹਨਾਂ ਨੇ ਭਾਊ ਹੋਰਾਂ ਨਾਲ਼ ਗੱਲ ਕਰ ਕੇ ਸ਼ੇਰੇ ਦਾ ਵੀਜ਼ਾ ਵਧਵਾ ਦਿੱਤਾ। ਜਦੋਂ ਚਾਚਾ ਜੀ ਹੁਰਾਂ ਨੇ ਵਿਆਨਾ ਵਾਲ਼ਾ ਮਕਾਨ ਲਿਆ ਸੀ ਤਾਂ ਸ਼ੇਰੇ ਕੋਲੋਂ 10,000 ਸ਼ਲਿੰਗ ਉਧਾਰਾ ਲਿਆ ਹੋਇਆ ਸੀ ਕਿਉਂਕਿ ਪਹਿਲਾਂ ਸ਼ੇਰਾ ਘਰਾਂ 'ਚ ਮਸ਼ਹੂਰੀ ਵਾਲ਼ੇ ਪੇਪਰ ਵੀ ਪਾਉਂਦਾ ਸੀ, ਨਾਲੇ ਵੀਕ-ਐਂਡ 'ਤੇ ਕਿਸੇ ਨਾਲ਼ ਅਖ਼ਬਾਰਾਂ ਟੰਗਣ ਦਾ ਵੀ ਕੰਮ ਕਰਦਾ ਸੀ, ਪੈਸੇ ਸੋਹਣੇ ਬਣਦੇ ਸਨ। ਬਾਅਦ ਵਿੱਚ ਮਸ਼ਹੂਰੀ ਵਾਲ਼ੇ ਪੇਪਰਾਂ ਵਾਲ਼ੇ ਕੰਮ ਤੋਂ ਸ਼ੇਰੇ ਨੂੰ ਕਿਸੇ ਘਰ ਵਿੱਚ ਪੇਪਰ ਨਾ ਪਾਉਣ ਕਰਕੇ ਕੱਢ ਦਿੱਤਾ ਗਿਆ ਸੀ।

ਇੱਕ ਵਾਰੀ ਸ਼ੇਰਾ ਕਹਿੰਦਾ- "ਭਾਅਜੀ! ਜਿਹੜੇ ਉਧਾਰ ਲਏ ਪੈਸੇ, ਉਹ ਤਾਂ ਦੇ ਦਿਓ, ਮੈਂ ਘਰ ਭੇਜਣੇ ਹਨ...।" ਤਾਂ ਚਾਚਾ ਕਹਿੰਦਾ- 9000 ਸ਼ਲਿੰਗ ਹੀ ਸੀ ਨਾ ਤੇਰਾ?"

ਸ਼ੇਰੇ ਦਾ ਹਾਸਾ ਨਿਕਲ ਗਿਆ, ਕਹਿੰਦਾ- "ਲੋਕਾਂ ਦੇ ਪੈਸੇ ਵਿਆਜ਼ ਪੈ ਕੇ ਵਧਦੇ

ਹੁੰਦੇ, ਮੇਰਾ ਹਜ਼ਾਰ ਸ਼ਲਿੰਗ ਘਟ ਗਿਆ...।" ਤਾਂ ਕਹਿੰਦੇ- "ਮਿਲ ਜਾਣਗੇ ਛੇਤੀ...।"

(ਇੱਕ ਸ਼ਲਿੰਗ ਦੀ ਕੀਮਤ ਓਦੋਂ ਇੰਡੀਆ ਵਿੱਚ ਤਿੰਨ ਰੁਪਏ ਸੀ)

ਫਿਰ ਕੁਝ ਸਮੇਂ ਬਾਅਦ ਉਹਨਾਂ ਉਧਾਰੇ ਪੈਸੇ ਸ਼ੇਰੇ ਨੂੰ ਮੋੜ ਦਿੱਤੇ ਸਨ।

ਦਸੰਬਰ ਦਾ ਮਹੀਨਾ ਆ ਗਿਆ। ਸਾਲ ਦੀਆਂ ਦੋ ਆਖ਼ਰੀ ਮਾਰਕੀਟਾਂ ਦੇ ਦਿਨ ਇੱਕ ਪਿੰਡ ਵਿੱਚ ਅਤੇ ਦੋ ਦਿਨ ਇੱਕ ਪਿੰਡ ਵਿੱਚ ਸਨ। ਯਾਨੀ ਚਾਰ ਦਿਨ ਲਗਾਤਾਰ ਸਵਿਟਜ਼ਰਲੈਂਡ ਦੇ ਬਾਰਡਰ ਕੋਲ। ਤਿੰਨ ਰਾਤਾਂ ਅਤੇ ਚਾਰੇ ਦਿਨ ਓਧਰ ਹੀ ਰਹਿਣਾ ਸੀ। ਉਹ ਚਾਰੇ ਦਿਨ ਲਾਏ। ਚਾਰੇ ਦਿਨਾਂ ਦਾ ਸਾਰੇ ਖ਼ਰਚੇ ਕੱਢ ਕੇ 35000 ਸ਼ਲਿੰਗ ਬਣਿਆ, ਚੰਗੀ ਸੇਲ ਹੋਈ। ਵਾਪਸ ਵਿਆਨਾ ਨੂੰ ਆ ਰਹੇ ਸਾਂ।

ਸ਼ੇਰਾ ਕਹਿੰਦਾ- "ਹਰਪ੍ਰੀਤ ਇਹ ਪੈਸੇ ਆਪਾਂ ਰੱਖ ਲਈਏ ਅਤੇ ਤੇਰੇ ਚਾਚੇ ਨੂੰ ਕਹੀਏ ਕਿ ਸਾਡਾ ਹਿਸਾਬ ਕਰੋ, ਜੇ ਨਹੀਂ ਕੁਝ ਦੇਣਗੇ ਤਾਂ ਇਹ ਪੈਸੇ ਤਾਂ ਆਪਾਂ ਕੋਲ ਹੋਣਗੇ।"

ਮੈਂ ਕਿਹਾ- "ਗੱਲ ਤਾਂ ਤੇਰੀ ਵੀ ਠੀਕ ਆ, ਪਰ ਤੈਨੂੰ ਆਹ ਹੀ ਪਤੈ ਕਿ ਉਹ ਤਾਂ ਪਹਿਲਾਂ ਹੀ ਆਪਣੇ 'ਤੇ ਸ਼ੱਕ ਕਰਦੇ ਨੇ।"

ਇੱਕ ਵਾਰੀ ਚਾਚੇ ਨੇ ਸਾਨੂੰ ਕਾਪੀ-ਪੈੱਨ ਦੇ ਦਿੱਤਾ ਸੀ ਕਿ ਸੇਲ ਲਿਖਿਆ ਕਰੋ ਤਾਂ ਆਪਾਂ ਜਵਾਬ ਦੇ ਦਿੱਤਾ ਸੀ ਕਿ "ਜੇ ਯਕੀਨ ਹੈ ਤਾਂ ਕੰਮ ਕਰਾ ਲਓ ਨਹੀਂ ਤਾਂ ਕਿਸੇ ਹੋਰ ਤੋਂ ਕਰਾ ਲਓ, ਅਸੀਂ ਸੇਲ ਕਰਾਂਗੇ ਜਾਂ ਲਿਖਾਂਗੇ...।"

ਕਈ ਮਾਰਕੀਟਾਂ ਵਿੱਚ ਘੰਟਾ ਦੋ ਘੰਟੇ ਹੀ ਗਾਹਕ ਪੈਂਦਾ ਸੀ ਤੇ ਉਸ ਸਮੇਂ ਸੇਲ ਲਿਖਣੀ ਮੁਸ਼ਕਿਲ ਸੀ। ਫਿਰ ਖ਼ਿਆਲ ਰੱਖਣ ਲਈ ਸਾਡੇ ਨਾਲ਼ ਵਾਰੀ-ਵਾਰੀ ਚਾਚੀ ਜੀ ਦੇ ਰਿਸ਼ਤੇਦਾਰ ਗੁਰਵਿੰਦਰ ਤੇ ਲੱਖੀ ਨੂੰ ਭੇਜਦੇ ਰਹੇ, ਉਹਨਾਂ ਨੇ ਵੀ ਰਿਪੋਰਟ ਦੇ ਦਿੱਤੀ ਸੀ ਕਿ ਹਰਪ੍ਰੀਤ ਤੇ ਸ਼ੇਰਾ ਕੰਮ ਠੀਕ ਕਰਦੇ ਹਨ।

ਮੈਂ ਸ਼ੇਰੇ ਨੂੰ ਕਿਹਾ- "ਜੇ ਇਹ ਪੈਸੇ ਆਪਾਂ ਰੱਖ ਲਏ ਤਾਂ ਉਹਨਾਂ ਰੌਲ਼ਾ ਪਾਉਣਾ ਕਿ ਇਹ ਪਹਿਲਾਂ ਵੀ ਪੈਸੇ ਰੱਖਦੇ ਹੋਣੇ...।"

ਹੁਣ ਸਥਿਤੀ ਬਹੁਤ ਕਸੂਤੀ ਸੀ ਸਾਡੇ ਲਈ, ਜੇ ਪੈਸੇ ਨਹੀਂ ਰੱਖਦੇ ਸੀ ਤਾਂ ਕੋਲ਼ ਪੈਸਾ ਹੋਰ ਕੋਈ ਨਹੀਂ ਸੀ, ਜੇ ਰੱਖਦੇ ਸੀ ਤਾਂ ਸਾਰੀ ਉਮਰ ਲਈ ਬਦਨਾਮੀ ਹੋਣ ਵਾਲ਼ੀ ਗੱਲ ਸੀ। ਮੈਂ ਸ਼ੇਰੇ ਨੂੰ ਫ਼ੈਸਲਾ ਦੇ ਦਿੱਤਾ- "ਇਹ ਸਾਰੇ ਪੈਸੇ ਦੇ ਦੇਈਏ ਬਾਕੀ ਵਾਹਿਗੁਰੂ ਰਾਖਾ! ਇਸ ਨਾਲ਼ ਭਰਾਵਾ ਸਾਰੀ ਉਮਰ ਦੀ ਬਦਨਾਮੀ ਹੋਣ ਤੋਂ ਬਚੇ ਰਹਾਂਗੇ। ਬਾਕੀ ਤਜ਼ਰਬਾ ਆਪਣਾ ਹੋ ਗਿਆ ਹੈ ਮਾਰਕੀਟਾਂ ਲਾਉਣ ਦਾ...।"

ਚਲੋ ਜੀ, ਅਸੀਂ ਵਿਆਨਾ ਪਹੁੰਚ ਕੇ ਪੂਰਾ 35000 ਸ਼ਲਿੰਗ ਚਾਚਾ ਜੀ ਨੂੰ ਫੜਾ ਦਿੱਤਾ ਅਤੇ ਅਸੀਂ ਕਿਹਾ- "ਹੁਣ ਸਾਲ ਪੂਰਾ ਹੋ ਗਿਆ, ਨਾਲ਼ੇ ਸਾਡਾ ਵੀ ਹਿਸਾਬ ਕਰ ਦਿਓ..।"

ਚਾਚਾ ਜੀ ਕਹਿੰਦੇ- "ਕਿਹਤਾ ਹਿਸਾਬ? ਮੇਰੇ ਤਾਂ ਨਿਆਣੇ ਭੁੱਖੇ ਮਰ ਗਏ ਤੁਹਾਡੇ ਕਰਕੇ, ਮੈਂ ਤਾਂ ਕਰਜ਼ਾਈ ਹੋ ਗਿਆ...।" ਬੜਾ ਕੁਝ ਬੋਲਿਆ। ਚਾਚੀ ਜੀ ਨਿਰਲੇਪ ਰੌਂਹ ਅਤੇ ਬੱਚੇ ਖਾਮੋਸ਼ ਸਨ। ਮੈਂ ਸ਼ੇਰੇ ਦੇ ਮੂੰਹ ਵੱਲ ਵੇਖਾਂ, ਸ਼ੇਰਾ ਮੇਰੇ ਮੂੰਹ ਵੱਲ ਵੇਖੇ। ਅਸੀਂ ਚੁੱਪ ਕਰ ਕੇ ਘਰੋਂ ਬਾਹਰ ਆ ਗਏ।

ਅਸੀਂ ਬਾਅਦ ਵਿੱਚ ਫ਼ੋਨ ਕਰ ਕੇ ਚਾਚੀ ਜੀ ਨਾਲ ਗੱਲ ਕਰ ਕੇ ਦਬਾਅ ਬਣਾਇਆ, ਪਹਿਲਾਂ ਵੀ ਕੋਈ ਕੰਮ ਅਤ ਜਾਵੇ ਤਾਂ ਚਾਚੀ ਨੂੰ ਕਹਿ ਕੇ ਹੀ ਕਰਾਉਣਾ ਪੈਂਦਾ ਸੀ।

ਹੁਣ ਮੇਰਾ ਪੰਜਾਬ ਆਉਣਾ ਬਹੁਤ ਜਰੂਰੀ ਸੀ। ਮੈਂ ਇੱਕ ਟਿਕਟਾਂ ਵਾਲੇ ਤੋਂ ਇੰਡੀਆ ਦੀ ਟਿਕਟ ਦਾ ਪ੍ਰਿੰਟ ਕਢਾ ਲਿਆ ਅਤੇ ਅਸੀਂ ਫ਼ੋਨ ਕਰ ਕੇ ਘਰੇ ਚਲੇ ਗਏ। ਚਾਚੀ ਹੋਰਾਂ ਨੂੰ ਟਿਕਟ ਵਿਖਾਈ ਕਿ "ਮੈਂ ਪੰਜਾਬ ਜਾਣੈ, ਜਿਸ ਤਰ੍ਹਾਂ ਮਰਜੀ ਥੋੜੇ ਪੈਸੇ ਕਰੋ...।" ਤਾਂ ਚਾਚੀ ਕਹਿੰਦੇ- "ਦੋ-ਚਾਰ ਦਿਨ ਬਾਅਦ ਫ਼ੋਨ ਕਰ ਲਿਓ, ਮੈਂ ਗੱਲ ਕਰਦੀ ਹਾਂ...।" ਅਸੀਂ ਫਿਰ ਕੁਝ ਦਿਨਾਂ ਬਾਅਦ ਦੁਬਾਰਾ ਫ਼ੋਨ ਕੀਤਾ ਤਾਂ ਚਾਚੀ ਕਹਿੰਦੇ- "ਆ ਜਾਓ ਘਰ ਨੂੰ...।"

ਅਸੀਂ ਚਲੇ ਗਏ ਦੋਨੋ ਜਣੇ। ਪੰਜ ਸੌ ਡਾਲਰ (ਯੂ.ਐੱਸ.ਏ. ਦੇ) ਚਾਚਾ ਜੀ ਨੇ ਸ਼ੇਰੇ ਨੂੰ ਫੜਾਇਆ ਤੇ ਕਹਿੰਦੇ - "ਆਹ ਤੇਰਾ...।" ਤੇ ਪੰਜ ਸੌ ਡਾਲਰ ਮੈਨੂੰ ਫੜਾ ਕੇ ਕਹਿੰਦੇ "ਆਹ ਫੜ ਤੇਰਾ...।"

ਸ਼ੇਰਾ ਕਹਿੰਦਾ- "ਭਾਅਜੀ ਬਾਕੀ ਪੈਸੇ...?" ਕਹਿੰਦੇ- "ਇਹੀ ਹੈ ਸਭ ਕੁਝ।"

ਸ਼ੇਰੇ ਨੇ ਆਪਣੇ ਵਾਲ਼ਾ ਪੰਜ ਸੌ ਡਾਲਰ ਵੀ ਓਥੇ ਹੀ ਮੈਨੂੰ ਫੜਾ ਦਿੱਤਾ। ਕਹਿੰਦਾ- "ਤੂੰ ਪੰਜਾਬ ਜਾਣਾ ਰੱਖ ਲੈ, ਮੈਂ ਇੱਥੇ ਆਪੇ ਕਿਸੇ ਤਰ੍ਹਾਂ ਸਾਰਾਂਗਾ। ਅਸੀਂ ਬਿਨਾਂ ਕੁਝ ਖਾਧੇ-ਪੀਤੇ ਬਾਹਰ ਆ ਗਏ। ਸਾਢੇ-ਛੇ ਮਹੀਨੇ ਦੀ ਤਨਖ਼ਾਹ ਪੰਜ ਸੌ ਡਾਲਰ; ਅੱਧੀ ਮਈ ਅਤੇ ਬਾਕੀ ਛੇ ਮਹੀਨੇ। ਹੁਣ ਪਤਾ ਲੱਗਾ ਕਿ 'ਪ੍ਰਦੇਸ' ਕੀਹਨੂੰ ਕਹਿੰਦੇ ਨੇ। ਰਿਸ਼ਤੇਦਾਰ ਬਾਹਰ ਆ ਕੇ ਕੀ ਹੁੰਦੇ ਨੇ, ਤਾਂ ਬਿਗਾਨੇ ਕੀ ਹੁੰਦੇ ਨੇ।

ਸਵਿਟਜ਼ਰਲੈਂਡ ਦੇ ਬਾਰਡਰ 'ਤੇ 'ਫ਼ੈਲਡਕਿਰਖ' ਪਿੰਡ ਵਿੱਚ; ਅਸੀਂ ਅਖ਼ਰੀਲੇ ਦਿਨ ਮਾਰਕੀਟ ਲਾਈ ਸੀ ਤਾਂ ਉਸ ਦਿਨ ਸਾਡੇ ਨਾਲ ਇੱਕ ਘਟਨਾ ਵਾਪਰੀ। ਸਾਡਾ ਪੂਰਾ ਗਰੁੱਪ ਸੀ, ਭਾਅ ਸੁਖਦੀਪ ਸਿੰਘ ਦੀਪਾ ਪਿੰਡ ਮਾਣਕ ਰਾਏ ਜ਼ਿਲ੍ਹਾ ਜਲੰਧਰ, ਭਾਅ ਸੁਲੱਖਣ ਸਿੰਘ ਨਿੱਝਰ ਪਿੰਡ ਨਿੱਝਰਾਂ ਜਲੰਧਰ, ਜਿਨ੍ਹਾਂ ਦਾ ਉਸ ਵੇਲ਼ੇ ਪੂਰੇ ਟੈਪ 'ਤੇ ਕੰਮ ਹੁੰਦਾ ਸੀ ਅਤੇ ਕੁਝ ਹੋਰ ਸੱਜਣ ਸਨ। ਸਵੇਰ ਦੀ ਚਾਹ-ਨਾਸ਼ਤਾ ਸਾਰੇ ਇਕੱਠੇ ਕਰਨ ਜਾਂਦੇ ਸਨ ਮਾਰਕੀਟ ਵਿੱਚ।

ਅਖ਼ਰੀਲੇ ਦਿਨ ਇਹ ਸਾਰੇ ਜਾਣੇ ਸਾਡੇ ਸਟੈਂਡ ਦੇ ਅਗਿਉਂ ਦੀ ਲੰਘ ਗਏ। ਮੈਂ ਅਤੇ ਸ਼ੇਰਾ ਛੱਤਰੀਆਂ ਲਾ ਰਹੇ ਸੀ। ਅਸੀਂ ਸੋਚਿਆ ਅੱਜ ਭਾਅ ਦੀਪੇ ਹੁਰਾਂ ਨੇ ਸਾਨੂੰ ਸੁਲ੍ਹਾ ਵੀ

ਨਹੀਂ ਮਾਰੀ ਚਾਹ ਪੀਣ ਦੀ। ਥੋੜੇ ਸਮੇਂ ਬਾਅਦ ਹੀ ਦੀਪੇ ਭਾਅ ਹੁਰੀਂ ਚਾਹ ਪੀ ਕੇ ਵਾਪਸ ਆ ਗਏ, ਮੈਂ ਕਿਹਾ- "ਭਾਅ! ਅੱਜ ਤੁਸੀਂ ਸਾਨੂੰ ਚਾਹ ਦੀ ਸੁੱਲ੍ਹਾ ਹੀ ਨਹੀਂ ਮਾਰੀ...!"

ਭਾਅ ਦੀਪ ਕਹਿੰਦਾ- "ਹੁਣ ਜਦੋਂ ਤੁਸੀਂ ਆਪਣਾ ਕੰਮ ਕਰੋਂਗੇ, ਓਦੋਂ ਸੁਲ੍ਹਾ ਮਾਰਿਆ ਕਰਾਂਗੇ।"

ਮੈਂ ਅਤੇ ਸ਼ੇਰਾ ਇਹ ਗੱਲ ਸੁਣ ਕੇ ਸੋਚ ਰਹੇ ਸੀ ਕਿ ਭਾਅ ਨੇ ਟਿੱਚਰ ਕੀਤੀ ਲੱਗਦੀ। ਪਰ ਇਹ ਟਿੱਚਰ ਨਹੀਂ ਸੀ ਹਕੀਕਤ ਸੀ। ਭਾਅ ਦੀਪੇ ਹੋਰਾਂ ਨੂੰ ਪਤਾ ਸੀ ਕਿ ਅੱਜ ਸਾਲ ਦੀ ਆਖ਼ਰੀ ਮਾਰਕੀਟ ਹੈ। ਇਹਨਾਂ ਨੇ ਜਾ ਕੇ ਆਪਣੀ ਤਨਖ਼ਾਹ ਮੰਗਣੀ ਤੇ ਉਹ ਇਹਨਾਂ ਨੂੰ ਮਿਲਣੀ ਨਹੀਂ, ਫਿਰ ਇਹਨਾਂ ਨੇ ਗ਼ੁੱਸੇ ਵਿੱਚ ਆਪਣਾ ਕੰਮ ਸ਼ੁਰੂ ਕਰਨਾ। ਪਰ ਅਸੀਂ ਇਸ ਗੱਲ ਤੋਂ ਅਨਜਾਣ ਸਾਂ। ਅਸੀਂ ਤਾਂ ਇਹ ਸੋਚੀ ਬੈਠੇ ਸੀ ਕਿ ਅਸੀਂ ਹੁਣ ਚਾਚਾ ਜੀ ਕੋਲ ਕੰਮ ਕਰੀ ਜਾਣਾ ਹੈ। ਸਾਲ ਬਾਅਦ ਦੋ ਮਹੀਨੇ ਜਨਵਰੀ-ਫ਼ਰਵਰੀ ਪੰਜਾਬ ਲਾ ਆਇਆ ਕਰਾਂਗੇ। ਨਾਲ਼ੇ ਅਸੀਂ ਆਪਣਾ ਮਾਰਕੀਟ ਸਟੈਂਡ ਬਣਾਉਣਾ ਕਾਹਦੇ ਨਾਲ਼ ਸੀ; ਪੈਸਾ ਤਾਂ ਸਾਡੇ ਕੋਲ਼ ਹੈ ਕੋਈ ਨਹੀਂ ਸੀ।

6000 ਸ਼ਲਿੰਗ ਨਾਲ਼ ਵੀ ਹਿਸਾਬ ਲਾਈਏ ਜੋ ਮਾਰਕੀਟ ਰੇਟ ਸੀ, ਓਸ ਹਿਸਾਬ ਨਾਲ਼ ਸਾਡੀ ਸਾਢੇ ਛੇ ਮਹੀਨੇ ਦੀ ਤਨਖ਼ਾਹ, ਪ੍ਰਤੀ ਬੰਦਾ 39000 ਸ਼ਲਿੰਗ ਬਣਦੀ ਸੀ। 9000 ਸ਼ਲਿੰਗ ਦਾ ਹਜ਼ਾਰ ਡਾਲਰ ਅਮਰੀਕਨ ਬਣਦਾ ਸੀ।

ਜਨਵਰੀ (1993) ਵਿੱਚ ਇਹ ਸਾਰਾ ਕੁਝ ਵਾਪਰਿਆ। ਜੇ ਪੈਸੇ ਹੁੰਦੇ ਤਾਂ ਮੈਂ ਜਨਵਰੀ ਸ਼ੁਰੂ ਵਿੱਚ ਹੀ ਟਿਕਟ ਲੈ ਕੇ ਪੰਜਾਬ ਨੂੰ ਚਲੇ ਜਾਣਾ ਸੀ। 900 ਡਾਲਰ ਦੀ ਇੰਡੀਆ ਦੀ ਟਿਕਟ ਹੀ ਆਉਂਦੀ ਸੀ। ਢਾਈ ਸਾਲ ਬਾਅਦ ਘਰ ਜਾਣਾ ਸੀ, ਕੋਲ਼ ਵੀ ਕੁਝ ਚਾਹੀਦਾ ਸੀ।

ਖ਼ੈਰ ਕੁਝ ਖ਼ਾਸ-ਖ਼ਾਸ ਬੰਦਿਆਂ ਕੋਲ਼ ਜਾ ਕੇ ਜ਼ਿਕਰ ਕੀਤਾ। ਇੱਕ ਸੈਂਹਬੀ ਪਰਿਵਾਰ ਜਿਨ੍ਹਾਂ ਨਾਲ਼ ਚਾਚਾ ਜੀ ਦੇ ਪਰਿਵਾਰ ਦਾ ਸਭ ਤੋਂ ਜ਼ਿਆਦਾ ਪਿਆਰ ਸੀ, ਇਕੱਠੇ ਰਹਿ ਰਹੇ ਸਨ, ਪਿੱਛਿਓਂ ਜਰਮਨ ਤੋਂ ਵੀ ਇਕੱਠੇ ਵਿਚਰ ਰਹੇ ਸਨ। ਸੈਂਹਬੀ ਸਾਹਬ ਆਪ ਮਾਰਕੀਟ ਲਾਉਂਦੇ ਸਨ। ਘਰਵਾਲ਼ੀ ਅਤੇ ਉਹਨਾਂ ਦਾ ਮੁੰਡਾ ਰੌਕੀ, ਵਿਆਨਾ ਵਿੱਚ ਪੰਜਾਬੀ ਦੁਕਾਨ ਪ੍ਰਚੂਨ ਦੀ ਕਰਦੇ ਸਨ। ਉਹਨਾਂ ਨੂੰ ਆਪਣਾ ਦੁੱਖ ਦੱਸ ਕੇ 5000 ਸ਼ਲਿੰਗ ਉਧਾਰ ਲਿਆ। ਦੂਜਾ ਸਾਡੇ ਪਿੰਡ ਦੀ ਸ਼ਰੀਕੇ ਵਿੱਚੋਂ ਹੀ ਲੱਗਦੀ ਦੋਹਤੀ-ਭੈਣ ਲੱਗਦੀ ਕਮਲਜੀਤ ਕੌਰ ਜੋ ਕਿ ਪਿੰਡ ਨਸਰਾਲੇ ਤੋਂ ਸੀ, ਉਸ ਨੂੰ ਸਾਰੀ ਵਿੱਥਿਆ ਸੁਣਾਈ। ਉਹਨਾਂ ਨੇ ਅਤੇ ਉਹਨਾਂ ਦੇ ਘਰਵਾਲ਼ੇ ਭਾਅਜੀ ਤਾਰਾ ਸਿੰਘ ਨੇ ਵੀ ਬਹੁਤ ਬੁਰਾ ਮਨਾਇਆ। 5000 ਸ਼ਲਿੰਗ ਉਹਨਾਂ ਕੋਲੋਂ ਉਧਾਰਾ ਲਿਆ। ਇੱਕ ਦੋਸਤ ਜਗਤਾਰ ਸਿੰਘ ਬੰਗਾ ਕੋਲੋਂ 4000 ਸ਼ਲਿੰਗ ਉਧਾਰਾ ਲਿਆ। ਓਦੋਂ ਇਹਨਾਂ ਸਾਰੇ ਪੈਸਿਆਂ ਦਾ 1500 ਕੁ ਸੌ ਅਮਰੀਕਨ ਡਾਲਰ ਬਣਿਆ। ਹਜ਼ਾਰ ਡਾਲਰ ਦਾ ਓਦੋਂ ਸ਼ਾਇਦ ਪੌਂਤੀ ਕੁ ਹਜ਼ਾਰ ਰੁਪਿਆ ਬਣਦਾ ਸੀ।

ਇੰਨੇ ਕੁ ਪੈਸੇ ਲੈ ਕੇ 16 ਫ਼ਰਵਰੀ 1993 ਨੂੰ ਪੰਜਾਬ ਆਇਆ।

ਮੁਰਝਾਏ ਹੋਏ ਚਿਹਰੇ ਨਾਲ਼ ਘਰ ਗਿਆ। ਘਰ ਵਾਲ਼ੇ ਖੁਸ਼ੀ ਮਨਾ ਰਹੇ ਸਨ ਕਿ ਵਾਈ ਸਾਲ ਬਾਅਦ ਮੁੰਡਾ ਆਇਆ। ਭਾਪਾ ਜੀ ਫੋਤੀ-ਫੋਤੀ ਜਾ ਕੇ ਕਠਾਰ ਅੱਡੇ ਤੋਂ ਮਠਿਆਈ ਲੈ ਆਏ। ਸਾਰਾ ਪਿੰਡ ਵਧਾਈਆਂ ਦੇਣ ਅਤੇ ਮੈਨੂੰ ਮਿਲਣ ਆ ਰਿਹਾ ਸੀ। ਮੈਂ ਨਾ ਘਰ ਵਿੱਚ ਭਾਪਾ ਜੀ, ਬੀਬੀ ਜੀ, ਘਰਵਾਲ਼ੀ ਅਤੇ ਨਾ ਹੀ ਕਿਸੇ ਹੋਰ ਨੂੰ ਦੱਸਿਆ ਕਿ ਮੇਰੇ ਨਾਲ਼ ਕੀ ਭਾਣਾ ਵਾਪਰਿਆ। ਅੰਦਾਜਾ ਸਭ ਨੂੰ ਹੋ ਗਿਆ ਸੀ ਕਿ ਕੋਈ ਗੱਲ ਜ਼ਰੂਰ ਹੈ ਪਰ ਇਹ ਦੱਸਦਾ ਨਹੀਂ।

ਮੈਂ ਅਤੇ ਭਾਪਾ ਜੀ ਇੱਕ ਦਿਨ ਸ਼ੇਰੇ ਦੇ ਚਾਚੇ ਹੋਰਾਂ ਨੂੰ ਚੰਡੀਗੜ੍ਹ ਮਿਲਣ ਗਏ; ਥੋੜਾ ਸਮਾਨ ਦੇਣਾ ਸੀ। ਸ਼ੇਰੇ ਦੇ ਚਾਚੇ ਹੋਰਾਂ ਨੇ ਮੈਨੂੰ ਦੱਸਿਆ ਕਿ ਸ਼ੇਰੇ ਦੇ ਪਾਪਾ ਦੀ ਤਿੰਨ ਕੁ ਮਹੀਨੇ ਪਹਿਲਾਂ ਮੌਤ ਹੋ ਗਈ ਸੀ ਪਰ ਅਸੀਂ ਸ਼ੇਰੇ ਨੂੰ ਹਾਲੇ ਤਕ ਦੱਸਿਆ ਨਹੀਂ। ਸੁਣ ਕੇ ਮੈਂ ਵੀ ਸੁੰਨ ਹੋ ਗਿਆ। ਕੁਝ ਸਮਾਂ ਪਹਿਲਾਂ ਸ਼ੇਰੇ ਦੇ 19 ਕੁ ਸਾਲ ਦੇ ਭਰਾ ਹੈਪੀ ਨੇ ਆਤਮ ਹੱਤਿਆ ਕਰ ਲਈ ਸੀ। ਓਦੋਂ ਵੀ ਸ਼ੇਰੇ ਨੂੰ ਛੇ-ਸੱਤ ਮਹੀਨੇ ਬਾਅਦ ਦੱਸਿਆ ਸੀ ਤੇ ਸ਼ੇਰਾ ਕਾਫ਼ੀ ਚਿਰ ਰੋਂਦਾ ਰਿਹਾ ਸੀ। ਸ਼ੇਰੇ ਹੋਰੀਂ ਕੁੱਲ ਤਿੰਨ ਭਰਾ ਤੇ ਇੱਕ ਭੈਣ ਹਨ। ਭੈਣ ਸਭ ਤੋਂ ਵੱਡੀ ਸੀ ਤੇ ਹੈਪੀ ਜਿਸ ਦੀ ਮੌਤ ਹੋ ਗਈ ਸੀ, ਸਭ ਤੋਂ ਛੋਟਾ ਸੀ। ਇੱਕ ਤੀਜਾ ਭਰਾ ਤਰਸੇਮ ਸਿੰਘ ਸ਼ੇਰੇ ਤੋਂ ਛੋਟਾ ਹੈ।

ਸ਼ੇਰੇ ਦੇ ਚਾਚਾ-ਚਾਚੀ ਨੂੰ ਮੈਂ ਕਿਹਾ "ਤੁਸੀਂ ਪਿਤਾ ਜੀ ਦੀ ਮੌਤ ਬਾਰੇ ਸ਼ੇਰੇ ਨੂੰ ਦੱਸਿਆ ਕਿਉਂ ਨਹੀਂ?" ਕਹਿੰਦੇ "ਅਸੀਂ ਸੋਚਿਆ ਇਕੱਲਾ ਹੈ ਓਥੇ..।" ਮੈਂ ਕਿਹਾ- "ਚਾਚਾ ਜੀ, ਇਹੋ ਜਿਹੀ ਖ਼ਬਰ ਓਦੋਂ ਹੀ ਦੱਸੋ ਚਾਹੇ ਬਾਅਦ ਵਿੱਚ; ਦੂਰ ਬੈਠੇ ਬੰਦੇ ਨੂੰ ਦੁੱਖ ਓਨਾ ਹੀ ਲੱਗਦਾ।"

ਚਾਚਾ ਜੀ ਹੋਰਾਂ ਕੋਲ਼ੋਂ ਚਾਹ-ਪਾਣੀ ਪੀ ਕੇ ਅਸੀਂ ਰਿਕਸ਼ਾ ਫੜ ਕੇ ਬੱਸ ਅੱਡੇ 'ਤੇ ਆਏ ਅਤੇ ਐਸ.ਟੀ.ਡੀ. ਤੋਂ ਸ਼ੇਰੇ ਨੂੰ ਫ਼ੋਨ ਕਰ ਕੇ ਪਾਪਾ ਜੀ ਬਾਰੇ ਸਭ ਦੱਸ ਦਿੱਤਾ ਅਤੇ ਕਿਹਾ ਵੀਰ ਹੁਣ ਹੌਂਸਲਾ ਰੱਖੀਂ। ਮੈਂ ਚਾਚੀ ਹੋਰਾਂ ਨੂੰ ਆਸਟਰੀਆ ਵੀ ਫ਼ੋਨ ਕਰ ਕੇ ਸ਼ੇਰੇ ਦੇ ਪਾਪਾ ਬਾਰੇ ਸਭ ਦੱਸ ਦਿੱਤਾ। ਚਾਚੀ ਜੀ ਨਿਰਲੇਪ ਕੌਰ ਤੇ ਚਾਚਾ ਜੀ ਸ਼ੇਰੇ ਨੂੰ ਘਰ ਲੈ ਆਏ।

ਮੈਨੂੰ ਹਾਲੇ ਵੀ ਆਸ ਸੀ ਕਿ ਚਾਚਾ ਜੀ ਦੀ ਕੋਈ ਮਜਬੂਰੀ ਹੋਣੀ, ਜਦੋਂ ਵਾਪਸ ਗਿਆ ਤਾਂ ਸਾਡੇ ਬਣਦੇ ਪੈਸੇ ਜ਼ਰੂਰ ਦੇਣਗੇ।

ਵੀਹ ਹਜ਼ਾਰ ਦਾ ਮੈਂ ਸਕੂਟਰ ਲੈ ਲਿਆ। ਬਾਲ-ਬੱਚੇ ਲਈ ਗਿਆ ਸੀ, ਪਰ ਉਹ ਵੀ ਵਾਹਿਗੁਰੂ ਦੀ ਕਿਰਪਾ ਨਹੀਂ ਹੋਈ। ਵਾਹਿਗੁਰੂ ਦਾ ਭਾਣਾ ਮਨ ਕੇ 'ਜੀਵੇ ਆਸਾ ਮਰੇ ਨਿਰਾਸਾ' ਦੀ ਸੋਚ ਲੈ ਕੇ ਤਿੰਨ ਮਹੀਨੇ ਘਰ ਰਹਿ ਕੇ ਵਾਪਸ ਆਸਟਰੀਆ ਆ ਗਿਆ।

'ਵਿਆਨਾ' ਏਅਰਪੋਰਟ ਤੋਂ ਟਰੇਨ ਫੜ ਕੇ ਰੇਲਵੇ ਸਟੇਸ਼ਨ 'ਤੇ ਆਇਆ ਤੇ ਘਰ

ਨਹੀਂ ਮਾਰੀ ਚਾਹ ਪੀਣ ਦੀ। ਥੋੜੇ ਸਮੇਂ ਬਾਅਦ ਹੀ ਦੀਪੇ ਭਾਅ ਹੁਰੀਂ ਚਾਹ ਪੀ ਕੇ ਵਾਪਸ ਆ ਗਏ, ਮੈਂ ਕਿਹਾ- "ਭਾਅ! ਅੱਜ ਤੁਸੀਂ ਸਾਨੂੰ ਚਾਹ ਦੀ ਸੁੱਲ੍ਹਾ ਹੀ ਨਹੀਂ ਮਾਰੀ...!"

ਭਾਅ ਦੀਪ ਕਹਿੰਦਾ- "ਹੁਣ ਜਦੋਂ ਤੁਸੀਂ ਆਪਣਾ ਕੰਮ ਕਰੋਂਗੇ, ਓਦੋਂ ਸੁਲ੍ਹਾ ਮਾਰਿਆ ਕਰਾਂਗੇ।"

ਮੈਂ ਅਤੇ ਸ਼ੇਰਾ ਇਹ ਗੱਲ ਸੁਣ ਕੇ ਸੋਚ ਰਹੇ ਸੀ ਕਿ ਭਾਅ ਨੇ ਟਿੱਚਰ ਕੀਤੀ ਲੱਗਦੀ। ਪਰ ਇਹ ਟਿੱਚਰ ਨਹੀਂ ਸੀ ਹਕੀਕਤ ਸੀ। ਭਾਅ ਦੀਪੇ ਹੋਰਾਂ ਨੂੰ ਪਤਾ ਸੀ ਕਿ ਅੱਜ ਸਾਲ ਦੀ ਆਖ਼ਰੀ ਮਾਰਕੀਟ ਹੈ। ਇਹਨਾਂ ਨੇ ਜਾ ਕੇ ਆਪਣੀ ਤਨਖ਼ਾਹ ਮੰਗਣੀ ਤੇ ਉਹ ਇਹਨਾਂ ਨੂੰ ਮਿਲ਼ਣੀ ਨਹੀਂ, ਫਿਰ ਇਹਨਾਂ ਨੇ ਗੁੱਸੇ ਵਿੱਚ ਆਪਣਾ ਕੰਮ ਸ਼ੁਰੂ ਕਰਨਾ। ਪਰ ਅਸੀਂ ਇਸ ਗੱਲ ਤੋਂ ਅਨਜਾਣ ਸਾਂ। ਅਸੀਂ ਤਾਂ ਇਹ ਸੋਚੀ ਬੈਠੇ ਸੀ ਕਿ ਅਸੀਂ ਹੁਣ ਚਾਚਾ ਜੀ ਕੋਲ਼ ਕੰਮ ਕਰੀ ਜਾਣਾ ਹੈ। ਸਾਲ ਬਾਅਦ ਦੋ ਮਹੀਨੇ ਜਨਵਰੀ-ਫ਼ਰਵਰੀ ਪੰਜਾਬ ਲਾ ਆਇਆ ਕਰਾਂਗੇ। ਨਾਲ਼ੇ ਅਸੀਂ ਆਪਣਾ ਮਾਰਕੀਟ ਸਟੈਂਡ ਬਣਾਉਣਾ ਕਾਹਦੇ ਨਾਲ਼ ਸੀ; ਪੈਸਾ ਤਾਂ ਸਾਡੇ ਕੋਲ਼ ਹੈ ਕੋਈ ਨਹੀਂ ਸੀ।

6000 ਸ਼ਲਿੰਗ ਨਾਲ਼ ਵੀ ਹਿਸਾਬ ਲਾਈਏ ਜੋ ਮਾਰਕੀਟ ਰੇਟ ਸੀ, ਓਸ ਹਿਸਾਬ ਨਾਲ਼ ਸਾਡੀ ਸਾਢੇ ਛੇ ਮਹੀਨੇ ਦੀ ਤਨਖ਼ਾਹ, ਪ੍ਰਤੀ ਬੰਦਾ 39000 ਸ਼ਲਿੰਗ ਬਣਦੀ ਸੀ। 9000 ਸ਼ਲਿੰਗ ਦਾ ਹਜ਼ਾਰ ਡਾਲਰ ਅਮਰੀਕਨ ਬਣਦਾ ਸੀ।

ਜਨਵਰੀ (1993) ਵਿੱਚ ਇਹ ਸਾਰਾ ਕੁਝ ਵਾਪਰਿਆ। ਜੇ ਪੈਸੇ ਹੁੰਦੇ ਤਾਂ ਮੈਂ ਜਨਵਰੀ ਸ਼ੁਰੂ ਵਿੱਚ ਹੀ ਟਿਕਟ ਲੈ ਕੇ ਪੰਜਾਬ ਨੂੰ ਚਲੇ ਜਾਣਾ ਸੀ। 900 ਡਾਲਰ ਦੀ ਇੰਡੀਆ ਦੀ ਟਿਕਟ ਹੀ ਆਉਂਦੀ ਸੀ। ਢਾਈ ਸਾਲ ਬਾਅਦ ਘਰ ਜਾਣਾ ਸੀ, ਕੋਲ਼ ਵੀ ਕੁਝ ਚਾਹੀਦਾ ਸੀ।

ਖ਼ੈਰ ਕੁਝ ਖ਼ਾਸ-ਖ਼ਾਸ ਬੰਦਿਆਂ ਕੋਲ਼ ਜਾ ਕੇ ਜ਼ਿਕਰ ਕੀਤਾ। ਇੱਕ ਸੈਂਹਬੀ ਪਰਿਵਾਰ ਜਿਨ੍ਹਾਂ ਨਾਲ਼ ਚਾਚਾ ਜੀ ਦੇ ਪਰਿਵਾਰ ਦਾ ਸਭ ਤੋਂ ਜ਼ਿਆਦਾ ਪਿਆਰ ਸੀ, ਇਕੱਠੇ ਰਹਿ ਰਹੇ ਸਨ, ਪਿੱਛਿਓਂ ਜਰਮਨ ਤੋਂ ਵੀ ਇਕੱਠੇ ਵਿਚਰ ਰਹੇ ਸਨ। ਸੈਂਹਬੀ ਸਾਹਬ ਆਪ ਮਾਰਕੀਟ ਲਾਉਂਦੇ ਸਨ। ਘਰਵਾਲ਼ੀ ਅਤੇ ਉਹਨਾਂ ਦਾ ਮੁੰਡਾ ਰੌਕੀ, ਵਿਆਨਾ ਵਿੱਚ ਪੰਜਾਬੀ ਦੁਕਾਨ ਪ੍ਰਚੂਨ ਦੀ ਕਰਦੇ ਸਨ। ਉਹਨਾਂ ਨੂੰ ਆਪਣਾ ਦੁੱਖ ਦੱਸ ਕੇ 5000 ਸ਼ਲਿੰਗ ਉਧਾਰ ਲਿਆ। ਦੂਜਾ ਸਾਡੇ ਪਿੰਡ ਦੀ ਸ਼ਰੀਕੇ ਵਿੱਚੋਂ ਹੀ ਲੱਗਦੀ ਦੋਹਤੀ-ਭੈਣ ਲੱਗਦੀ ਕਮਲਜੀਤ ਕੌਰ ਜੋ ਕਿ ਪਿੰਡ ਨਸਰਾਲੇ ਤੋਂ ਸੀ, ਉਸ ਨੂੰ ਸਾਰੀ ਵਿੱਥਿਆ ਸੁਣਾਈ। ਉਹਨਾਂ ਨੇ ਅਤੇ ਉਹਨਾਂ ਦੇ ਘਰਵਾਲ਼ੇ ਭਾਅਜੀ ਤਾਰਾ ਸਿੰਘ ਨੇ ਵੀ ਬਹੁਤ ਬੁਰਾ ਮਨਾਇਆ। 5000 ਸ਼ਲਿੰਗ ਉਹਨਾਂ ਕੋਲੋਂ ਉਧਾਰਾ ਲਿਆ। ਇੱਕ ਦੋਸਤ ਜਗਤਾਰ ਸਿੰਘ ਬੰਗਾ ਕੋਲੋਂ 4000 ਸ਼ਲਿੰਗ ਉਧਾਰਾ ਲਿਆ। ਓਦੋਂ ਇਹਨਾਂ ਸਾਰੇ ਪੈਸਿਆਂ ਦਾ 1500 ਕੁ ਸੌ ਅਮਰੀਕਨ ਡਾਲਰ ਬਣਿਆ। ਹਜ਼ਾਰ ਡਾਲਰ ਦਾ ਓਦੋਂ ਸ਼ਾਇਦ ਪੈਂਤੀ ਕੁ ਹਜ਼ਾਰ ਰੁਪਿਆ ਬਣਦਾ ਸੀ।

ਇੰਨੇ ਕੁ ਪੈਸੇ ਲੈ ਕੇ 16 ਫ਼ਰਵਰੀ 1993 ਨੂੰ ਪੰਜਾਬ ਆਇਆ।

ਮੁਰਝਾਏ ਹੋਏ ਚਿਹਰੇ ਨਾਲ਼ ਘਰ ਗਿਆ। ਘਰ ਵਾਲ਼ੇ ਖੁਸ਼ੀ ਮਨਾ ਰਹੇ ਸਨ ਕਿ ਚਾਈ ਸਾਲ ਬਾਅਦ ਮੁੰਡਾ ਆਇਆ। ਭਾਪਾ ਜੀ ਛੋਤੀ-ਛੋਤੀ ਜਾ ਕੇ ਕਠਾਰ ਅੱਡੇ ਤੋਂ ਮਠਿਆਈ ਲੈ ਆਏ। ਸਾਰਾ ਪਿੰਡ ਵਧਾਈਆਂ ਦੇਣ ਅਤੇ ਮੈਨੂੰ ਮਿਲਣ ਆ ਰਿਹਾ ਸੀ। ਮੈਂ ਨਾ ਘਰ ਵਿੱਚ ਭਾਪਾ ਜੀ, ਬੀਬੀ ਜੀ, ਘਰਵਾਲੀ ਅਤੇ ਨਾ ਹੀ ਕਿਸੇ ਹੋਰ ਨੂੰ ਦੱਸਿਆ ਕਿ ਮੇਰੇ ਨਾਲ਼ ਕੀ ਭਾਣਾ ਵਾਪਰਿਆ। ਅੰਦਾਜਾ ਸਭ ਨੂੰ ਹੋ ਗਿਆ ਸੀ ਕਿ ਕੋਈ ਗੱਲ ਜ਼ਰੂਰ ਹੈ ਪਰ ਇਹ ਦੱਸਦਾ ਨਹੀਂ।

ਮੈਂ ਅਤੇ ਭਾਪਾ ਜੀ ਇੱਕ ਦਿਨ ਸ਼ੇਰੇ ਦੇ ਚਾਚੇ ਹੋਰਾਂ ਨੂੰ ਚੰਡੀਗੜ੍ਹ ਮਿਲਣ ਗਏ; ਥੋੜਾ ਸਮਾਨ ਦੇਣਾ ਸੀ। ਸ਼ੇਰੇ ਦੇ ਚਾਚੇ ਹੋਰਾਂ ਨੇ ਮੈਨੂੰ ਦੱਸਿਆ ਕਿ ਸ਼ੇਰੇ ਦੇ ਪਾਪਾ ਦੀ ਤਿੰਨ ਕੁ ਮਹੀਨੇ ਪਹਿਲਾਂ ਮੌਤ ਹੋ ਗਈ ਸੀ ਪਰ ਅਸੀਂ ਸ਼ੇਰੇ ਨੂੰ ਹਾਲੇ ਤਕ ਦੱਸਿਆ ਨਹੀਂ। ਸੁਣ ਕੇ ਮੈਂ ਵੀ ਸੁੰਨ ਹੋ ਗਿਆ। ਕੁਝ ਸਮਾਂ ਪਹਿਲਾਂ ਸ਼ੇਰੇ ਦੇ 19 ਕੁ ਸਾਲ ਦੇ ਭਰਾ ਹੈਪੀ ਨੇ ਆਤਮ ਹੱਤਿਆ ਕਰ ਲਈ ਸੀ। ਓਦੋਂ ਵੀ ਸ਼ੇਰੇ ਨੂੰ ਛੇ-ਸੱਤ ਮਹੀਨੇ ਬਾਅਦ ਦੱਸਿਆ ਸੀ ਤੇ ਸ਼ੇਰਾ ਕਾਫ਼ੀ ਚਿਰ ਰੋਂਦਾ ਰਿਹਾ ਸੀ। ਸ਼ੇਰੇ ਹੋਰੀਂ ਕੁੱਲ ਤਿੰਨ ਭਰਾ ਤੇ ਇੱਕ ਭੈਣ ਹਨ। ਭੈਣ ਸਭ ਤੋਂ ਵੱਡੀ ਸੀ ਤੇ ਹੈਪੀ ਜਿਸ ਦੀ ਮੌਤ ਹੋ ਗਈ ਸੀ, ਸਭ ਤੋਂ ਛੋਟਾ ਸੀ। ਇੱਕ ਤੀਜਾ ਭਰਾ ਤਰਸੇਮ ਸਿੰਘ ਸ਼ੇਰੇ ਤੋਂ ਛੋਟਾ ਹੈ।

ਸ਼ੇਰੇ ਦੇ ਚਾਚਾ-ਚਾਚੀ ਨੂੰ ਮੈਂ ਕਿਹਾ "ਤੁਸੀਂ ਪਿਤਾ ਜੀ ਦੀ ਮੌਤ ਬਾਰੇ ਸ਼ੇਰੇ ਨੂੰ ਦੱਸਿਆ ਕਿਉਂ ਨਹੀਂ?" ਕਹਿੰਦੇ "ਅਸੀਂ ਸੋਚਿਆ ਇਕੱਲਾ ਹੈ ਓਥੇ..।" ਮੈਂ ਕਿਹਾ- "ਚਾਚਾ ਜੀ, ਇਹੋ ਜਿਹੀ ਖ਼ਬਰ ਓਦੋਂ ਹੀ ਦੱਸੋ ਚਾਹੇ ਬਾਅਦ ਵਿੱਚ; ਦੂਰ ਬੈਠੇ ਬੰਦੇ ਨੂੰ ਦੁੱਖ ਓਨਾ ਹੀ ਲੱਗਦਾ।"

ਚਾਚਾ ਜੀ ਹੋਰਾਂ ਕੋਲ਼ੋਂ ਚਾਹ-ਪਾਣੀ ਪੀ ਕੇ ਅਸੀਂ ਰਿਕਸ਼ਾ ਫੜ ਕੇ ਬੱਸ ਅੱਡੇ 'ਤੇ ਆਏ ਅਤੇ ਐਸ.ਟੀ.ਡੀ. ਤੋਂ ਸ਼ੇਰੇ ਨੂੰ ਫ਼ੋਨ ਕਰ ਕੇ ਪਾਪਾ ਜੀ ਬਾਰੇ ਸਭ ਦੱਸ ਦਿੱਤਾ ਅਤੇ ਕਿਹਾ ਵੀਰ ਹੁਣ ਹੌਂਸਲਾ ਰੱਖੀਂ। ਮੈਂ ਚਾਚੀ ਹੋਰਾਂ ਨੂੰ ਆਸਟਰੀਆ ਵੀ ਫ਼ੋਨ ਕਰ ਕੇ ਸ਼ੇਰੇ ਦੇ ਪਾਪਾ ਬਾਰੇ ਸਭ ਦੱਸ ਦਿੱਤਾ। ਚਾਚੀ ਜੀ ਨਿਰਲੇਪ ਕੌਰ ਤੇ ਚਾਚਾ ਜੀ ਸ਼ੇਰੇ ਨੂੰ ਘਰ ਲੈ ਆਏ।

ਮੈਨੂੰ ਹਾਲੇ ਵੀ ਆਸ ਸੀ ਕਿ ਚਾਚਾ ਜੀ ਦੀ ਕੋਈ ਮਜਬੂਰੀ ਹੋਣੀ, ਜਦੋਂ ਵਾਪਸ ਗਿਆ ਤਾਂ ਸਾਡੇ ਬਣਦੇ ਪੈਸੇ ਜ਼ਰੂਰ ਦੇਣਗੇ।

ਵੀਹ ਹਜ਼ਾਰ ਦਾ ਮੈਂ ਸਕੂਟਰ ਲੈ ਲਿਆ। ਬਾਲ-ਬੱਚੇ ਲਈ ਗਿਆ ਸੀ, ਪਰ ਉਹ ਵੀ ਵਾਹਿਗੁਰੂ ਦੀ ਕਿਰਪਾ ਨਹੀਂ ਹੋਈ। ਵਾਹਿਗੁਰੂ ਦਾ ਭਾਣਾ ਮਨ ਕੇ 'ਜੀਵੇ ਆਸਾ ਮਰੇ ਨਿਰਾਸਾ' ਦੀ ਸੋਚ ਲੈ ਕੇ ਤਿੰਨ ਮਹੀਨੇ ਘਰ ਰਹਿ ਕੇ ਵਾਪਸ ਆਸਟਰੀਆ ਆ ਗਿਆ।

'ਵਿਆਨਾ' ਏਅਰਪੋਰਟ ਤੋਂ ਟਰੇਨ ਫੜ ਕੇ ਰੇਲਵੇ ਸਟੇਸ਼ਨ 'ਤੇ ਆਇਆ ਤੇ ਘਰ

ਫ਼ੋਨ ਲਾਇਆ। ਰਮਨ ਦੀਦੀ ਘਰ ਸੀ, ਕਹਿੰਦੀ 'ਤੂੰ ਟੈਕਸੀ ਲੈ ਕੇ ਆ ਜਾ।'

ਮੈਂ ਕਿਹਾ 'ਮੇਰੇ ਕੋਲ਼ ਪੈਸਾ ਕੋਈ ਨਹੀਂ'। ਕਹਿੰਦੀ 'ਬਾਬਾ ਜੀ ਮੂਹਰੇ ਵੇਖਦੀ ਹਾਂ, ਹੋਲਡ ਰੱਖੀ', ਫਿਰ ਕਹਿੰਦੀ 'ਆ ਜਾ ਸੌ ਕੁ ਸ਼ਲਿੰਗ ਹੈਗਾ ਇੰਨੇ ਕੀ ਬਣਨੇ ਆ..।' ਚਾਚਾ ਜੀ ਹੁਰਾਂ ਨੇ ਘਰ ਦੇ ਇੱਕ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਥਾਨ ਬਣਾਇਆ ਸੀ।

ਸ਼ੇਰੇ ਨੂੰ ਮੇਰੇ ਆਉਣ ਬਾਰੇ ਪਤਾ ਸੀ। ਦਸ ਕੁ ਮਿੰਟ ਵਿੱਚ ਹੀ ਸ਼ੇਰੇ ਦਾ ਫ਼ੋਨ ਆ ਗਿਆ। ਕਹਿੰਦਾ- 'ਪਹੁੰਚ ਗਿਆਂ?' ਮੈਂ ਕਿਹਾ- 'ਹਾਂ'। ਕਹਿੰਦਾ 'ਮੈਂ ਹੁਣੇ ਆਇਆਂ..।'

ਸ਼ੇਰਾ ਛੇਤੀ ਗੱਡੀ ਲੈ ਕੇ ਆ ਗਿਆ ਤੇ ਮੈਨੂੰ ਨਾਲ਼ ਲੈ ਗਿਆ। ਜਾਂਦੇ-ਜਾਂਦੇ ਸ਼ੇਰੇ ਨੇ ਮੈਨੂੰ ਦੱਸਿਆ ਕਿ "ਮੈਂ ਮਗਰੋਂ ਭਾਅਜੀ ਨਾਲ਼ ਮਾਰਚ ਅਖ਼ੀਰ ਤਕ ਹੋਰ ਕੰਮ ਕੀਤਾ। ਇੱਕ ਦਿਨ ਗੱਡੀ ਵਿੱਚ ਜਾਂਦਿਆਂ ਜ਼ਿਆਦਾ ਗਰਮਾ-ਗਰਮੀ ਹੋ ਗਈ। ਫਿਰ ਮੈਂ ਜਵਾਬ ਦੇ ਦਿੱਤਾ ਸੀ।"

ਸ਼ੇਰਾ ਕਹਿੰਦਾ "ਮੈਨੂੰ ਤੇਰੇ ਮਗਰੋਂ ਚਾਚਾ ਜੀ ਹੋਰਾਂ ਨੇ ਘਰ ਬੁਲਾ ਕੇ ਇੱਕ ਹਜ਼ਾਰ ਡਾਲਰ ਵੀ ਥੋੜ੍ਹੇ ਦਿਨਾਂ ਬਾਅਦ ਦੇ ਦਿੱਤਾ ਸੀ।"

1 ਅਪ੍ਰੈਲ 1992 ਤੋਂ ਸ਼ੇਰੇ ਨੇ ਇੱਕ ਅਜੀਤ ਸਿੰਘ ਫ਼ੌਜੀ ਨਾਂ ਦੇ ਬੰਦੇ ਕੋਲ਼ ਮਾਰਕੀਟਾਂ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

ਹੁਣ ਮਈ ਦਾ ਮਹੀਨਾ ਸੀ। ਮੈਂ ਕੋਈ 10 ਮਈ 1993 ਨੂੰ ਪੰਜਾਬ ਤੋਂ ਵਾਪਸ ਆਇਆ ਸੀ। 3 ਡਿਸਟਿਕ ਦੀ ਮਾਰਕੀਟ ਵਿੱਚ ਫ਼ੌਜੀ ਦਾ ਪੱਕਾ ਸਟੈਂਡ ਲੱਗਦਾ ਸੀ। ਓਥੇ ਜਾ ਕੇ ਸ਼ਾਮ ਦੇ ਸਮੇਂ ਚਾਚਾ ਗੁਰਵਿੰਦਰ ਸਿੰਘ ਨੂੰ ਫ਼ੋਨ ਲਾਇਆ। ਪੈਂਦਿਆਂ ਹੀ ਮੈਨੂੰ ਕਹਿੰਦੇ- "ਸ਼ੇਰੇ ਨਾਲ਼ ਮੇਰਾ ਹਿਸਾਬ ਹੋ ਗਿਆ ਹੈ, ਜੇ ਆਉਣੈ ਤਾਂ ਤੂੰ ਇਕੱਲਾ ਆ ਜਾ ਘਰੇ, ਮੈਂ ਅੱਜ ਘਰ ਹੀ ਹਾਂ।"

ਅਸੀਂ ਅਜੀਤ ਸਿੰਘ ਫ਼ੌਜੀ ਨਾਲ਼ ਸਟੈਂਡ ਬੰਦ ਕਰਾ ਕੇ ਦੋਵੇਂ ਜਣੇ ਚਾਚੇ ਵੱਲ ਗਏ। ਪੰਦਰਾਂ-ਵੀਹ ਮਿੰਟ ਪੰਜਾਬ ਬਾਰੇ, ਪਿੰਡ ਬਾਰੇ ਗੱਲਾਂਬਾਤਾਂ ਸ਼ਾਂਤ ਮਹੌਲ ਵਿੱਚ ਹੋਈਆਂ।

ਫਿਰ ਮੈਂ ਕਿਹਾ "...ਜੀ ਸਾਡੇ ਬਾਕੀ ਰਹਿੰਦੇ ਪੈਸੇ ਕਦੋਂ ਮਿਲਣਗੇ...?" ਚਾਚਾ ਉੱਠ ਕੇ ਸੋਫ਼ੇ 'ਤੇ ਖੜ੍ਹਾ ਹੋ ਗਿਆ। ਕਹਿੰਦਾ- "ਕਿਹੜੇ ਪੈਸੇ..? ਜਿੰਨੇ ਬਣਦੇ ਸੀ ਮੈਂ ਦੇ ਦਿੱਤੇ ਆ, ਮੈਂ ਮਾਂ ਚੋ.., ਹੋਵਾਂ ਮੈਂ ਭੈਣ ਚੋ... ਹੋਵਾਂ, ਜੇ ਤੁਹਾਡਾ ਪੈਸਾ ਮਾਰਿਆ ਹੋਵੇ।" ਉੱਚੀ-ਉੱਚੀ ਰੌਲ਼ਾ ਪਾਉਣ ਲੱਗ ਪਿਆ।

ਸ਼ੇਰੇ ਨੇ ਰਸੋਈ ਵਿੱਚੋਂ ਵੱਡਾ ਸਾਰਾ ਚਾਕੂ ਕੱਢ ਲਿਆਂਦਾ। ਮਾਰਨ ਲੱਗੇ ਨੂੰ ਮੈਂ ਮਸਾਂ ਜ਼ੋਰ ਨਾਲ਼ ਫੜਿਆ। ਮੈਂ ਕਿਹਾ- "ਭਰਾਵਾ! ਇਹ ਤਾਂ ਬੇਸ਼ਰਮ ਬੰਦਾ, ਦੂਜਾ ਆਪਾਂ ਇਹਨਾਂ ਦੇ ਘਰ ਵਿੱਚ ਹਾਂ, ਕੋਈ ਵੀ ਕੇਸ ਬਣਾ ਸਕਦੈ, ਆਪਣਾ ਭਵਿੱਖ ਖ਼ਰਾਬ ਹੋ ਜਾਣੈ,

ਚੱਲ ਆਪਾਂ ਚੱਲੀਏ।"

ਚਾਚਾ ਅਤੇ ਚਾਚੀ ਤਰੇ ਖੜ੍ਹੇ ਸਨ। ਅਸੀਂ ਆਉਣ ਲੱਗੇ ਕਹਿ ਆਏ- "ਜੇ ਸਾਡੇ ਵਿੱਚ ਹਿੰਮਤ ਹੋਈ ਤਾਂ ਲੈ ਲਵਾਂਗੇ ਪੈਸੇ।"

ਖ਼ੈਰ ਉੱਤਰ ਕੇ ਅਸੀਂ ਸਭ ਤੋਂ ਪਹਿਲਾਂ ਭਾਅ ਦੀਪੇ ਨੂੰ ਫ਼ੋਨ ਲਾ ਕੇ ਦੱਸਿਆ, ਫਿਰ ਭਾਅ ਸੁਲੱਖਣ ਨੂੰ। ਹੁਣ ਹਨੇਰਾ ਹੋ ਚੁੱਕਾ ਸੀ। ਭਾਅ ਦੀਪਾ ਕਹਿੰਦਾ- "ਕਾਕਾ! ਹੁਣ ਜੋ ਹੋਣਾ ਸੀ ਹੋ ਗਿਆ, ਕੋਈ ਗ਼ਲਤ ਕੰਮ ਨਾ ਕਰਿਓ, ਕਿਸੇ ਦਿਨ ਬੈਠ ਕੇ ਪੁੱਛ ਲੈਨੇ ਆਂ।"

ਅਸੀਂ ਫ਼ੋਨ ਕਰ ਕੇ ਸ਼ੇਰੇ ਦੇ ਨਾਲ ਅਜੀਤ ਸਿੰਘ ਫ਼ੌਜੀ ਦੇ ਮਕਾਨ ਵਿੱਚ ਚਲੇ ਗਏ, ਜਿੱਥੇ ਸ਼ੇਰੇ ਹੋਰੀਂ ਰਹਿੰਦੇ ਸਨ। ਸ਼ੇਰੇ ਨੇ ਮੇਰੇ ਲਈ ਗੁਰਦਿਆਲ ਸਿੰਘ ਪੰਡਾ ਨਾਂ ਦੇ ਮੁੰਡੇ ਕੋਲ਼ ਕੰਮ ਲੱਭਿਆ ਹੋਇਆ ਸੀ। 15 ਮਈ ਤੋਂ ਮੈਂ ਉਸ ਨਾਲ਼ ਕੰਮ 'ਤੇ ਜਾਣ ਲੱਗ ਪਿਆ। ਰਿਹਾਇਸ਼ ਭਾਅ ਸੁਲੱਖਣ ਸਿੰਘ ਨਿੱਝਰ ਦੇ ਮਕਾਨ ਵਿੱਚ ਕਰ ਲਈ। ਉਹਨਾਂ ਨੇ ਵੱਡਾ ਮਕਾਨ ਲੈ ਕੇ ਪੁਰਾਣਾ ਛੋਟਾ ਮਕਾਨ ਕਿਰਾਏ 'ਤੇ ਦਿੱਤਾ ਹੋਇਆ ਸੀ। ਤਿੰਨ ਜਣੇ ਓਥੇ ਪਹਿਲਾਂ ਰਹਿੰਦੇ ਸਨ, ਬਾਅਦ ਵਿੱਚ ਸ਼ੇਰਾ ਵੀ ਮੇਰੇ ਨਾਲ਼ ਹੀ ਮਕਾਨ ਵਿੱਚ ਆ ਗਿਆ।

ਮਹੀਨੇ ਕੁ ਵਿੱਚ ਪੂਰੇ ਆਸਟਰੀਆ ਦੀ ਪੰਜਾਬੀ ਅਤੇ ਇੰਡੀਅਨ ਕਮਿਊਨਿਟੀ ਵਿੱਚ ਗੱਲ ਫ਼ੈਲ ਗਈ ਕਿ ਬਾਬਾ ਗੁਰਵਿੰਦਰ ਸਿੰਘ ਨੇ ਆਪਣੇ ਭਤੀਜੇ ਅਤੇ ਨਾਲ਼ ਦੇ ਮੁੰਡੇ ਨੂੰ ਇੱਕ ਸਾਲ ਕੰਮ ਕਰਾ ਕੇ ਕੋਈ ਪੈਸਾ ਨਹੀਂ ਦਿੱਤਾ।

ਭਾਅ ਦੀਪੇ ਨੇ ਫ਼ੋਨ ਕਰ ਕੇ 15 ਡਿਸਟਿਕ ਵਿੱਚ ਰੈਸਟੋਰੈਂਟ ਵਿੱਚ ਚਾਚੇ ਨਾਲ਼ ਸਾਡੇ ਵੱਲੋ ਮਸਲੇ ਬਾਰੇ ਗੱਲਬਾਤ ਕਰਨ ਦਾ ਪ੍ਰੋਗਰਾਮ ਬਣਾ ਲਿਆ। ਓਥੇ ਨੇੜੇ ਹੀ ਇੱਕ ਨਰਿੰਦਰ ਸਿੰਘ ਨਿੰਦਰ ਅਤੇ ਉਸ ਦਾ ਭਰਾ ਰਹਿੰਦੇ ਸਨ, ਉਹ ਵੀ ਆ ਗਏ। ਚਾਚਾ ਗੁਰਵਿੰਦਰ ਸਿੰਘ ਵੀ ਆ ਗਿਆ। ਕੌਫ਼ੀ ਮੰਗਵਾ ਲਈ। ਦੋ-ਚਾਰ ਮਿੰਟ ਸਰਸਰੀ ਗੱਲਾਂ ਕਰਨ ਤੋਂ ਬਾਅਦ ਭਾਅ ਦੀਪੇ ਨੇ ਗੱਲ ਛੇੜ ਦਿੱਤੀ ਕਿ "ਭਾਅਜੀ ਮੁੰਡਿਆਂ ਦਾ ਕੀ ਹਿਸਾਬ-ਕਿਤਾਬ ਆ?" ਚਾਚਾ ਕਹਿੰਦਾ- "ਹਰਪ੍ਰੀਤ ਨੂੰ ਤਾਂ ਮੈਂ ਪੈਸਾ ਦੇਣਾ ਕੋਈ ਨਹੀਂ, ਇਸ ਦਾ ਮੈਂ ਹਿਸਾਬ ਲਿਖਿਆ ਹੋਇਆ, ਇਸ ਵੱਲ ਤਾਂ ਮੇਰੇ ਪੈਸੇ ਨਿਕਲ਼ਦੇ ਨੇ, ਨਾਲ਼ੇ ਇਹ ਮੇਰੀ ਪਿੰਡ ਬੇਇਜ਼ਤੀ ਬਹੁਤ ਕਰ ਕੇ ਆਇਆ..।" ਭਾਅ ਦੀਪਾ ਕਹਿੰਦਾ- "ਸ਼ੇਰੇ ਦੇ..?" ਕਹਿੰਦਾ- "ਇਸ ਨੂੰ 10 ਹਜ਼ਾਰ ਸ਼ਲਿੰਗ ਬੱਸ ਹੋਰ ਦੇ ਸਕਦਾਂ..।"

ਭਾਅ ਕਹਿੰਦਾ- "ਚਲੋ ਠੀਕ ਆ, ਹਰਪ੍ਰੀਤ ਦਾ ਹਿਸਾਬ ਕਿੱਥੇ ਲਿਖਿਆ..?" ਤਾਂ ਚਾਚੇ ਨੇ ਕਾਪੀ ਕੱਢੀ। ਸਾਰੇ ਖ਼ਰਚੇ ਜੋ ਕਮਰੇ ਦਾ ਕਿਰਾਇਆ ਅਤੇ ਰੋਟੀ ਖ਼ਰਚ ਸੀ, ਸਭ ਦੋ-ਦੋ ਵਾਰ ਲਿਖਿਆ ਹੋਇਆ ਸੀ। ਪਹਿਲਾਂ ਭਾਅ ਦੀਪੇ ਨੇ ਹਿਸਾਬ ਵੇਖਿਆ ਤੇ ਫਿਰ ਕਿਹਾ- "ਆਹ ਡਬਲ-ਡਬਲ ਕਿਉਂ ਲਿਖਿਆ ?" ਕਹਿੰਦਾ- "ਇਹ ਇਕਨਾਮਿਕਸ ਦੇ ਫਾਰਮੂਲੇ ਨਾਲ਼ ਲਿਖਿਆ..।" ਮੈਂ ਕਿਹਾ- "ਮੈਂ ਇਕਨਾਮਿਕਸ ਪੜ੍ਹਿਆਂ ਹੋਇਆਂ...।" ਕਹਿੰਦਾ- "ਪੜ੍ਹਿਆ ਹੋਵੇ ਜਾਂ ਨਾ, ਪਰ ਤੈਨੂੰ ਪੈਸਾ ਨਹੀਂ ਕੋਈ ਮਿਲ਼ਣਾ।" ਦੀਪਾ ਭਾਅ

ਕਹਿੰਦਾ- "ਸ਼ੇਰੇ ਦੇ ਕਦੋਂ ਦੇਵੋਂਗੇ..?" ਕਹਿੰਦਾ- "ਜਦੋਂ ਹੋਣਗੇ ਮੇਰੇ ਕੋਲ...।"

ਅਸੀਂ ਉੱਠ ਕੇ ਆ ਗਏ। ਮੈਂ ਮਕਾਨ ਵਿੱਚ ਆ ਕੇ ਆਪਣੇ ਘਰਦਿਆਂ ਨੂੰ ਚਿੱਠੀ ਵਿੱਚ ਸਾਰੀ ਹੱਡ-ਬੀਤੀ ਲਿਖ ਦਿੱਤੀ। ਬਾਅਦ 'ਚ ਭਾਪਾ ਜੀ ਦਾ ਜਵਾਬ ਆਇਆ- "ਇਸੇ ਲਈ ਮੈਂ ਤੈਨੂੰ ਚੌਕੰਨਾ ਕੀਤਾ ਸੀ ਪਰ ਤੂੰ ਨਹੀਂ ਸਮਝਿਆਂ।"

ਬਾਅਦ ਵਿੱਚ ਸ਼ੇਰੇ ਦੇ ਪੈਸੇ ਦੇਣ ਲਈ ਵੀ ਚਾਚੇ ਨੇ ਬੜੇ ਗੇੜੇ ਮਰਵਾਏ ਸਨ।

ਇੱਕ ਵਾਰੀ 15 ਡਿਸਟਿਕ ਦੀ ਮਾਰਕੀਟ ਵਿੱਚ ਸ਼ਾਮ ਦਾ ਸਮਾਂ ਸੀ। ਚਾਚੇ ਹੋਰੀਂ ਸਟੈਂਡ ਬੰਦ ਕਰ ਰਹੇ ਸਨ। ਅਸੀਂ ਜਾ ਕੇ ਪੈਸਿਆਂ ਬਾਰੇ ਪੁੱਛਿਆ ਤਾਂ ਕਹਿੰਦਾ- "ਪੈਸੇ ਨਹੀਂ ਦਵਾਂਗਾ ਤਾਂ ਕੀ ਤੁਸੀਂ ਗੋਲੀ ਮਾਰ ਦਿਓਗੇ ?" ਮੈਂ ਕਿਹਾ- "ਗੋਲੀ ਮਾਰਨ ਨੂੰ ਕਿਹੜਾ ਤੇਰੇ ਵਿੱਚ ਲੋਹਾ ਬੀੜਿਆ ਹੋਇਆ..।"

ਹੁਣ ਗੱਲ 'ਤੁਸੀਂ' ਤੋਂ 'ਤੂੰ' 'ਤੇ ਆ ਗਈ ਸੀ। ਪਰ ਕੁਝ ਸਮੇਂ ਬਾਅਦ ਸ਼ੇਰੇ ਦੇ ਪੈਸੇ ਮਿਲ ਗਏ। ਹੁਣ ਆਉਣ-ਜਾਣ ਤੇ ਬੋਲਚਾਲ ਬਿਲਕੁਲ ਬੰਦ ਹੋ ਗਈ ਸੀ।

1993 ਦਾ ਸਾਰਾ ਸਾਲ ਸ਼ੇਰੇ ਨੇ ਅਜੀਤ ਸਿੰਘ ਫ਼ੌਜੀ ਨਾਲ਼ ਕੰਮ ਕੀਤਾ। ਮੈਂ ਪੱਡੇ ਸ਼ੈਦ (ਬੌਸ) ਨਾਲ਼ੋਂ ਜੁਲਾਈ ਵਿੱਚ ਕੰਮ ਛੱਡ ਕੇ 1 ਅਗਸਤ 1993 ਤੋਂ ਸਤਨਾਮ ਸਿੰਘ ਨਾਲ਼ ਕੰਮ 'ਤੇ ਲੱਗ ਗਿਆ ਤੇ ਦਸੰਬਰ ਅਖ਼ੀਰ ਤਕ ਸਤਨਾਮ ਸਿੰਘ ਨਾਲ ਕੰਮ ਕੀਤਾ। ਮੈਂ ਸਭ ਤੋਂ ਪਹਿਲਾਂ ਉਸ ਨਾਲ਼ ਮਾਰਕੀਟਾਂ ਦਾ ਕੰਮ ਵੇਖਣ ਗਿਆ ਸੀ।

1994 ਵਿੱਚ ਮੈਂ ਪੰਜਾਬ ਨਹੀਂ ਗਿਆ। 1994 ਤੋਂ ਸ਼ੇਰੇ ਨੇ ਅਤੇ ਮੈਂ ਆਪਣਾ ਕੰਮ ਸ਼ੁਰੂ ਕਰਨਾ ਸੀ। 1993 ਵਿੱਚ ਉਧਾਰੇ ਪੈਸੇ ਲਾਹੇ ਅਤੇ ਆਪਣਾ ਕੰਮ ਸ਼ੁਰੂ ਕਰਨ ਲਈ ਬਾਕੀ ਪੈਸੇ ਕੋਲ਼ ਰੱਖੇ। ਸ਼ੇਰੇ ਨੇ ਵੀ ਇਸੇ ਤਰ੍ਹਾਂ ਹੀ ਕੀਤਾ। ਘਰ ਸਿਰਫ਼ ਮਾਮੂਲੀ ਖ਼ਰਚ-ਪਾਣੀ ਹੀ ਭੇਜਿਆ। 1994 ਵਿੱਚ ਅਸੀਂ ਇੱਕ ਜਣੇ ਦੇ ਪੈਸਿਆਂ ਦੀ ਕੰਪਨੀ ਬਣਾਈ ਅਤੇ ਇੱਕ ਜਣੇ ਦੇ ਪੈਸਿਆਂ ਦਾ ਮਾਰਕੀਟ ਦਾ ਸਮਾਨ ਪਾਇਆ। ਬੈਂਕ ਵਿੱਚ ਢਾਈ ਲੱਖ ਸ਼ਲਿੰਗ ਸ਼ੋਅ ਕਰਨਾ ਸੀ, ਉਹ ਭਾਅ ਸੁਲੱਖਣ ਸਿੰਘ ਨਿੱਝਰ ਨੇ ਸਾਨੂੰ ਬਿਨਾਂ ਕਿਸੇ ਲਿਖਤ-ਪੜ੍ਹਤ ਦੇ ਦਿੱਤਾ ਸੀ। ਇੱਕ ਮਹੀਨੇ ਬਾਅਦ ਬੈਂਕ ਦਾ ਸਰਟੀਫ਼ਿਕੇਟ ਮਿਲਣ ਤੋਂ ਬਾਅਦ ਢਾਈ ਲੱਖ ਵਾਪਸ ਕਰ ਦਿੱਤਾ ਗਿਆ।

1 ਮਈ 1994 ਤਕ ਸਾਡੇ ਕੋਲ਼ ਨਵੀਂ ਫੋਰਡ ਟਰਾਂਜਿਟ ਟਰਬੋ ਗੱਡੀ, ਦੋ ਛੱਤਰੀਆਂ, ਚੌਦਾਂ ਮੇਜ਼, ਸਟੈਂਡ ਅਤੇ ਪੂਰਾ ਸਮਾਨ ਸੀ। 1994 ਵਿੱਚ ਮੈਂ ਅਤੇ ਸ਼ੇਰੇ ਨੇ ਕਾਫ਼ੀ ਮਿਹਨਤ ਕੀਤੀ। ਦੋਨੋਂ ਜਣੇ ਅੰਮ੍ਰਿਤਧਾਰੀ ਸੀ। ਸ਼ੇਰਾ ਉਮਰ ਵਿੱਚ ਮੇਰੇ ਨਾਲੋਂ ਦੋ ਕੁ ਸਾਲ ਵੱਡਾ ਹੈ। ਭਾਅ ਸੁਲੱਖਣ ਸਿੰਘ ਨੇ ਸਾਡੀ ਮਾਰਕੀਟਾਂ ਵਿੱਚ ਵੀ ਕਾਫ਼ੀ ਮਦਦ ਕੀਤੀ। ਅਸੀਂ ਦੋਨੋਂ ਜਣੇ ਡਰਾਈਵਰ ਸੀ। ਭਾਅ ਸੁਲੱਖਣ ਸਿੰਘ ਦੇ ਮੁੰਡਿਆਂ ਕੋਲ਼ ਡਰਾਈਵਿੰਗ ਲਾਈਸੈਂਸ ਨਹੀਂ ਸੀ, ਉਹ ਅਜੇ ਅੰਡਰਏਜ਼ ਸਨ। ਉਹਨਾਂ ਦੀ ਇੱਕ ਗੱਡੀ ਮੈਂ ਚਲਾ ਲੈਂਦਾ ਸੀ, ਕਦੀ ਸ਼ੇਰਾ

ਚਲਾ ਲੈਂਦਾ ਸੀ, ਇੱਕ ਆਪਣੀ ਗੱਡੀ ਲੈ ਜਾਂਦੇ ਸੀ ਅਸੀਂ ਅਤੇ ਭਾਅ ਸਾਨੂੰ ਮਾਰਕੀਟ ਦੱਸ ਦਿੰਦਾ ਸੀ, ਕਿਉਂਕਿ ਸਾਨੂੰ ਹਾਲੇ ਮਾਰਕੀਟਾਂ ਬਾਰੇ ਪੂਰਾ ਪਤਾ ਨਹੀਂ ਸੀ। ਭਾਅ ਹੋਰੀਂ ਪੁਰਾਣੇ ਅਤੇ ਹੰਢੇ-ਵਰਤੇ ਬੰਦੇ ਸੀ। ਕਾਗ਼ਜ਼ੀ-ਪੱਤਰੀ ਕੰਮ ਬਾਰੇ ਵੀ ਭਾਅ ਸੁਲੱਖਣ ਸਿੰਘ ਨੇ ਸਾਨੂੰ ਕਾਫ਼ੀ ਕੁਝ ਸਿਖਾਇਆ ਜੋ ਕਿ ਜ਼ਰੂਰੀ ਸੀ।

ਸੰਨ 1994 ਅਤੇ 1995 ਮੈਂ ਅਤੇ ਸ਼ੇਰੇ ਨੇ ਇਕੱਠੇ ਕੰਮ ਕੀਤਾ। 1995 ਵਿੱਚ ਮੈਂ ਕ੍ਰਿਸਮਿਸ ਦੀਆਂ ਮਾਰਕੀਟਾਂ ਲਾ ਕੇ ਦੋ ਮਹੀਨੇ ਲਈ ਪੰਜਾਬ ਚਲਾ ਗਿਆ। ਵਾਹਿਗੁਰੂ ਨੇ ਸਾਨੂੰ 8 ਸਤੰਬਰ 1995 ਨੂੰ ਸਪੁੱਤਰੀ ਦੀ ਦਾਤ ਬਖ਼ਸ਼ ਦਿੱਤੀ। ਵਿਆਹ ਤੋਂ ਕਰੀਬ ਸਾਢੇ ਛੇ ਸਾਲ ਬਾਅਦ ਵਾਹਿਗੁਰੂ ਦੀ ਮਿਹਰ ਹੋਈ ਸੀ। ਅਸੀਂ ਸਾਰੇ ਬਹੁਤ ਖ਼ੁਸ਼ ਸਾਂ। ਸਾਰੇ ਜਾਣਨ ਵਾਲਿਆਂ ਨੂੰ ਦੋ-ਦੋ ਡੱਬੇ ਮਠਿਆਈ ਦੇ ਦਿੱਤੇ। ਗੁਰਦੁਆਰਾ ਸਾਹਿਬ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਇੱਕ ਦਿਨ ਸ਼ੇਰਾ ਕਹਿੰਦਾ ਭਾਅ ਦੀਪੇ ਕੋਲ਼ ਵੀ ਦੋ ਗੱਡੀਆਂ ਹਨ, ਭਾਅ ਸੁਲੱਖਣ ਕੋਲ਼ ਵੀ ਦੋ ਗੱਡੀਆਂ ਹਨ, ਆਪਾਂ ਵੀ ਦੋ ਗੱਡੀਆਂ ਕਰ ਲਈਏ ਅਤੇ ਇੱਕ ਮਨਜੀਤ ਸਿੰਘ ਮੁੰਡਾ ਸੀ ਉਸ ਨੂੰ ਪਾਰਟਨਰ ਬਣਾ ਲਈਏ। ਮੇਰਾ ਮਨ ਤਾਂ ਮੰਨਦਾ ਨਹੀਂ ਸੀ ਪਰ ਸ਼ੇਰੇ ਨੂੰ ਮੈਂ ਨਾਂਹ ਨਹੀਂ ਕਰ ਸਕਿਆ। 1996 ਤੋਂ ਅਸੀਂ ਤਿੰਨ ਪਾਰਟਨਰ ਹੋ ਗਏ ਤੇ ਦੋ ਗੱਡੀਆਂ ਕਰ ਲਈਆਂ। ਪਰ ਮਨਜੀਤ ਸਿੰਘ ਦੇ ਅਤੇ ਸਾਡੇ ਸਿਤਾਰੇ ਨਹੀਂ ਰਲ਼ੇ ਸਨ।

ਮੈਂ 1996 ਵਿੱਚ ਵੀ ਪੰਜਾਬ ਜਾਣਾ ਸੀ, ਪਰ ਸ਼ੇਰਾ ਤੇ ਮਨਜੀਤ ਕਹਿੰਦੇ 11 ਜਨਵਰੀ ਵਾਲ਼ੀ ਮਾਰਕੀਟ ਲਵਾ ਕੇ ਚਲਾ ਜਾਵੀਂ। ਮੈਂ 'ਹਾਂ' ਕਰ ਦਿੱਤੀ। ਅਸੀਂ ਇੱਕ ਮਾਰਕੀਟ ਇਕੱਠਿਆਂ ਲਾਈ। ਦੂਜੀ 11 ਜਨਵਰੀ ਵਾਲ਼ੀ ਮਾਰਕੀਟ ਲਾਉਣ ਜਾਂਦਿਆਂ ਦਾ ਸਾਡਾ ਐਕਸੀਡੈਂਟ ਹੋ ਗਿਆ। ਕਿਉਂਕਿ ਬਰਫ਼ ਬਹੁਤ ਪੈ ਰਹੀ ਸੀ। ਵਾਹਿਗੁਰੂ ਦੀ ਕਿਰਪਾ ਨਾਲ਼ ਅਸੀਂ ਤਾਂ ਬਚ ਗਏ ਪਰ ਸਾਡੀ ਗੱਡੀ ਬਿਲਕੁਲ ਖ਼ਤਮ ਹੋ ਗਈ।

ਫਿਰ ਮੈਂ ਪੰਜਾਬ ਨੂੰ ਆ ਗਿਆ ਤੇ ਵਾਪਸ ਆ ਕੇ ਹੋਰ ਗੱਡੀ ਲਈ। ਅਗਸਤ 1996 ਵਿੱਚ ਦੂਜੀ ਗੱਡੀ ਦਾ ਵੀ ਐਕਸੀਡੈਂਟ ਹੋ ਗਿਆ, ਪਰ ਜ਼ਿਆਦਾ ਨੁਕਸਾਨ ਨਹੀਂ ਹੋਇਆ ਸੀ। 1996 ਦੇ ਅਖ਼ੀਰ ਵਿੱਚ ਸ਼ੇਰੇ ਨੇ ਮਾਰਕੀਟਾਂ ਦਾ ਕੰਮ ਛੱਡ ਦਿੱਤਾ ਪਰ ਕਾਗ਼ਜ਼ਾਂ ਵਿੱਚ ਹਾਲੇ ਹਿੱਸੇਦਾਰ ਸੀ।

ਮੇਰੇ ਪਿਤਾ ਜੀ ਵੈਸੇ ਵੀ ਹਾਈ ਬਲੱਡ-ਪ੍ਰੈਸ਼ਰ ਦੀ ਬਿਮਾਰੀ ਤੋਂ ਪੀੜਿਤ ਸਨ। ਪ੍ਰਾਈਵੇਟ ਨੌਕਰੀ ਹੋਣ ਕਰਕੇ ਪੈਨਸ਼ਨ ਵੀ ਨਹੀਂ ਸੀ ਲੱਗੀ ਕੋਈ ਉਹਨਾਂ ਦੀ। ਉਹਨਾਂ ਦਾ ਬਚਤ ਕੀਤਾ ਸਾਰਾ ਪੈਸਾ ਮੇਰੇ ਕੇਸਾਂ ਉੱਪਰ ਲੱਗ ਗਿਆ ਸੀ। ਫਿਰ ਉਹ ਕਾਫ਼ੀ ਪ੍ਰੇਸ਼ਾਨੀ ਵਿੱਚ ਰਹਿਣ ਲੱਗ ਪਏ ਸਨ। ਜਿਸ ਦੇ ਸਿਰ ਘਰ ਦੀ ਜ਼ਿੰਮੇਵਾਰੀ ਹੁੰਦੀ ਹੈ, ਇਹ ਤਾਂ ਉਸ ਨੂੰ ਹੀ ਪਤਾ ਹੁੰਦੈ ਕਿ ਘਰ ਕਿਵੇਂ ਚਲਾਉਣੈ। ਇਹ ਤਾਂ ਹੁਣ ਜ਼ਿੰਮੇਵਾਰੀਆਂ ਪਈਆਂ ਤਾਂ

ਪਤਾ ਲੱਗਾ ਹੈ।

ਭਾਪਾ ਜੀ ਨੂੰ ਉੱਪਰ-ਥੱਲੀਂ ਬਲੱਡ-ਪ੍ਰੈਸ਼ਰ ਦੇ ਅਟੈਕ ਆਉਣ ਲੱਗ ਪਏ ਸਨ। ਥੱਲੇ ਵਾਲ਼ਾ ਬਲੱਡ-ਪ੍ਰੈਸ਼ਰ 120 ਤੋਂ ਜ਼ਿਆਦਾ ਅਤੇ ਉੱਪਰ ਵਾਲ਼ਾ 200 ਤੋਂ ਉੱਤੇ ਚਲਿਆ ਜਾਂਦਾ ਸੀ। ਜਦੋਂ ਏਦਾਂ ਦੀ ਮੁਸ਼ਕਿਲ ਆਉਣੀ ਤਾਂ ਸਾਡੇ ਪਿੰਡ ਦਾ ਇੱਕ ਡਾਕਟਰ ਪਿੰਕਾ ਹੁੰਦਾ ਸੀ, ਉਹ ਇੱਕ ਟੀਕਾ ਲਾਉਂਦਾ ਹੁੰਦਾ ਸੀ, ਉਸ ਨਾਲ਼ ਕੁਝ ਸਮੇਂ ਵਿੱਚ ਬੀ.ਪੀ. ਨਾਰਮਲ ਹੋਣ ਲੱਗ ਜਾਂਦਾ ਸੀ। ਇੱਕ ਹੋਰ ਸਾਡੇ ਪਿੰਡ ਦਾ ਡਾਕਟਰ ਸੀ ਜੱਗਾ, ਉਸ ਦੀ ਦਵਾਈ ਜਾਂ ਟੀਕੇ ਨਾਲ਼ ਭਾਪਾ ਜੀ ਨੂੰ ਅਰਾਮ ਨਹੀਂ ਸੀ ਆਉਂਦਾ। ਪਿੰਕੇ ਨੇ ਡਾਕਟਰੀ ਦੀ ਪੜ੍ਹਾਈ ਕੀਤੀ ਹੋਈ ਸੀ।

ਇੱਕ ਦਿਨ ਭਾਪਾ ਜੀ ਉਸ ਨੂੰ ਕਹਿੰਦੇ- 'ਪਿੰਕਿਆ! ਜਿਸ ਦਿਨ ਤੂੰ ਘਰ ਨਾਂਹ ਨਾ ਮਿਲ਼ਿਆ ਤਾਂ ਉਸ ਦਿਨ ਮੈਂ ਨਹੀਂ ਹੋਣਾ ਦੁਨੀਆਂ ਉੱਤੇ..।''

ਆਖ਼ਰ ਉਹ ਸਮਾਂ 13 ਮਾਰਚ 1997 ਦੀ ਰਾਤ ਨੂੰ ਆ ਹੀ ਗਿਆ। ਭਾਪਾ ਜੀ ਨੂੰ ਫਿਰ ਬਲੱਡ-ਪ੍ਰੈਸ਼ਰ ਦਾ ਅਟੈਕ ਆਇਆ। ਬੀਬੀ ਡਾਕਟਰ ਪਿੰਕੇ ਨੂੰ ਬੁਲਾਉਣ ਗਈ ਤਾਂ ਉਸ ਦੀ ਮਾਤਾ ਕਹਿੰਦੀ 'ਭੈਣਜੀ ਉਹ ਤਾਂ ਸਹੁਰਿਆਂ ਨੂੰ ਗਿਆ ਹੋਇਆ...।'

ਫਿਰ ਬੀਬੀ ਓਥੋਂ ਨਿਕਲ਼ ਕੇ ਭੱਜੀ-ਨੱਸੀ 'ਚ ਜੱਗੇ ਡਾਕਟਰ ਨੂੰ ਲੈਣ ਗਈ ਤਾਂ ਉਹ ਕਹਿੰਦਾ- 'ਚਾਚੀ, ਮੇਰੀ ਦਵਾਈ ਨਾਲ਼ ਚਾਚਾ ਜੀ ਨੂੰ ਅਰਾਮ ਨਹੀਂ ਆਉਣੈ...।' ਉਸ ਨੇ ਤਾਂ ਕੋਰਾ ਜਵਾਬ ਜਿਹਾ ਦੇ ਦਿੱਤਾ। ਫਿਰ ਬੀਬੀ ਨਿਰਾਸ਼ ਹੋ ਕੇ ਵਾਪਸ ਘਰ ਨੂੰ ਆ ਗਈ।

14 ਮਾਰਚ 1997 ਨੂੰ ਅੰਮ੍ਰਿਤ ਵੇਲ਼ੇ ਚਾਰ ਕੁ ਵਜੇ ਚੇਤ ਦੀ ਸੰਗਰਾਂਦ ਅਤੇ ਸਿੱਖ ਕੌਮ ਦੇ ਨਵੇਂ ਸਾਲ ਦੀ ਆਮਦ ਉੱਪਰ ਇੱਕ ਬਾਪ ਆਪਣੇ ਖਾੜਕੂ ਪੁੱਤ ਦਿਆਂ ਦੁੱਖਾਂ ਕਾਰਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ।

ਜਦੋਂ ਭਾਪਾ ਜੀ ਦੇ ਅਕਾਲ-ਚਲਾਣੇ ਦੀ ਖ਼ਬਰ ਮਿਲ਼ੀ ਤਾਂ ਬਹੁਤ ਵੱਡਾ ਸਦਮਾ ਲੱਗਾ। ਖ਼ਬਰ ਮਿਲ਼ਣ 'ਤੇ ਭਾਪਾ ਜੀ ਨਾਲ਼ ਮਾਣੇ ਪਲਾਂ ਦੀਆਂ ਯਾਦਾਂ ਫ਼ਿਲਮ ਵਾਂਗ ਬੜੀ ਤੇਜ਼ੀ ਨਾਲ਼ ਦਿਮਾਗ ਵਿੱਚ ਚੱਲਣ ਲੱਗ ਪਈਆਂ। ਮੈਨੂੰ ਓਸੇ ਸਮੇਂ ਪੰਜਾਬ ਜਾਣਾ ਪਿਆ।

ਵੈਸੇ 1997 ਵਿੱਚ ਮੈਂ ਪੰਜਾਬ ਜਾਣਾ ਕੈਂਸਲ ਕੀਤਾ ਹੋਇਆ ਸੀ। ਦੋ ਮਹੀਨੇ ਰਹਿ ਕੇ ਭਾਪਾ ਜੀ ਨਮਿਤ ਸਾਰੇ ਕਾਰ-ਵਿਹਾਰ ਕਰ ਕੇ ਮੈਂ ਵਾਪਸ ਵਿਦੇਸ਼ ਆ ਗਿਆ।

ਇਹ ਲਿਖਦਿਆਂ ਇੱਕ ਪੁਰਾਣੀ ਯਾਦ ਏਥੇ ਤਾਜ਼ਾ ਹੋ ਗਈ। ਜਦੋਂ ਮੈਂ ਥਾਣੇ ਵਿੱਚ ਬੰਦ ਸੀ ਤਾਂ ਮੈਨੂੰ ਇੱਕ ਵਾਰ ਭਾਪਾ ਜੀ ਅਤੇ ਭਾਅਜੀ ਲਹਿੰਬਰ ਸਿੰਘ ਮਿਲ਼ਣ ਆਏ ਤਾਂ ਭਾਪਾ ਜੀ ਕਹਿੰਦੇ ਸਨ- 'ਸਾਡੇ ਖ਼ਾਨਦਾਨ 'ਚ ਅੱਜ ਤਕ ਕਦੇ ਕੋਈ ਥਾਣੇ ਨਹੀਂ ਆਇਆ ...।'

ਮੈਂ ਭਾਪਾ ਜੀ ਨੂੰ ਕਿਹਾ- 'ਭਾਪਾ ਜੀ! ਮੈਂ ਕਿਸੇ ਚੋਰੀ-ਯਾਰੀ ਦੇ ਦੋਸ਼ ਵਿੱਚ ਥਾਣੇ

ਨਹੀਂ ਆਇਆਂ, ਮੈਂ ਤਾਂ ਆਪਣੀ ਕੌਮ ਖ਼ਾਤਰ ਆਇਆਂ, ਤੇ ਨਾ ਹੀ ਮੈਂ ਲਹਿਰ ਦਾ ਕੋਈ ਭੇਦ ਇਹਨਾਂ ਨੂੰ ਦਿੱਤਾ ਹੈ, ਇਸ ਨਾਲ ਤਾਂ ਤੁਹਾਡਾ ਸਿਰ ਉੱਚਾ ਹੋਇਆ ਹੈ...।'

1997 ਦੇ ਜੁਲਾਈ ਮਹੀਨੇ ਵਿੱਚ ਮਨਜੀਤ ਸਿੰਘ ਵੀ ਕੌਮ ਛੱਡ ਗਿਆ। ਕੌਮ ਕਾਫ਼ੀ ਡਾਊਨ ਹੋ ਗਿਆ ਸੀ। ਹੁਣ ਮੈਂ ਇਕੱਲਾ ਹੀ ਆਪਣੇ ਨਾਲ ਇੱਕ ਮੁੰਡਾ ਰੱਖ ਕੇ ਕੌਮ ਕਰਦਾ ਸੀ। 23 ਜਨਵਰੀ 1998 ਨੂੰ ਭਾਅ ਸੁਲੱਖਣ ਸਿੰਘ ਜੀ ਦੇ ਘਰਵਾਲੀ ਬੀਬੀ ਦਲਬੀਰ ਕੌਰ ਨੇ ਸਾਡੇ ਕਮਰੇ ਵਿੱਚ ਫ਼ੋਨ ਕਰ ਕੇ ਮੈਨੂੰ ਦੱਸਿਆ ਕਿ "ਹਰਪ੍ਰੀਤ! ਤੇਰੇ ਮੁੰਡਾ ਹੋਇਆ। (ਓਸ ਸਾਲ ਪੰਜਾਬ ਜਾਣ ਕਰਕੇ ਵਾਹਿਗੁਰੂ ਨੇ ਸਾਨੂੰ ਸਪੁੱਤਰ ਦੀ ਦਾਤ ਬਖ਼ਸ਼ੀ ਸੀ।)

ਅਸੀਂ ਜ਼ਿਆਦਾ ਘਰੋਂ ਬਾਹਰ ਮਾਰਕੀਟਾਂ 'ਤੇ ਰਹਿੰਦੇ ਸੀ, ਇਸ ਕਰਕੇ ਭਾਅ ਸੁਲੱਖਣ ਸਿੰਘ ਦੇ ਘਰ ਦਾ ਟੈਲੀਫ਼ੋਨ ਨੰਬਰ ਆਪਣੇ ਘਰਦਿਆਂ ਨੂੰ ਦਿੱਤਾ ਹੋਇਆ ਸੀ। ਮੋਬਾਇਲ ਫ਼ੋਨ ਓਦੋਂ ਹਾਲੇ ਆਉਣੇ ਸ਼ੁਰੂ ਹੋਏ ਸਨ। ਕਿਸੇ-ਕਿਸੇ ਕੋਲ ਮੋਬਾਇਲ ਫ਼ੋਨ ਹੁੰਦਾ ਸੀ।

ਪਹਿਲਾ ਮੋਬਾਇਲ ਫ਼ੋਨ ਅਸੀਂ ਦਸ ਹਜ਼ਾਰ ਸ਼ਲਿੰਗ ਦਾ ਲਿਆ ਸੀ। ਉਹ ਵੀ ਪੁਰਾਣਾ। ਪੂਰੇ ਹੱਥ ਜਿੱਡਾ ਨੋਕੀਆ ਕੰਪਨੀ ਦਾ ਮੋਬਾਇਲ ਫ਼ੋਨ ਸੀ। ਉਸ ਦੇ ਪਿਛੇ ਬੈਟਰੀ ਲੱਗੀ ਹੁੰਦੀ ਸੀ। ਉਸ ਦਾ ਅਨਟੀਨਾ ਖਿੱਚਣਾ ਪੈਂਦਾ ਸੀ ਉੱਪਰ ਨੂੰ। ਬੈਟਰੀ ਹਿੱਲ ਜਾਣੀ ਤਾਂ ਫ਼ੋਨ ਬੰਦ ਰਹਿਣਾ। 1990 ਤੋਂ ਲੈ ਕੇ 1998 ਤਕ ਕੀਤੀ ਤਪੱਸਿਆ ਦਾ ਫਲ ਹੁਣ ਅਕਾਲ ਪੁਰਖ ਵਾਹਿਗੁਰੂ ਜੀ ਦੇਣ ਲੱਗੇ ਸੀ।

ਤੇਰੇ ਘਰ ਦੇਰ ਹੈ ਪਰ ਹਨੇਰ ਨਹੀਂ ਰੱਬਾ।
ਜਦੋਂ ਦੇਣਾ ਹੁੰਦਾ ਫਲ ਤੂੰ ਲਾਉਂਦਾ ਦੇਰ ਨਹੀਂ ਰੱਬਾ।
ਕੋਈ ਕਹਿੰਦਾ ਸੀ ਹਰਪ੍ਰੀਤ ਉੱਤੇ ਸਾੜਸੱਤੀ ਚਲਦੀ।
ਮੰਨਦੇ ਸੀ ਗੁਰੂ ਨੂੰ, ਸਾਡਾ ਸਾੜਸੱਤੀ ਕੀ ਕਰਦੀ ?
ਭਾਣਾ ਮੰਨ ਗੁਰੂ ਦਾ ਅੱਗੇ ਵਧਦੇ ਗਏ ਸੀ।
ਰਾਹ ਵਾਲ਼ੇ ਰੋੜੇ ਸਾਰੇ 'ਪੰਮਿਆ' ਆਪੇ ਹਟਦੇ ਗਏ ਸੀ।

ਸੰਨ 1998 ਵਿੱਚ ਸ਼ੇਰਾ ਪੰਜਾਬ ਚਲਾ ਗਿਆ, ਪਰ ਮੈਂ ਨਹੀਂ ਗਿਆ। ਪਹਿਲਾਂ ਜਿੰਨੀ ਵਾਰੀ ਮੈਂ ਪੰਜਾਬ ਗਿਆ, ਓਦੋਂ ਸ਼ੇਰੇ ਦੇ ਘਰ ਜਾਂਦਾ ਰਿਹਾ। ਸ਼ੇਰੇ ਦੇ ਘਰਦਿਆਂ ਨੂੰ ਇਸ ਤਰ੍ਹਾਂ ਲੱਗਣਾ ਜਿਵੇਂ ਸ਼ੇਰਾ ਹੀ ਆ ਗਿਆ ਹੁੰਦਾ। ਅਸੀਂ ਵੀ ਮਲਵਈ ਬੋਲੀ ਸੁਣ ਕੇ ਬੜੇ ਖ਼ੁਸ਼ ਹੁੰਦੇ। ਮੈਂ ਅਤੇ ਮੇਰੇ ਘਰਵਾਲ਼ੀ ਜਸਬੀਰ ਕੌਰ ਜਾਂਦੇ ਹੁੰਦੇ ਸੀ। ਸ਼ੇਰਾ ਓਦੋਂ ਵਿਆਹ ਕਰਾ ਕੇ ਆਇਆ ਸੀ। ਸ਼ੇਰਾ ਜਦੋਂ ਦਾ ਬਾਹਰ ਆਇਆ ਸੀ, ਪਹਿਲੀ ਵਾਰ ਹੀ ਪੰਜਾਬ

ਗਿਆ ਸੀ। ਸਾਡੇ ਘਰ ਵੀ ਜਾ ਕੇ ਆਇਆ।

ਮੈਂ 1999 ਦੇ ਦਸੰਬਰ ਅਖੀਰ ਵਿੱਚ ਪੰਜਾਬ ਗਿਆ। ਬੇਟਾ ਹਰਕਮਲ ਸਿੰਘ ਦੀ ਖੁਸ਼ੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਾਇਆ। 1999 ਦੀ ਫ਼ਰਵਰੀ ਦੇ ਅਖੀਰ ਵਿੱਚ ਆ ਕੇ ਕੰਮ ਸ਼ੁਰੂ ਕਰ ਦਿੱਤਾ। ਮੈਂ ਵੀ ਇਕੱਲਾ ਧੱਕੇ ਖਾ ਰਿਹਾ ਸੀ ਤੇ ਮੇਰਾ ਪੁਰਾਣਾ ਦੋਸਤ ਬਲਬੀਰ ਸਿੰਘ ਘੁਮਾਲਾ ਵੀ ਮਾਰਕੀਟਾਂ ਵਾਲੇ ਕੰਮ ਵਿੱਚ ਇਕੱਲਾ ਧੱਕੇ ਖਾ ਰਿਹਾ ਸੀ। ਉਹ ਵੀ ਅੰਮ੍ਰਿਤਧਾਰੀ ਸੀ। ਬੜਾ ਮਿਹਨਤੀ ਸਿੰਘ ਸੀ। ਅਸੀਂ ਸਵਿਟਜ਼ਰਲੈਂਡ ਵਾਲੇ ਪਾਸੇ ਜ਼ਿਆਦਾ ਮਾਰਕੀਟਾਂ ਲਾਉਂਦੇ ਸੀ। ਇੱਕ ਮਾਰਕੀਟ ਵਿੱਚ ਦੋ ਹੀ ਜਣੇ ਸੀ, ਅਸੀਂ ਆਪਣਾ ਸਟੈਂਡ ਲਾ ਲਿਆ ਤੇ ਸਾਡੀ ਸੋਹਣੀ ਸੇਲ ਹੋਈ।

ਬਲਬੀਰ ਸਿੰਘ ਕਹਿੰਦਾ- "ਕੱਲ੍ਹ ਨੂੰ ਇੱਕ ਮਾਰਕੀਟ ਹੈਗੀ, ਓਥੇ ਚਲ ਕੇ ਵੀ ਆਪਾਂ ਸਾਂਝਾ ਸਟੈਂਡ ਲਾ ਲਵਾਂਗੇ।" ਮੈਂ ਕਿਹਾ ਠੀਕ ਆ। ਉਸ ਦਿਨ ਵੀ ਸਾਡੀ ਵਧੀਆ ਸੇਲ ਹੋ ਗਈ। ਸਾਨੂੰ ਅੰਦਾਜਾ ਹੋ ਗਿਆ ਕਿ ਸਾਡਾ ਇਕੱਠਿਆਂ ਦਾ ਕੰਮ ਵਧੀਆ ਚੱਲ ਸਕਦਾ। ਫਿਰ ਅਸੀਂ ਪੂਰਾ ਮਾਰਚ ਦਾ ਮਹੀਨਾ ਇਕੱਠਿਆਂ ਮਾਰਕੀਟਾਂ ਲਾਈਆਂ ਤਾਂ ਵਾਹਿਗੁਰੂ ਦੀ ਬਹੁਤ ਕਿਰਪਾ ਰਹੀ। ਮਈ ਦੇ ਮਹੀਨੇ ਵਿੱਚ ਦੋਹਾਂ ਸਟੈਂਡਾਂ ਦਾ ਸਮਾਨ/ਸਟਾਕ ਗਿਣ ਕੇ ਪੱਕਿਆਂ ਤੌਰ 'ਤੇ ਕੰਮ ਇਕੱਠਾ ਕਰ ਲਿਆ। ਸਾਰੀ ਲਿਖਤ-ਪੜ੍ਹਤ ਹੋ ਗਈ। ਬਲਬੀਰ ਸਿੰਘ ਕਹਿੰਦਾ ਜੇ ਹੁਣ ਕਰਜ਼ਾ ਲਾਹੁਣਾ ਤਾਂ ਤਕੜਾ ਹੋ ਜਾ। ਮੈਂ ਕਿਹਾ ਠੀਕ ਆ। ਸਾਡੇ ਦੋਹਾਂ ਸਿਰ ਕਾਫ਼ੀ ਸਰਕਾਰੀ ਕਰਜ਼ਾ ਹੋ ਗਿਆ ਸੀ। ਉਸ ਦਾ ਪਾਰਟਨਰ ਵੀ ਛੱਡ ਗਿਆ ਸੀ ਤੇ ਮੇਰੇ ਪਾਰਟਨਰ ਵੀ ਛੱਡ ਗਏ ਸਨ।

ਭਾਈ ਬਲਬੀਰ ਸਿੰਘ ਘੁਮਾਲਾ ਸਰੀਰੋਂ ਕਾਫ਼ੀ ਤਕੜਾ ਸੀ ਤੇ ਵਾਹਿਗੁਰੂ ਦੀ ਕਿਰਪਾ ਨਾਲ਼ ਦਾਸ ਦਾ ਦਿਮਾਗ ਤਕੜਾ ਸੀ। ਹੁਣ ਮਾਨੋ ਸਾਡੇ ਲਈ ਰੱਬ ਨੇ ਛੱਪਰ ਪਾੜ ਦਿੱਤਾ ਸੀ। ਸਾਰੇ ਕੰਮ ਸਿੱਧੇ ਹੁੰਦੇ ਗਏ। ਕਰਜ਼ੇ ਵੀ ਲੱਥ ਗਏ। ਬਲਬੀਰ ਸਿੰਘ ਘੁਮਾਲਾ ਨੂੰ ਸੰਨ 2000 ਵਿੱਚ ਪੰਜਾਬ ਲੈ ਕੇ ਗਏ। ਉਹ ਵੀ ਨੌਂ ਸਾਲ ਬਾਅਦ ਪਹਿਲੀ ਵਾਰ ਪੰਜਾਬ ਗਿਆ ਸੀ। ਉਸ ਗੇੜੇ ਦੌਰਾਨ ਉਸ ਦਾ ਵਿਆਹ ਹੋਇਆ। ਮੈਂ, ਸ਼ੇਰਾ ਤੇ ਭਾਅ ਸੁਲੱਖਣ ਸਿੰਘ ਹੋਰੀਂ ਵੀ ਗਏ।

ਫਿਰ ਸਮਾਂ ਪਾ ਕੇ ਅਸੀਂ ਆਸਟਰੀਆ ਦੇ ਸਿਟੀਜਨ ਵੀ ਹੋ ਗਏ। 2003 ਵਿੱਚ ਮੇਰੇ ਅਤੇ ਵੀਰ ਬਲਬੀਰ ਸਿੰਘ ਘੁਮਾਲਾ ਦੇ ਪਰਿਵਾਰ ਵੀ ਆਸਟਰੀਆ ਆ ਗਏ। 1999 ਤੋਂ ਲੈ ਕੇ 2007 ਤਕ ਮੈਂ ਅਤੇ ਬਲਬੀਰ ਸਿੰਘ ਹਿੱਸੇਦਾਰ ਰਹੇ। 2007 ਵਿੱਚ ਉਹ ਸਮੇਤ ਪਰਿਵਾਰ ਪੰਜਾਬ ਵਾਪਸ ਚਲਾ ਗਿਆ। ਫਿਰ 2013 ਜਾਂ 2014 ਵਿੱਚ ਵਾਪਸ ਆਸਟਰੀਆ ਆ ਗਿਆ ਅਤੇ ਹੁਣ ਵਿਆਨਾ ਸ਼ਹਿਰ ਵਿੱਚ ਰਹਿ ਰਿਹਾ ਹੈ।

ਮੈਂ ਵੀ ਆਪਣੇ ਪਰਿਵਾਰ ਨਾਲ਼ ਵਿਆਨਾ ਤੋਂ 500 ਕਿੱਲੋਮੀਟਰ ਦੂਰ 'ਇੰਸਬੁਰਕ' ਸ਼ਹਿਰ ਵਿੱਚ ਰਹਿ ਰਿਹਾ ਹਾਂ। ਪਿੰਡ, ਘਰ, ਪੰਜਾਬ ਦਿਮਾਗ ਵਿੱਚੋਂ ਨਿਕਲ਼ ਨਹੀਂ ਰਹੇ।

ਜਦੋਂ ਸਮਾਂ ਲੱਗੇ ਪੰਜਾਬ ਵਾਹਿਗੁਰੂ ਦੀ ਕਿਰਪਾ ਨਾਲ ਜਾਈਦਾ ਹੈ। ਪਰ ਹੁਣ ਕੰਮ-ਕਾਰ, ਘਰ ਪਰਿਵਾਰ ਇੱਥੇ ਹੀ ਹੈ ਸਭ ਕੁਝ।

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥

* * * * *

ਆਸਟਰੀਆ 'ਚ ਧਾਰਮਿਕ ਗਤੀਵਿਧੀਆਂ

ਭਾਈ ਸੁਲੱਖਣ ਸਿੰਘ ਜੀ ਵਿਆਨਾ ਵਾਲਿਆਂ, ਜਿਨ੍ਹਾਂ ਕੋਲ ਮੈਂ ਸ਼ੁਰੂ ਵਿੱਚ ਰਿਹਾ ਵੀ ਸੀ, ਉਹਨਾਂ ਨੇ ਮੈਨੂੰ ਕੰਮ ਵੀ ਸਿਖਾਇਆ ਸੀ।

ਉਹਨਾਂ ਨੇ 1992 ਤੋਂ, ਸ਼ਾਇਦ ਉਸ ਤੋਂ ਪਹਿਲਾਂ ਦਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਖ਼ਿਲਾਫ਼ ਮੋਰਚਾ ਖੋਲ੍ਹਿਆ ਹੋਇਆ ਸੀ। ਉਹਨਾਂ ਦੇ ਨਾਲ ਬਲਕਾਰ ਨਾਂ ਦਾ ਸਹਿਜਧਾਰੀ ਸਿੱਖ ਸੀ। ਕਾਰਨ ਇਹ ਸੀ ਕਿ ਜਿਨ੍ਹਾਂ ਪੁਰਾਣੇ ਬੰਦਿਆਂ ਨੇ ਗੁਰਦੁਆਰਾ ਸਾਹਿਬ ਬਣਾਇਆ ਸੀ, ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਭ-ਸੰਭਾਲ ਅਤੇ ਰਹਿਤ ਮਰਿਆਦਾ ਬਾਰੇ ਇੰਨਾ ਗਿਆਨ ਨਹੀਂ ਸੀ।

'ਮਾਂਗਟ' ਗੋਤ ਦਾ ਫ਼ੌਜੀ ਕਿਸਮ ਦਾ ਬੰਦਾ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਸੀ। ਸ਼ੁਰੂਆਤ ਵਿੱਚ ਮਾਂਗਟ ਅਤੇ ਪੁਰਾਣੇ ਬੰਦੇ ਸਿਰਫ਼ ਐਤਵਾਰ ਨੂੰ ਗੁਰਦੁਆਰਾ ਸਾਹਿਬ ਖੋਲ੍ਹਦੇ ਤੇ ਪ੍ਰੋਗਰਾਮ ਕਰਦੇ ਸਨ। ਬਾਕੀ ਸਾਰਾ ਹਫ਼ਤਾ ਬੰਦ ਰੱਖਦੇ ਸਨ। ਪ੍ਰਧਾਨ ਮਾਂਗਟ ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਰੱਖਿਆ ਹੋਇਆ ਸੀ। ਲੋਕ ਦੱਸਦੇ ਸਨ ਕਿ ਉਹ ਐਤਵਾਰ ਨੂੰ ਅਟੈਚੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪਾ ਕੇ ਲੈ ਆਉਂਦਾ ਅਤੇ ਸਮਾਪਤੀ ਤੋਂ ਬਾਅਦ ਅਟੈਚੀ ਵਿੱਚ ਪਾ ਕੇ ਵਾਪਸ ਲੈ ਜਾਂਦਾ ਸੀ। ਇਹ ਘਟਨਾਵਾਂ ਸਾਡੇ ਆਉਣ ਤੋਂ ਪਹਿਲਾਂ ਦੀਆਂ ਹਨ, ਅਸੀਂ ਸਿਰਫ਼ ਸੁਣੀਆਂ ਹੀ ਸਨ।

ਮਾਂਗਟ ਵੈਸੇ ਵਿਆਨਾ ਦੇ ਯੂ.ਐਨ.ਓ. ਦੇ ਦਫ਼ਤਰ ਵਿੱਚ ਕੰਮ ਕਰਦਾ ਸੀ। ਉਸ ਦੇ ਨਾਲ਼ ਇੱਕ ਨਰਿੰਦਰ ਸਿੰਘ ਤੇ ਹਰਦੇਵ ਸਿੰਘ ਭਾਊ ਹੋਰੀਂ ਸਨ। ਸੁਣਨ ਵਿੱਚ ਆਇਆ ਸੀ ਕਿ ਇਹ ਬੰਦੇ ਗੁਰਦੁਆਰਾ ਸਾਹਿਬ ਵਾਲ਼ੀ ਜਗ੍ਹਾ ਵਿੱਚ ਹੀ ਕਿਸੇ ਦੇ ਵਿਆਹ-ਸ਼ਾਦੀ ਜਾਂ ਬੱਚਾ ਹੋਣ ਦੀ ਪਾਰਟੀ ਵੀ ਕਰ ਲੈਂਦੇ ਸਨ। ਇਹ ਅਸੀਂ ਸਿਰਫ਼ ਸੁਣਿਆ, ਸੱਚ ਝੂਠ ਤਾਂ ਵਾਹਿਗੁਰੂ ਹੀ ਜਾਣੇ। ਪਰ ਸੁਲੱਖਣ ਸਿੰਘ ਜੀ ਅਤੇ ਬਲਕਾਰ ਸਿੰਘ ਹੁਰਾਂ ਨੇ ਮੋਰਚਾ ਜਾਰੀ ਰੱਖਿਆ। 1990 ਤੋਂ ਬਾਅਦ ਪੰਜਾਬ ਦੀ ਖਾੜਕੂ ਲਹਿਰ ਵਿੱਚੋਂ ਸਿੰਘ ਆਉਣੇ ਸ਼ੁਰੂ ਹੋ ਗਏ।

ਮਾਂਗਟ ਹੋਰੀਂ ਵੈਸੇ ਯੁਗਾਂਡਾ ਅਫ਼ਰੀਕਾ ਤੋਂ ਇੱਥੇ ਆ ਕੇ ਵੱਸੇ ਸਨ। ਵੈਸੇ ਮਾਂਗਟ ਹਿਸਾਬ-ਕਿਤਾਬ ਵਿੱਚ ਸੌ ਪ੍ਰਤੀਸ਼ਤ ਇਮਾਨਦਾਰ ਸੀ। ਹੁਣ ਉਸ ਨੂੰ ਇਹ ਲੱਗਦਾ ਸੀ ਕਿ

ਇਹ ਨਵੇਂ ਬੰਦੇ ਜਾਂ ਸੁਲੱਖਣ ਸਿੰਘ ਹੋਰੀਂ ਸਾਡੇ ਨਾਲ ਧੱਕਾ ਕਰ ਰਹੇ ਹਨ। ਭਾਈ ਸੁਲੱਖਣ ਸਿੰਘ ਹੋਰੀਂ ਜਾਂ ਉਹਨਾਂ ਦੇ ਨਾਲ ਦੇ ਸਾਥੀ ਸੋਚਦੇ ਸਨ ਕਿ ਮਰਿਆਦਾ ਦਾ ਘਾਣ ਹੋ ਰਿਹਾ ਹੈ।

ਵੈਸੇ ਮੇਰੇ ਆਉਣ ਤਕ ਮਾਮਲਾ ਕਾਫ਼ੀ ਸੁਲਝ ਚੁੱਕਾ ਸੀ। ਇੱਕ ਤਾਂ ਓਦੋਂ ਪੰਜਾਬ ਤੋਂ ਜਿਆਦਾ ਬੰਦੇ ਆਉਣ ਲੱਗ ਪਏ। ਇਸ ਕਾਰਨ ਪ੍ਰਬੰਧਕਾਂ 'ਤੇ ਦਬਾਅ ਬਣਾਇਆ ਗਿਆ ਕਿ ਗੁਰਦੁਆਰਾ ਸਾਹਿਬ ਰੋਜ਼ਾਨਾ ਖੋਲ੍ਹਿਆ ਜਾਵੇ, ਸਵੇਰ-ਸਾਮ ਦਾ ਨਿੱਤਨੇਮ ਹੋਵੇ, ਪ੍ਰਸ਼ਾਦਾ ਪਾਣੀ ਤਿਆਰ ਹੋਵੇ। ਸੇਵਾ ਕਰਨ ਵਾਲੀਆਂ ਸੰਗਤਾਂ ਦੀ ਹੁਣ ਕੋਈ ਕਮੀ ਨਹੀਂ ਸੀ।

ਕੋਈ ਵੀ ਦੇਸ਼ ਹੋਵੇ, ਪ੍ਰਦੇਸਾਂ ਵਿੱਚ ਆ ਕੇ ਨਵੇਂ ਬੰਦਿਆਂ ਨੂੰ ਗੁਰਦੁਆਰਾ ਸਾਹਿਬ ਦਾ ਬੜਾ ਵੱਡਾ ਆਸਰਾ ਹੁੰਦਾ ਹੈ ਕਿਉਂਕਿ ਹਰ ਕਿਸੇ ਦਾ ਕੋਈ ਪ੍ਰਦੇਸਾਂ ਵਿੱਚ ਜਾਣਨ ਵਾਲਾ ਹੁੰਦਾ ਨਹੀਂ। ਕਈ ਤਾਂ ਰੱਬ ਆਸਰੇ ਹੀ ਆ ਜਾਂਦੇ ਹਨ ਤਾਂ ਅੱਗੋਂ ਰੱਬ ਹੀ ਕੋਈ ਨਾ ਕੋਈ ਢੋਅ ਬਣਾ ਦਿੰਦਾ ਹੈ। ਭਾਰਤ ਜਾਂ ਪੰਜਾਬ ਤੋਂ ਕੋਈ ਵੀ ਪ੍ਰਦੇਸ ਵਿੱਚ ਨਵਾਂ ਆਉਂਦਾ ਹੈ, ਉਹ ਭਾਵੇਂ ਕਿਸੇ ਵੀ ਧਰਮ ਜਾਂ ਫਿਰਕੇ ਜਾਂ ਜਾਤ ਨਾਲ ਸੰਬੰਧ ਰੱਖਦਾ ਹੋਵੇ, ਉਹ ਬਾਬੇ ਨਾਨਕ ਦੇ ਦਰ ਦਾ ਆਸਰਾ ਹੀ ਭਾਲਦਾ ਹੈ। ਉਹਨਾਂ ਨੂੰ ਪਤਾ ਹੁੰਦਾ ਰਹਿਣ-ਸਹਿਣ ਲਈ ਆਸਰਾ ਮਿਲੇ ਜਾਂ ਨਾ ਮਿਲੇ, ਪਰ ਢਿੱਡ ਭਰਨ ਲਈ ਗੁਰੂ ਕਾ ਲੰਗਰ ਤਾਂ ਮਿਲ ਹੀ ਜਾਣਾ ਹੈ।

ਮੇਰੇ ਆਉਣ ਤੋਂ ਪਹਿਲਾਂ ਭਾਈ ਸੁਲੱਖਣ ਜੀ ਹੁਰਾਂ ਨਾਲ ਕਾਫ਼ੀ ਨਵੇਂ ਬੰਦੇ ਜੁੜ ਗਏ ਸਨ। ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨਵਾਂਸ਼ਹਿਰ, ਭਾਈ ਗੁਰਮੇਲ ਸਿੰਘ ਫਿਲੋਰ, ਉਹਨਾਂ ਦੇ ਭਰਾਤਾ ਭਾਈ ਰਾਮ ਸਿੰਘ, ਸ਼ਮਸ਼ੇਰ ਸਿੰਘ ਸੇਰਾ ਅਤੇ ਹੋਰ ਕਾਫ਼ੀ ਸਿੰਘ ਸਨ।

ਜੱਦੋਜਹਿਦ ਕਰਕੇ ਗੁਰਦੁਆਰਾ ਸਾਹਿਬ ਰੋਜ਼ਾਨਾ ਖੁੱਲ੍ਹਣ ਲੱਗ ਪਿਆ। ਐਤਵਾਰ ਪ੍ਰੋਗਰਾਮ ਹੁੰਦਾ ਹੀ ਹੁੰਦਾ ਸੀ। ਓਦੋਂ ਜਰਨੈਲ ਸਿੰਘ ਨਾਂ ਦਾ ਗ੍ਰੰਥੀ ਸਿੰਘ ਸੀ, ਉਹ ਕੀਰਤਨ ਵੀ ਕਰ ਲੈਂਦਾ ਸੀ। ਉਸ ਦੇ ਬਾਰੇ ਖ਼ਬਰ ਬਾਹਰ ਆ ਗਈ ਕਿ ਉਹ ਮਹਾਂਪ੍ਰਸ਼ਾਦ (ਮੀਟ) ਛਕ ਲੈਂਦਾ ਹੈ। ਇਹ ਹੁਣ ਮਾਂਗਟ ਗਰੁੱਪ ਨਾਲ ਸੰਬੰਧਿਤ ਸੀ। ਹਾਲੇ ਤਕ ਮਾਂਗਟ ਗਰੁੱਪ ਭਾਈ ਸੁਲੱਖਣ ਸਿੰਘ ਹੋਰਾਂ ਜਾਂ ਫ਼ੈਡਰੇਸ਼ਨ ਵਾਲ਼ੇ ਸਿੰਘਾਂ ਗੁਰਬਖ਼ਸ਼ ਸਿੰਘ ਖ਼ਾਲਸਾ, ਗੁਰਮੇਲ ਸਿੰਘ ਹੋਰਾਂ ਨੂੰ ਨੇੜੇ ਨਹੀਂ ਲੱਗਣ ਦਿੰਦਾ ਸੀ, ਪਰ ਹੌਲੀ-ਹੌਲੀ ਇਹਨਾਂ ਸਿੰਘਾਂ ਦਾ ਪਲੜਾ ਭਾਰੀ ਹੋ ਰਿਹਾ ਸੀ। ਆਮ ਸੰਗਤਾਂ ਨੂੰ ਵੀ ਹੁਣ ਸੱਚ ਝੂਠ ਦੀ ਸਮਝ ਆਉਣ ਲੱਗ ਪਈ ਸੀ। ਮਹਾਰਾਜ ਜੀ ਦੇ ਸਰੂਪ ਵੀ ਹੁਣ ਅਟੈਚੀ ਵਿੱਚ ਆਉਣੋਂ ਬੰਦ ਹੋ ਗਏ ਸਨ। ਭਾਈ ਰਾਮ ਸਿੰਘ ਜੀ ਭਾਵੇਂ ਓਦੋਂ ਹਾਲੇ ਸਹਿਜਧਾਰੀ ਹੀ ਸਨ ਪਰ ਉਹਨਾਂ ਨੇ ਕਾਮਰੇਡਾਂ ਦਾ ਵੀ ਸੰਗ ਕੀਤਾ ਹੋਇਆ ਸੀ। ਦਿਮਾਗੀ ਤੌਰ 'ਤੇ ਕਾਫ਼ੀ ਤੇਜ਼-ਤਰਾਰ ਸਨ। ਉਹ ਹੁਣ ਸਾਨੂੰ ਅਤੇ ਕੁਝ ਪੁਰਾਣੇ ਸਾਡੇ ਵਾਲ਼ੇ ਬੰਦਿਆਂ ਨੂੰ ਸਿੱਖਿਆ ਦੇ ਰਹੇ ਸਨ ਕਿ ਹੁਣ ਕੰਮ ਕੰਢੇ 'ਤੇ

ਹੀ ਆ, ਦਬਾਅ ਕਾਫ਼ੀ ਬਣ ਚੁੱਕਿਆ ਮਾਂਗਟ ਅਤੇ ਉਹਨਾਂ ਦੀ ਪਾਰਟੀ ਉੱਤੇ। ਉਹਨਾਂ ਨੂੰ ਅਹਿਸਾਸ ਵੀ ਹੋਣ ਲੱਗ ਗਿਆ ਕਿ ਅਸੀਂ ਗ਼ਲਤ ਹਾਂ ਪਰ ਮੰਨਦੇ ਨਹੀਂ ਹਨ।

ਮਾਂਗਟ ਬਹੁਤ ਅੜੀਅਲ ਅਤੇ ਜਿੱਦੀ ਸੁਭਾਅ ਦਾ ਬੰਦਾ ਸੀ। ਰਾਮ ਸਿੰਘ ਕਹਿੰਦਾ- "ਕਈ ਵਾਰੀ ਬੰਦਾ ਘਰਦਿਆਂ ਦੀ ਗੱਲ ਨਹੀਂ ਮੰਨਦਾ ਹੁੰਦਾ, ਉਸ ਨੂੰ ਬਾਹਰੋਂ ਕਿਸੇ ਤੋਂ ਅਖਵਾਉਣਾ ਪੈਂਦਾ ਹੈ, ਇਸ ਲਈ ਆਪਾਂ ਜਦੋਂ ਕੋਈ ਗੱਲ ਕਰਦੇ ਹਾਂ ਇਹ ਕਹਿ ਦਿੰਦੇ ਹਨ ਇਹ ਕੱਲ੍ਹ ਦੇ ਛੋਕਰੇ, ਇਹ ਅੱਜ ਇੰਡੀਆ ਤੋਂ ਆ ਕੇ ਸਾਨੂੰ ਪੁਰਾਣੇ ਬੰਦਿਆਂ ਨੂੰ ਮੱਤਾਂ ਦਿੰਦੇ ਹਨ। ਇਸ ਲਈ ਜਿੱਥੇ ਗੁਰਦੁਆਰਾ ਸਾਹਿਬ ਹੋਰ ਪ੍ਰੋਗਰਾਮ ਕਰਾਏ ਜਾਂਦੇ ਹਨ ਤਾਂ ਆਪਾਂ ਜੂਨ 1984 ਦਾ ਘੱਲੂਘਾਰਾ ਦਿਵਸ ਵੀ ਮਨਾਈਏ ਤੇ ਜਰਮਨ ਅਤੇ ਇੰਗਲੈਂਡ ਤੋਂ ਪ੍ਰਚਾਰਕ ਬੁਲਾਈਏ। ਉਹਨਾਂ ਨੂੰ ਇੱਥੋਂ ਦੀ ਸਥਿਤੀ ਬਾਰੇ ਸਪਸ਼ਟ ਦੱਸ ਦਿੱਤਾ ਜਾਵੇ, ਬਾਕੀ ਉਹਨਾਂ ਨੇ ਆਪ ਹੀ ਸਭ ਸੰਭਾਲ਼ ਲੈਣਾ, ਇਸ ਤਰ੍ਹਾਂ ਕਰਨ ਨਾਲ਼ ਇਹਨਾਂ ਉੱਤੇ ਕਾਫ਼ੀ ਅਸਰ ਪਵੇਗਾ।"

ਇਸੇ ਤਰ੍ਹਾਂ ਹੀ ਕੀਤਾ ਗਿਆ। ਜਰਮਨ ਅਤੇ ਇੰਗਲੈਂਡ ਤੋਂ ਆਏ ਪ੍ਰਚਾਰਕਾਂ ਵੱਲੋਂ ਘੱਲੂਘਾਰਾ ਦਿਵਸ ਬਾਰੇ ਬੋਲਣ ਦੇ ਨਾਲ਼-ਨਾਲ਼ ਗੁਰਮਤਿ ਰਹਿਤ ਮਰਯਾਦਾ ਬਾਰੇ ਵੀ ਖੂਬ ਪ੍ਰਚਾਰ ਕੀਤਾ ਗਿਆ। ਨਾਲ਼ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੀ ਗਠਿਤ ਕਰ ਦਿੱਤੀ ਗਈ। ਓਧਰ ਪੰਜਾਬ ਵਿੱਚ ਖਾੜਕੂ ਸੰਘਰਸ਼ ਵੀ ਜ਼ੋਰਾਂ 'ਤੇ ਸੀ।

1992-93 ਵਿੱਚ ਵਿਆਨਾ ਸ਼ਹਿਰ ਵਿੱਚ ਖਾੜਕੂ ਲਹਿਰ ਅਤੇ ਖਾੜਕੂ ਸਿੰਘਾਂ ਦਾ ਬੋਲਬਾਲਾ ਹੋ ਗਿਆ। ਦੂਜਾ ਪ੍ਰੋਗਰਾਮ ਅਸੀਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ 'ਤੇ ਕਰਵਾ ਦਿੱਤਾ। ਬਾਕੀ ਇੰਗਲੈਂਡ ਤੋਂ ਆਏ 'ਚਲਦਾ ਵਹੀਰ' ਜਥਾ ਵਾਲ਼ੇ ਵੀ ਕਾਫ਼ੀ ਪ੍ਰਚਾਰ ਕਰ ਰਹੇ ਸਨ। ਅਸੀਂ ਵੀ ਅੰਮ੍ਰਿਤ ਉਹਨਾਂ ਕੋਲ਼ੋਂ ਛਕਿਆ ਸੀ। ਮੈਂ ਦੁਬਾਰਾ ਛਕਿਆ ਸੀ। ਇਸ ਤਰ੍ਹਾਂ ਕਰਨ ਨਾਲ਼ ਮਾਂਗਟ ਹੋਰੀਂ ਹਥਿਆਰ ਸੁੱਟ ਹੀ ਗਏ। ਉਹਨਾਂ ਦੀ ਜਗ੍ਹਾ ਪ੍ਰਧਾਨ ਭਾਈ ਸੁਲੱਖਣ ਸਿੰਘ ਜੀ ਹੋਰਾਂ ਨੂੰ ਬਣਾ ਦਿੱਤਾ ਗਿਆ। ਨਾਲ਼ ਹੋਰ ਕਮੇਟੀ ਮੈਂਬਰ ਦੇ ਦਿੱਤੇ ਗਏ। ਜਰਨੈਲ ਸਿੰਘ ਦੀ ਜਗ੍ਹਾ ਗ੍ਰੰਥੀ ਬਾਬਾ ਓਂਕਾਰ ਸਿੰਘ ਜੀ ਜੋ ਇੰਡੀਆ ਤੋਂ ਵੀ ਪਾਠੀ ਸਨ ਅਤੇ ਕੀਰਤਨ ਵੀ ਕਰ ਲੈਂਦੇ ਸਨ, ਉਹਨਾਂ ਨੂੰ ਬਣਾ ਦਿੱਤਾ ਗਿਆ। ਹੁਣ ਸੰਗਤਾਂ ਜ਼ਿਆਦਾ ਹੋਣ ਕਰਕੇ ਗੁਰਦੁਆਰਾ ਸਾਹਿਬ ਵੱਡਾ ਕਰਨ ਬਾਰੇ ਵਿਚਾਰਾਂ ਹੋਣ ਲੱਗ ਪਈਆਂ। ਮਾਇਆ ਵੀ ਜ਼ਿਆਦਾ ਚਾਹੀਦੀ ਸੀ। ਕੰਮ-ਕਾਰ ਤਕਰੀਬਨ ਸਾਰਿਆਂ ਦੇ ਠੀਕ ਹੀ ਸਨ। ਸੰਗਤਾਂ ਨੇ ਮੋਰਚਾ ਸੰਭਾਲ਼ ਲਿਆ। ਵਿਆਨਾ ਦੇ 22 ਡਿਸਟਿਕ ਵਿੱਚ ਛੱਤੀ-ਛਤਾਈ ਜਗ੍ਹਾ ਵੇਖ ਲਈ ਗਈ। ਕਿਸੇ ਨੇ ਪੰਜਾਹ ਹਜ਼ਾਰ ਸ਼ਲਿੰਗ, ਕਿਸੇ ਨੇ ਵੀਹ ਹਜ਼ਾਰ ਸ਼ਲਿੰਗ, ਕਿਸੇ ਨੇ ਦਸ ਹਜ਼ਾਰ, ਪੰਜ ਹਜ਼ਾਰ ਸ਼ਲਿੰਗ ਸੇਵਾ ਕਰਾਈ। ਮੈਂ ਅਤੇ ਸ਼ੇਰੇ ਨੇ ਦਸ-ਦਸ ਹਜ਼ਾਰ ਸ਼ਲਿੰਗ ਲਿਖਾਇਆ ਅਤੇ ਦਿੱਤਾ ਵੀ। ਕਈ ਵਿੱਚੋਂ ਮੁੱਕਰ ਵੀ ਗਏ ਜਾਂ ਜਿੰਨੀ ਲਿਖਾਈ ਉਸ ਤੋਂ ਘੱਟ ਦਿੱਤੀ। ਚਲੋ, ਖ਼ੈਰ ਕਈ ਵਾਰੀ ਹਾਲਾਤਾਂ ਅਨੁਸਾਰ ਜਾਂ ਕਿਸੇ ਹੋਰ ਮਜਬੂਰੀ ਕਰਕੇ ਇਨਸਾਨ ਕੀਤੇ ਵਾਅਦੇ ਉੱਤੇ ਟਿਕ ਨਹੀਂ ਸਕਦਾ।

ਜਦੋਂ ਮੈਂ 1993 ਵਿੱਚ ਪੰਜਾਬ ਤੋਂ ਹੋ ਕੇ ਵਾਪਸ ਆਸਟਰੀਆ ਆਇਆ ਸੀ, ਉਦੋਂ ਗੁਰਦੁਆਰਾ ਸਾਹਿਬ ਨਵੀਂ ਜਗ੍ਹਾ ਉੱਤੇ ਸੰਗਤਾਂ ਵੱਲੋਂ ਤਿਆਰ ਕਰ ਲਿਆ ਗਿਆ ਸੀ। ਕਾਫੀ ਖੁੱਲ੍ਹੀ ਜਗ੍ਹਾ ਸੀ। ਦਰਬਾਰ ਸਾਹਿਬ ਦਾ ਹਾਲ ਵੱਖਰਾ, ਸੰਗਤ ਹਾਲ ਵੱਖਰਾ, ਰਸੋਈ, ਗੁੰਦੀ ਸਿੰਘ ਦਾ ਕਮਰਾ ਬਾਥਰੂਮ ਸਭ ਕੁਝ ਅਲੱਗ ਸੀ। ਗੁਰਦੁਆਰਾ ਸਾਹਿਬ ਵੀ ਦੇ ਅਤੇ ਦੀ ਟਰਾਮ ਲੰਘਦੀ ਹੈ। ਜਿਨ੍ਹਾਂ ਸੰਗਤਾਂ ਕੋਲ ਆਪਣੀਆਂ ਕਾਰਾਂ ਨਹੀਂ ਸਨ, ਉਹ ਵੀ ਬੜੇ ਅਰਾਮ ਨਾਲ ਗੁਰਦੁਆਰਾ ਸਾਹਿਬ ਆ ਸਕਦੀਆਂ ਹਨ।

ਅੱਜ ਵੀ ਗੁਰਦੁਆਰਾ ਸਾਹਿਬ ਓਸੇ ਜਗ੍ਹਾ 'ਤੇ ਸੁਸੋਭਿਤ ਹੈ। ਕਰੀਬ ਸੰਨ 2000 ਜਾਂ ਇਸ ਦੇ ਆਸ-ਪਾਸ ਤਕ ਨਵੀਂ ਤਿੰਨ ਮੰਜ਼ਿਲਾਂ ਇਮਾਰਤ ਬਣ ਗਈ ਸੀ। ਸਭ ਤੋਂ ਉੱਪਰ ਗੁਰੂ ਮਹਾਰਾਜ ਦਾ ਦਰਬਾਰ, ਉਸ ਤੋਂ ਥੱਲੇ ਇੱਕ ਖੁੱਲ੍ਹਾ ਹਾਲ, ਬਾਥਰੂਮ, ਗੁੰਦੀ ਸਿੰਘ ਲਈ ਕਮਰਾ, ਸਭ ਤੋਂ ਥੱਲੇ ਰਸੋਈ, ਲੰਗਰ ਹਾਲ, ਜੋੜਾ ਘਰ ਹੈ। ਗੁਰੂ ਮਹਾਰਾਜ ਜੀ ਕਿਰਪਾ ਨਾਲ ਸਭ ਕੁਝ ਚੱਲ ਰਿਹਾ ਹੈ। ਜਦੋਂ ਅਸੀਂ ਨਵੇਂ ਆਏ ਸੀ, ਦਸਤਾਰਾਂ ਵਾਲੇ ਸਿੰਘ ਬਹੁਤ ਘੱਟ ਨਜ਼ਰ ਆਉਂਦੇ ਸਨ, ਹੌਲੀ-ਹੌਲੀ ਸਿੱਖੀ ਦਾ ਪ੍ਰਚਾਰ ਵਧਿਆ। ਫਿਰ ਲੱਕ ਅੰਮ੍ਰਿਤਪਾਨ ਕਰ ਕੇ ਸਿੰਘ ਸੱਜਣ ਲੱਗ ਗਏ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕੀਰਤਨੀ ਜਥੇ, ਕਥਾਵਾਚਕ, ਰਾਗੀ, ਢਾਡੀ, ਕਵੀਸ਼ਰ ਆਉਂਦੇ ਸਨ; ਅੱਜ ਵੀ ਆਉਂਦੇ ਹਨ। ਸਭ ਕੁਝ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਹੈ।

ਵਿਆਨਾ ਤੋਂ ਇਲਾਵਾ ਆਸਟਰੀਆ ਦੇ ਹੋਰ ਸ਼ਹਿਰਾਂ ਵਿੱਚ ਕਾਫ਼ੀ ਸਿੱਖ ਸੰਗਤਾਂ ਰਹਿ ਰਹੀਆਂ ਹਨ। ਉਹਨਾਂ ਸ਼ਹਿਰਾਂ ਵਿੱਚ ਗੁਰਦੁਆਰਾ ਸਾਹਿਬ ਬਣੇ ਹੋਏ ਹਨ। ਵਿਸਾਖੀ 'ਤੇ ਨਗਰ ਕੀਰਤਨ ਵੀ ਕੱਢੇ ਜਾਂਦੇ ਹਨ। ਜਿਸ ਆਸਟਰੀਆ ਦੇ ਸ਼ਹਿਰ 'ਇੰਨਸਬਰੁਕ' ਵਿੱਚ ਅਸੀਂ ਰਹਿ ਰਹੇ ਹਾਂ, ਇੱਥੇ ਆਪਣੀਆਂ ਪੰਜਾਬੀ ਸੰਗਤਾਂ ਘੱਟ ਹੋਣ ਕਰਕੇ ਗੁਰਦੁਆਰਾ ਸਾਹਿਬ ਬਣਾਉਣਾ ਹਾਲੇ ਅਸੰਭਵ ਹੈ। ਫਿਰ ਵੀ ਦਾਸ ਨੇ ਸੰਗਤਾਂ ਨਾਲ ਮਸ਼ਵਰਾ ਕਰ ਕੇ ਰਲ਼-ਮਿਲ਼ ਕੇ 2018 ਵਿੱਚ ਵਿਸਾਖੀ ਦਾ ਪ੍ਰੋਗਰਾਮ ਕਰਾਇਆ ਸੀ। ਸਾਡੇ ਕੋਲ਼ ਕੋਈ ਵੀ ਸਮਾਨ ਦਾ ਇੰਤਜਾਮ ਨਹੀਂ ਸੀ। ਹਾਲ ਅਸੀਂ ਕਿਰਾਏ ਉੱਤੇ ਲੈ ਲਿਆ। ਇਹ ਇੱਕ ਪ੍ਰਾਇਮਰੀ ਸਕੂਲ ਦਾ ਹਾਲ ਸੀ। ਇਸ ਵਿੱਚ ਰਸੋਈ ਸਟੋਰ ਵਗੈਰਾ ਸਭ ਕੁਝ ਸੀ। ਸਾਡੇ ਨੇੜੇ ਇਟਲੀ ਦੇ ਸ਼ਹਿਰ 'ਬੁਲਜਾਨੋ' ਵਿੱਚ ਗੁਰਦੁਆਰਾ ਸਾਹਿਬ ਹੈ। ਕਦੇ-ਕਦਾਈਂ ਅਸੀਂ ਓਥੇ ਮੱਥਾ ਟੇਕਣ ਜਾਂਦੇ ਹਾਂ। ਓਥੇ ਦੇ ਪ੍ਰਧਾਨ ਸਾਹਬ ਨਾਲ ਅਸੀਂ ਗੱਲ ਕੀਤੀ ਕਿ ਅਸੀਂ ਇਸ ਤਰ੍ਹਾਂ ਪ੍ਰੋਗਰਾਮ ਕਰਾ ਰਹੇ ਹਾਂ। ਉਹ ਕਹਿੰਦੇ- "ਤਰੀਕ ਦੱਸ ਦਿਓ ਅਤੇ ਸਾਡੇ ਕੋਲ਼ ਸਾਰਾ ਇੰਤਜਾਮ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਅਤੇ ਦੇਗ ਅਸੀਂ ਲੈ ਆਵਾਂਗੇ, ਬਾਕੀ ਤੁਹਾਨੂੰ ਕੋਈ ਵੀ ਦਰੀਆਂ, ਚਾਦਰਾਂ, ਭਾਂਡਾ ਚਾਹੀਦਾ ਹੋਵੇ, ਇੱਥੋਂ ਲੈ ਜਾਣਾ, ਰਾਗੀ ਜਥਾ ਸਾਡੇ ਨਾਲ਼ ਹੀ ਆ ਜਾਵੇਗਾ।" ਇੱਕ ਢਾਡੀ ਜਥਾ ਵੀ ਅਸੀਂ ਇਟਲੀ ਤੋਂ ਹੀ ਕਰ ਲਿਆ।

7 ਅਪ੍ਰੈਲ 2018 ਦਾ ਪ੍ਰੋਗਰਾਮ ਐਤਵਾਰ ਦੇ ਦਿਨ ਦਾ ਰੱਖ ਲਿਆ ਗਿਆ। ਸਾਡੇ

ਸ਼ਹਿਰ ਵਿੱਚ ਖ਼ਬਰ ਫੈਲ ਗਈ ਕਿ ਸਿੱਖ ਇਸ ਤਰ੍ਹਾਂ ਪ੍ਰੋਗਰਾਮ ਕਰਾ ਰਹੇ ਹਨ। ਸਾਡੇ ਸ਼ਹਿਰ ਵਿੱਚ ਸਿੱਖ ਪਰਿਵਾਰ ਦਸ ਕੁ ਹੀ ਹਨ। ਹੋਰ ਵਰਗਾਂ ਦੇ ਲੋਕ ਕਾਫ਼ੀ ਹਨ। ਪਹਿਲਾ ਪ੍ਰੋਗਰਾਮ ਹੋਣ ਕਰਕੇ ਅਸੀਂ ਡਰਦੇ ਸੀ ਕਿ ਨਾ ਤਾਂ ਸਾਡੇ ਕੋਲ ਕੋਈ ਇੰਨਾ ਜ਼ਿਆਦਾ ਇੰਤਜਾਮ ਹੈ, ਸੋਚਿਆ ਕਿ ਸਿਰਫ਼ ਆਪਣੇ-ਆਪਣੇ ਪਰਿਵਾਰ ਹੀ ਰਲ ਕੇ ਕਰ ਲੈਂਦੇ ਹਾਂ। ਹੁਣ ਮੇਨ ਜ਼ਿੰਮੇਵਾਰੀ ਸੰਗਤਾਂ ਨੇ ਮੇਰੀ ਲਾਈ ਸੀ। ਪ੍ਰੋਗਰਾਮ ਕਰਨ ਤੋਂ ਪਹਿਲਾਂ ਸ਼ਹਿਰ ਦੇ ਸਾਰੇ ਬੰਦਿਆਂ ਨੇ ਰਲ ਕੇ ਮੀਟਿੰਗ ਵੀ ਕੀਤੀ। ਓਥੇ ਵੀ ਇਹੀ ਫੈਸਲਾ ਹੋਇਆ ਕਿ ਹਾਲੇ ਹੋਰ ਕਿਸੇ ਨੂੰ ਨਾ ਕਿਹਾ ਜਾਵੇ। ਆਪਸ ਵਿੱਚ ਰਲ ਕੇ ਹੀ ਪ੍ਰੋਗਰਾਮ ਕਰ ਲਿਆ ਜਾਵੇ। ਲੰਗਰ ਬਣਾਉਣ ਦੀ ਜ਼ਿੰਮੇਵਾਰੀ ਰੈਸਟੋਰੈਂਟ ਵਾਲ਼ੇ ਵੀਰਾਂ ਨੇ ਲੈ ਲਈ। ਬੀਬੀਆਂ ਕਹਿੰਦੀਆਂ ਦਾਲਾਂ-ਸਬਜ਼ੀਆਂ ਰੈਸਟੋਰੈਂਟਾਂ ਵਿੱਚ ਬਣਾ ਲਓ, ਪ੍ਰਸਾਦੇ ਹਾਲ ਦੀ ਰਸੋਈ ਵਿੱਚ ਅਸੀਂ ਤਿਆਰ ਕਰ ਲਵਾਂਗੀਆਂ। ਸਾਡੇ ਸ਼ਹਿਰ ਵਿੱਚ ਪੁਰਾਣੇ ਸਮੇਂ ਤੋਂ ਹੀ ਕਾਫ਼ੀ ਨਿਰੰਕਾਰੀ ਪਰਿਵਾਰ ਰਹਿੰਦੇ ਹਨ। ਉਹਨਾਂ ਦੇ ਹੁਣ ਦੇ ਕੰਮਾਂ-ਕਾਰਾਂ ਕਰਕੇ ਸਾਡੇ ਪੰਜਾਬੀਆਂ/ਸਿੱਖਾਂ ਨਾਲ਼ ਵੀ ਕੋਈ ਨਾ ਕੋਈ ਸੰਬੰਧ ਹਨ। ਮੈਂ ਅਤੇ ਪਰਸ਼ਨ ਸਿੰਘ ਸੰਧੂ ਪ੍ਰੋਗਰਾਮ ਦੀ ਤਿਆਰੀ ਕਰ ਰਹੇ ਸੀ ਤੇ ਨਾਲ਼ ਦੀ ਨਾਲ ਉਗਰਾਹੀ ਕਰ ਰਹੇ ਸੀ। ਪ੍ਰਤੀ ਪਰਿਵਾਰ 200 ਯੂਰੋ ਸੇਵਾ ਲਾਈ ਸੀ। ਅਸੀਂ ਉਗਰਾਹੀ ਲਈ 'ਬਾਲੀਵੁੱਡ ਤੰਦੂਰੀ ਇੰਡੀਅਨ ਰੈਸਟੋਰੈਂਟ' ਵਿੱਚ ਗਏ। ਉਸ ਦਾ ਮਾਲਕ ਪਰਮਜੀਤ ਸਿੰਘ ਜੋ ਕਿ ਸਾਡਾ ਮਿੱਤਰ ਵੀ ਹੈ, ਉਹ ਸਾਨੂੰ ਕਹਿੰਦਾ- "ਨਿਰੰਕਾਰੀਆਂ ਨੂੰ ਨਹੀਂ ਕਹਿਣਾ ਪ੍ਰੋਗਰਾਮ ਦਾ?" ਅਸੀਂ ਕਿਹਾ- "ਜਦੋਂ ਸਾਰਿਆਂ ਦੀ ਮੀਟਿੰਗ ਹੋਈ ਸੀ, ਓਦੋਂ ਤੂੰ ਇੰਡੀਆ ਸੀ, ਓਦੋਂ ਇਹੀ ਫੈਸਲਾ ਹੋਇਆ ਸੀ ਸਾਰੇ ਪੰਜਾਬੀ ਪਰਿਵਾਰ ਰਲ਼ ਕੇ ਪ੍ਰੋਗਰਾਮ ਕਰਾ ਲਈਏ, ਨਾਲ਼ੇ ਆਪਾਂ ਕਿਹੜਾ ਕਦੇ ਉਹਨਾਂ ਦੇ ਭਵਨ ਵਿੱਚ ਜਾਨੇ ਆਂ।" ਪਰਮਜੀਤ ਸਿੰਘ ਕਹਿੰਦਾ- "ਬਾਕੀ ਤੁਸੀਂ ਸਿਆਣੇ ਹੋ, ਜੋ ਆਪਾਂ ਪ੍ਰੋਗਰਾਮ ਕਰਵਾ ਰਹੇ ਇਹ ਗੁਰਦੁਆਰਾ ਸਾਹਿਬ ਵਾਂਗ ਹੀ ਹੈ, ਸਭ ਨੇ ਆ ਜਾਣਾ ਹੈ। ਲੰਗਰ ਪਾਣੀ ਦਾ ਇੰਤਜਾਮ ਵੀ ਓਸੇ ਹਿਸਾਬ ਨਾਲ਼ ਹੀ ਕਰੀਏ। ਬਾਕੀ ਮੈਨੂੰ ਸੂਚਨਾ ਮਿਲ਼ੀ ਹੈ ਕਿ ਨਿਰੰਕਾਰੀ ਪਰਿਵਾਰ ਆਉਣ ਲਈ ਤਿਆਰ ਬੈਠੇ ਹਨ ਪਰ ਉਹ ਤੁਹਾਡੇ ਸੁਨੇਹੇ ਦਾ ਇੰਤਜ਼ਾਰ ਕਰ ਰਹੇ ਹਨ।" ਮੈਂ ਕਿਹਾ- "ਵਿਸਾਖੀ ਦਾ ਪ੍ਰੋਗਰਾਮ ਹੈ, ਢਾਡੀ ਆਉਣੇ ਨੇ, 1978 ਦੀ ਵਿਸਾਖੀ ਦਾ ਜ਼ਿਕਰ ਵੀ ਹੋਵੇਗਾ, ਐਵੇਂ ਕੋਈ ਗੜਬੜ ਹੀ ਨਾ ਹੋ ਜਾਵੇ।" ਪੰਮਾ ਬਾਈ ਕਹਿੰਦਾ- "ਕੁਝ ਨਹੀਂ ਹੁੰਦਾ, ਉਹ ਤੀਹ-ਤੀਹ ਪੰਜਾਹ-ਪੰਜਾਹ ਸਾਲ ਪੁਰਾਣੇ ਇੱਥੇ ਰਹਿ ਰਹੇ ਹਨ, ਸਭ ਸਮਝਦੇ ਹੁੰਦਾ, ਉਹ ਤੀਹ-ਤੀਹ ਪੰਜਾਹ-ਪੰਜਾਹ ਸਾਲ ਪੁਰਾਣੇ ਇੱਥੇ ਰਹਿ ਰਹੇ ਹਨ, ਸਭ ਸਮਝਦੇ ਹਨ। ਢਾਡੀਆਂ ਨੂੰ ਕਹਿ ਦੇਵਾਂਗੇ 1978 ਦਾ ਪ੍ਰਸੰਗ ਨਾ ਸੁਣਾਉਣ ਹੋਰ ਬਥੇਰਾ ਇਤਿਹਾਸ ਹੈ ਸੁਣਾਉਣ ਲਈ। ਜੇ ਆਪਾਂ ਨਿਰੰਕਾਰੀਆਂ, ਹਿੰਦੂ ਪਰਿਵਾਰਾਂ ਜਾਂ ਪਾਕਿਸਤਾਨੀ ਮੁੰਡਿਆਂ ਨੂੰ ਨਾ ਸੱਦਿਆ ਆਪਣੀ ਹੇਠੀ ਹੋ ਸਕਦੀ ਹੈ।"

ਚਲੋ ਜੀ, ਅਸੀਂ ਸਭ ਨੂੰ ਵਾਹਿਗੁਰੂ ਦਾ ਨਾਮ ਲੈ ਕੇ ਫ਼ੋਨ ਕਰ ਦਿੱਤੇ। 'ਇੰਸਬਰੁਕ' ਗੁਰੂ ਮਹਾਰਾਜ ਜੀ ਨੇ ਪੂਰੀ ਸ਼ਹਿਰ ਦਾ 2018 ਦੀ ਵਿਸਾਖੀ ਦਾ ਪਹਿਲਾ ਪ੍ਰੋਗਰਾਮ

ਚੜ੍ਹਦੀ ਕਲਾ ਵਿੱਚ ਆਪ ਜੀ ਕਰਵਾਇਆ। ਸਭ ਵਰਤਾਂ ਦੇ ਭੋਗ ਆਏ, ਹਾਲ ਪੂਰਾ ਫੁਲ ਹੋ ਗਿਆ। ਹਾਲ ਦੀ ਸਜਾਵਟ, ਗੁਰੂ ਗ੍ਰੰਥ ਸਾਹਿਬ ਜੀ ਦਾ ਬੜਾ ਸੋਹਿਣਾ, ਰਾਗੀਆਂ-ਢਾਡੀਆਂ ਲਈ ਸਟੇਜ ਮਹਾਰਾਜ ਜੀ ਦੀ ਕਿਰਪਾ ਨਾਲ ਇਸ ਤਰ੍ਹਾਂ ਤਿਆਰ ਹੋਈ ਕਿ ਸਹਿਰ ਦੇ ਲੋਕ, ਬੀਬੀਆਂ ਸਾਨੂੰ ਵਧਾਈਆਂ ਹੀ ਦੇਣ ਲੱਗ ਪਏ ਕਿ "ਗੁਰਦੁਆਰਾ ਸਾਹਿਬ ਬਣਾਉਣ ਦੀਆਂ ਵਧਾਈਆਂ।'

ਹਾਲ ਪੂਰਾ ਭਰ ਗਿਆ ਸੀ। ਚਾਹ ਦੇ ਲੰਗਰ ਸਵੇਰ ਤੋਂ ਹੀ ਚੱਲ ਪਏ ਸਨ, ਨਾਲ ਪਕੌੜੇ ਮਠਿਆਈਆਂ ਚੱਲ ਰਹੀਆਂ ਸੀ। ਇੱਕ ਵਜੇ ਤੋਂ ਬਾਅਦ ਲੰਗਰ ਚਾਲੂ ਕਰ ਦਿੱਤਾ ਗਿਆ। ਪਹਿਲਾਂ ਸੁਖਮਨੀ ਸਾਹਿਬ ਜੀ ਦਾ ਪਾਠ ਹੋਇਆ। ਫਿਰ ਕੀਰਤਨ, ਫਿਰ ਢਾਡੀ ਜਥਾ। ਸੰਗਤਾਂ ਅਤੇ ਸੇਵਾਦਾਰਾਂ ਵਿੱਚ ਭਾਰੀ ਉਤਸਾਹ ਸੀ। ਇਟਲੀ ਤੋਂ ਅਮਰਦੀਪ ਸਿੰਘ ਹੋਰੀਂ (ਗੁਰਦਾਸਪੁਰ ਜ਼ਿਲ੍ਹੇ ਤੋਂ) ਸਾਡੇ ਵਾਰਡ ਸਨ; ਭਾਣੀ ਸੰਗਤਾਂ ਲੈ ਕੇ ਆਏ। ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਹੋਰ ਸੰਗਤਾਂ ਵੀ ਇਟਲੀ ਤੋਂ ਆਈਆਂ ਸਨ। ਆਸਟਰੀਆ ਦੇ 'ਸਾਲਸਬੁਰਗ' ਸਹਿਰ ਤੋਂ ਸੰਗਤਾਂ ਆਈਆਂ ਸਨ। ਵਿਦਾਇਗੀ 'ਤੇ ਸਭ ਨੂੰ ਮਠਿਆਈ ਵਰਤਾਈ ਗਈ। ਇੱਕ ਨਿਰੰਕਾਰੀ ਬੀਬੀ ਕਹਿੰਦੀ- "ਮੈਂ ਪੈਂਤੀ ਸਾਲਾਂ ਵਿੱਚ ਪਹਿਲੀ ਵਾਰ ਆਪਣੀਆਂ ਅੱਖਾਂ ਨਾਲ 'ਇੰਨਸਬਰੁਕ' ਸਹਿਰ ਵਿੱਚ ਇਸ ਤਰ੍ਹਾਂ ਦਾ ਸ਼ਾਨੀਦ ਪ੍ਰੋਗਰਾਮ ਵੇਖਿਆ ਹੈ, ਧੰਨ ਹੋ ਤੁਸੀਂ ਅਤੇ ਤੁਹਾਡਾ ਗੁਰੂ।" ਮੇਰੇ ਪੰਜਾਬ ਇੰਡੀਅਨ ਰੈਸਟੋਰੈਂਟ ਦੇ ਮਾਲਕ ਭਾਟੀਆ ਸਾਹਬ ਕਹਿੰਦੇ- "ਤੁਸੀਂ ਸਾਰੇ ਸਹਿਰ ਨੂੰ ਇਕੱਠਾ ਕਰ ਦਿੱਤਾ।"

ਫਿਰ 2019 ਵਿੱਚ ਅਸੀਂ ਪੰਜਾਬ ਤੋਂ ਦਰੀਆਂ, ਚਾਦਰਾਂ, ਥਾਲ, ਗਿਲਾਸ, ਚਮਚੇ ਆਦਿ ਹੋਰ ਜ਼ਰੂਰੀ ਸਮਾਨ ਮੰਗਵਾ ਲਿਆ। ਉਸ ਨਾਲ ਸਾਡੇ ਇਟਲੀ ਦੇ ਗੇੜੇ ਬਚ ਗਏ।

ਦੂਜੀ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਸਟਰੀਆ ਦੇ ਸਾਲਸਬੁਰਗ ਸ਼ਹਿਰ ਤੋਂ ਆਈ। 28 ਅਪ੍ਰੈਲ 2019 ਨੂੰ ਐਤਵਾਰ ਵਾਲੇ ਦਿਨ ਪ੍ਰੋਗਰਾਮ ਕਰਵਾਇਆ। ਇਸ ਵਾਰੀ ਵੀ ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਹੋਈ, ਚੜ੍ਹਦੀ ਕਲਾ ਵਿੱਚ ਪ੍ਰੋਗਰਾਮ ਹੋਇਆ। ਉਸੇ ਦਿਨ ਹੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਗੁਰਪੁਰਬ ਮਨਾਉਣ ਲਈ 3 ਨਵੰਬਰ 2019 ਦੀ ਤਰੀਕ ਐਲਾਨ ਦਿੱਤੀ ਗਈ। ਤੀਜਾ ਪ੍ਰੋਗਰਾਮ ਵੀ ਚੜ੍ਹਦੀ ਕਲਾ ਵਿੱਚ ਹੋਇਆ। ਇਸ ਵਾਰ ਫਿਰ ਇਟਲੀ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਮੰਗਵਾਈ ਗਈ। 550 ਸਾਲਾ ਗੁਰੂ ਨਾਨਕ ਦੇਵ ਜੀ ਆਗਮਨ ਪੁਰਬ ਪੂਰੀ ਦੁਨੀਆਂ ਵਿੱਚ ਹੀ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ ਸੀ। ਭਾਈ ਗਰਚਾ ਸਿੰਘ ਜੀ ਵਿਆਨਾ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਵਾਰਾਂ ਪੂਰੇ ਜੋਸ਼ ਵਿੱਚ ਸੁਣਾਈਆਂ ਸਨ। ਹੁਣ 2020 ਅਤੇ 2021 ਵਿੱਚ ਕਰੋਨਾ ਕਰਕੇ ਦੁਬਾਰਾ ਕੋਈ ਪ੍ਰੋਗਰਾਮ ਨਹੀਂ ਹੋ ਸਕਿਆ।

* * * * *

ਹੋਂਦ ਦੀ ਲੜਾਈ
ਮੇਰੇ ਪ੍ਰਦੇਸੀ ਭਰਾਵੋ! ਪੰਜਾਬ ਬਚਾ ਲਓ

ਪੰਜਾਬ, ਭਾਰਤ ਅਤੇ ਪੂਰੀ ਦੁਨੀਆਂ ਵਿੱਚ ਵੱਸਦੇ ਸਿੱਖਾਂ ਲਈ, ਸਿੱਖ ਚਿੰਤਕਾਂ, ਬੁੱਧੀਜੀਵੀਆਂ, ਜਿਊਂਦੀ ਜ਼ਮੀਰ ਵਾਲ਼ੇ ਸਿਆਸਤਦਾਨਾਂ, ਲਿਖਾਰੀਆਂ, ਇਤਿਹਾਸਕਾਰਾਂ ਸਭ ਲਈ ਪਰਵਾਸ ਇੱਕ ਬਹੁਤ ਚਿੰਤਾ ਦਾ ਵਿਸ਼ਾ ਹੈ।

ਪਹਿਲਾਂ ਮੁਗਲਾਂ, ਫਿਰ ਅੰਗਰੇਜ਼ਾਂ ਅਤੇ ਫਿਰ ਕਾਲ਼ੇ ਅੰਗਰੇਜ਼ਾਂ ਨੇ ਸਿੱਖ ਕੌਮ ਉੱਤੇ ਬਹੁਤ ਜ਼ੁਲਮ ਢਾਹੇ ਹਨ ਅਤੇ ਅੱਜ ਵੀ ਢਾਹ ਰਹੇ ਹਨ। ਬਹੁਤ ਨੁਕਸਾਨ ਕਰਾਉਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਸੀ। ਜਿਸ ਨੂੰ 'ਖ਼ਾਲਸਾ ਰਾਜ' ਕਿਹਾ ਜਾਂਦਾ ਸੀ। ਉਸ ਰਾਜ ਨੂੰ ਸਦੀਵੀ ਕਾਇਮ ਰੱਖਣ ਦੀ ਲੋੜ ਸੀ ਪਰ ਸਿੱਖ ਕੌਮ ਦੀ ਬਦਕਿਸਮਤੀ ਕਿ ਖ਼ਾਲਸਾ ਰਾਜ ਸਦੀਵ ਕਾਇਮ ਨਹੀਂ ਰਹਿ ਸਕਿਆ, ਜਿਸ ਦੇ ਕਾਰਨ ਕੋਈ ਵੀ ਹੋਣ। ਸਿੱਖ ਹਮੇਸ਼ਾਂ ਮੁਗ਼ਲਾਂ, ਅੰਗਰੇਜ਼ਾਂ ਅਤੇ ਕਾਲ਼ੇ ਅੰਗਰੇਜ਼ਾਂ ਦੇ ਨਿਸ਼ਾਨੇ ਉੱਤੇ ਰਹੇ ਹਨ। ਕਾਰਨ ਇਹ ਕਿ ਆਪਣਾ ਨਫ਼ਾ-ਨੁਕਸਾਨ ਵੇਖੇ ਬਿਨਾਂ ਹੀ ਸਿੱਖ ਕੌਮ ਦੁਸ਼ਮਣ ਅੱਗੇ ਚੱਟਾਨ ਵਾਂਗ ਖੜ੍ਹ ਜਾਂਦੀ ਹੈ।

ਜਿਸ ਦੀ ਤਾਜ਼ਾ ਮਿਸਾਲ ਹੈ ਕਿਸਾਨੀ ਅੰਦੋਲਨ। ਮੁਗਲਾਂ ਨੇ ਆਪਣੇ ਤਰੀਕੇ ਨਾਲ਼ ਨੁਕਸਾਨ ਕੀਤਾ, ਅੰਗਰੇਜ਼ ਪੜ੍ਹੇ-ਲਿਖੇ ਸਨ, ਉਹਨਾਂ ਆਪਣੇ ਤਰੀਕੇ ਨਾਲ਼ ਨੁਕਸਾਨ ਕੀਤਾ ਅਤੇ ਅੱਜ ਵਾਲ਼ੇ ਕਾਲ਼ੇ ਅੰਗਰੇਜ਼ ਪੜ੍ਹੇ-ਲਿਖੇ ਹੋਣ ਦੇ ਨਾਲ਼-ਨਾਲ਼ ਮੱਕਾਰ ਅਤੇ ਦਰਿੰਦੇ ਵੀ ਹਨ। ਸ਼ਾਤਰ ਹਨ, ਕਲਮ-ਦਿਮਾਗ ਅਤੇ ਕਨੂੰਨਾਂ ਦੀ ਮਾਰ, ਮਾਰਦੇ ਹਨ। ਸ਼ੋਅ ਵੀ ਨਹੀਂ ਹੁੰਦੇ, ਬੋਲਦੇ ਵੀ ਨਹੀਂ ਹਨ ਅਤੇ ਜੂੰ ਦੀ ਚਾਲੇ ਨੁਕਸਾਨ ਵੀ ਕਰੀ ਜਾ ਰਹੇ ਹਨ। ਅਸੀਂ ਸਿੱਖ ਤੱਤੇ ਵੀ ਛੇਤੀ ਹੋ ਜਾਂਦੇ ਹਾਂ, ਕਾਹਲ਼ੇ ਵੀ ਪੈ ਜਾਂਦੇ ਹਾਂ, ਬੜਬੋਲੇ ਵੀ ਹਾਂ ਪਰ ਸਭ ਤੋਂ ਵੱਡਾ ਗੁਣ ਸਿਰੜੀ ਹਾਂ। ਅੱਜ ਦਾ ਸਾਡਾ ਦੁਸ਼ਮਣ ਲੰਮੀ ਮਾਰ ਕਰਨ ਵਾਲ਼ਾ ਹੈ, ਨੁਕਸਾਨ ਵੀ ਕਰੀ ਜਾ ਰਿਹਾ ਹੈ ਅਤੇ ਲੁਕ ਵੀ ਰਿਹਾ ਹੈ। ਇਹ ਦੁਸ਼ਮਣ ਮੁਗ਼ਲਾਂ ਅਤੇ ਅੰਗਰੇਜ਼ਾਂ ਨਾਲ਼ੋਂ ਕਿਤੇ ਵਧ ਖ਼ਤਰਨਾਕ ਹੈ। ਜੇ ਸਿੱਖ ਰੌਲ਼ਾ ਪਾਉਂਦੇ ਹਨ ਤਾਂ ਇੱਕ ਕਦਮ ਅੰਗਰੇਜ਼ਾਂ ਨਾਲ਼ੋਂ ਕਿਤੇ ਵਧ ਖ਼ਤਰਨਾਕ ਹੈ। ਜੇ ਸਿੱਖ ਰੌਲ਼ਾ ਪਾਉਂਦੇ ਹਨ ਤਾਂ ਇੱਕ ਕਦਮ ਪਿੱਛੇ ਹਟ ਜਾਂਦਾ ਹੈ। ਜਦੋਂ ਕੁਝ ਸਮਾਂ ਚੁੱਪ-ਚਾਪ ਹੋ ਜਾਂਦੀ ਹੈ ਤਾਂ ਦੋ ਕਦਮ ਅੱਗੇ ਵਧ

ਜਾਂਦਾ ਹੈ।

ਅੰਗਰੇਜ਼ਾਂ ਨੂੰ ਸਿੱਖਾਂ ਨੇ ਹੀ ਆਪਣੇ ਬਾਹੂਬਲ ਨਾਲ ਜੂਝਦਿਆਂ ਸਦੀਆਂ ਦੇ ਰੋ ਭਜਾਇਆ ਸੀ, ਬਾਕੀ ਕੌਮਾਂ ਦਾ ਕੁਝ ਪ੍ਰਸੈਂਟ ਨਾ-ਮਾਤਰ ਹੀ ਹਿੱਸਾ ਸੀ ਪਰ ਅੰਗਰੇਜ਼ਾਂ ਅਤੇ ਸ਼ਾਤਰ ਹਿੰਦੂ ਲੀਡਰਾਂ ਨੇ ਬੜੀ ਸੋਚੀ-ਸਮਝੀ ਚਾਲ ਨਾਲ ਪੰਜਾਬ ਦੇ ਦੋ ਟੋਟੇ ਕਰ ਕੇ ਸਿੱਖ ਕੌਮ ਨੂੰ ਕਮਜ਼ੋਰ ਕਰ ਦਿੱਤਾ। 1947 ਵਿੱਚ ਦਿੱਲੀ ਵਿਖੇ ਅਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ, ਏਧਰ ਪੰਜਾਬ ਵਿੱਚ ਕਤਲੋਗਾਰਤ ਹੋ ਰਹੀ ਸੀ। ਸਿੱਖ ਅਤੇ ਮੁਸਲਮਾਨ ਬੇਸਮਝੀ ਕਾਰਨ ਇੱਕ ਦੂਜੇ ਦੇ ਦੁਸ਼ਮਣ ਬਣ ਬੈਠੇ ਸਨ। ਕਰੀਬ 10 ਲੱਖ ਬੰਦਾ ਦੋਨੋਂ ਪਾਸਿਓਂ ਮਰਿਆ। ਉਜਾੜਾ ਵੱਖਰਾ ਹੋਇਆ। ਜੋ ਇੱਜ਼ਤਾਂ ਲੁੱਟੀਆਂ ਗਈਆਂ, ਉਸ ਦਾ ਕੋਈ ਹਿਸਾਬ ਹੀ ਨਹੀਂ। ਉਸ ਤੋਂ ਬਾਅਦ ਪੰਜਾਬ ਨੂੰ ਹੋਰ ਛਾਂਗਿਆ ਗਿਆ; ਹਿਮਾਚਲ ਅਤੇ ਹਰਿਆਣਾ ਖੋਹ ਲਏ ਗਏ। ਪੰਜਾਬ ਸੂਬੇ ਨੂੰ ਜੋ ਇੱਕ ਦੇਸ਼ ਹੁੰਦਾ ਸੀ 'ਪੰਜਾਬੀ ਸੂਬੀ' ਜਿਹੀ ਬਣਾ ਦਿੱਤਾ ਗਿਆ। ਕਮਜ਼ੋਰ ਅਤੇ ਢਿੱਲੇ ਸਿੱਖ ਲੀਡਰਾਂ ਮਾਸਟਰ ਤਾਰਾ ਸਿੰਘ ਵਰਗਿਆਂ ਨੇ ਪੰਜਾਬੀ ਸੂਬੀ ਲੈਣ ਵਿੱਚ ਹੀ ਭਲਾ ਸਮਝਿਆ ਕਿ ਕਿਤੇ ਇਸ ਤੋਂ ਵੀ ਹੱਥ ਨਾ ਧੋਣੇ ਪੈ ਜਾਣ। ਬਹੁਗਿਣਤੀ ਸਿੱਖ ਹੋਣ ਕਰਕੇ ਪੰਜਾਬ, ਕੇਂਦਰ ਸਰਕਾਰ ਦੇ ਨਿਸ਼ਾਨੇ 'ਤੇ ਹਮੇਸ਼ਾ ਰਿਹਾ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਸਿੱਖ, ਜਾਟ, ਰਾਜਪੂਤ, ਬੰਗਾਲੀ ਆਦਿਕ ਹਿੰਦੋਸਤਾਨ ਵਿੱਚ ਅਣਖ਼ੀ ਕੌਮਾਂ ਹਨ। ਕੇਂਦਰ ਦੀਆਂ ਸਰਕਾਰਾਂ ਵੱਲੋਂ ਨੀਤੀਆਂ ਹੀ ਇਹੋ ਜਿਹੀਆਂ ਘੜੀਆਂ ਜਾਂਦੀਆਂ ਹਨ, ਜਿਸ ਕਰਕੇ ਪੰਜਾਬ ਦੀ ਬਹੁਗਿਣਤੀ ਸਿੱਖ ਕੌਮ ਦਿਨੋਂ-ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ। ਇੱਕ ਨਹੀਂ, ਹਰ ਪੱਖ ਤੋਂ ਸਿੱਖ ਕੌਮ ਨੂੰ ਕਮਜ਼ੋਰ ਕਰਨ ਲਈ ਹਿੰਦੁਸਤਾਨ ਦੀ ਸੈਂਟਰ ਸਰਕਾਰ ਅਤੇ ਭਾਰਤੀ ਏਜੰਸੀਆਂ, ਆਰ.ਐਸ.ਐਸ. ਵੱਲੋਂ ਇੱਕ ਸਾਂਝਾ ਮਿਸ਼ਨ ਸ਼ੁਰੂ ਕੀਤਾ ਹੋਇਆ ਹੈ, ਜਿਸ ਦੀ ਆਮ ਬੰਦੇ ਨੂੰ ਤਾਂ ਸਮਝ ਵੀ ਨਹੀਂ ਆ ਸਕਦੀ। ਸਿੱਖ ਕੌਮ ਨੂੰ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ, ਬੌਧਿਕ, ਜਿਸਮਾਨੀ, ਯਾਨੀ ਹਰ ਪੱਖੋਂ ਕਮਜ਼ੋਰ ਕਰਨਾ ਇਹਨਾਂ ਦਾ ਇੱਕ ਵਿਸ਼ੇਸ਼ ਮਿਸ਼ਨ ਹੈ। ਇਸ ਮਿਸ਼ਨ ਲਈ ਕਰੋੜਾਂ-ਅਰਬਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ ਅਤੇ ਇਸ ਮਿਸ਼ਨ ਲਈ ਹਜ਼ਾਰਾਂ ਬੰਦੇ ਦਿਨ-ਰਾਤ ਕੰਮ ਕਰ ਰਹੇ ਹਨ। ਗਾਹੇ-ਬਗਾਹੇ ਇਸ ਮਿਸ਼ਨ ਦੀਆਂ ਖ਼ਬਰਾਂ ਬਾਹਰ ਵੀ ਆ ਜਾਂਦੀਆਂ ਹਨ। ਜਿਸ ਤਰ੍ਹਾਂ ਪਿੱਛੇ ਜਿਹੇ ਨਾਨਕਸਰ ਸੰਪਰਦਾ ਵਿੱਚੋਂ 'ਜੋਨੀ ਬਾਬਾ' ਨੀਲੇ ਵਾਲ਼ਾ ਚਰਚਾ ਵਿੱਚ ਆਇਆ ਸੀ। ਉਸ ਨੇ ਚੈਨਲਾਂ ਰਾਹੀਂ ਇੱਕ ਨਹੀਂ, ਕਈ ਵਾਰੀ ਇਹ ਗੱਲ ਸੁਣਾਈ ਕਿ "ਮੈਨੂੰ ਕਰੋੜ ਰੁਪਏ ਦੀ ਆਫ਼ਰ ਆਈ ਸੀ ਕਿ ਤੂੰ ਸਿੱਖੀ ਦੇ ਹੱਕ ਵਿੱਚ ਪ੍ਰਚਾਰ ਕਰਨਾ ਛੱਡ ਦੇਹ, ਪਰ ਉਸ ਨੇ ਜਵਾਬ ਦੇ ਦਿੱਤਾ।"

ਇੱਕ ਛੋਟੇ ਜਿਹੇ ਪ੍ਰਚਾਰਕ ਨੂੰ ਕਰੋੜ ਰੁਪਏ ਦੀ ਆਫ਼ਰ ਹੋ ਸਕਦੀ ਹੈ ਤਾਂ ਹੋਰ ਨਾਮਵਾਰ ਪ੍ਰਚਾਰਕਾਂ ਬਾਰੇ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ। ਇਹ ਤਾਕਤਾਂ ਹਰ

ਵਕਤ ਸਿੱਖ ਸਿਧਾਂਤ ਉੱਤੇ ਚੋਟ ਕਰਦੀਆਂ ਰਹਿੰਦੀਆਂ ਹਨ।

ਡੇਰਾਵਾਦ, ਨਸ਼ੇ, ਲੱਚਰ ਗਾਇਕੀ, ਸੈਟੇਲਾਈਟ ਟੀ.ਵੀ. ਚੈਨਲ, ਹਿੰਦੀ ਨਿਊਜ਼ ਚੈਨਲ, ਸੋਸ਼ਲ ਮੀਡੀਆ ਅਤੇ ਹੋਰ ਕਈ ਤਰ੍ਹਾਂ ਦੇ ਸਾਧਨਾਂ ਨਾਲ ਇੱਕ ਲਹਿਰ ਚਲਾਈ ਹੋਈ ਹੈ ਕਿ ਸਿੱਖ, ਸਿੱਖੀ ਨਾਲੋਂ ਟੁੱਟਦੇ ਜਾਣ। ਖੇਤੀਬਾੜੀ ਦੇ ਧੰਦੇ ਵਿੱਚੋਂ ਮਾੜੇ ਜ਼ਿਮੀਦਾਰ ਨੂੰ ਬਚਦਾ ਕੁਝ ਨਹੀਂ, ਪੜ੍ਹੇ ਲਿਖਿਆਂ ਨੂੰ ਨੌਕਰੀ ਨਹੀਂ ਮਿਲਦੀ। ਇਸ ਸਾਰੇ ਕੁਝ ਨੂੰ ਇਕੱਠਾ ਕਰ ਕੇ ਇੱਕ ਮਹੌਲ ਸਿਰਜ ਦਿੱਤਾ ਗਿਆ ਹੈ ਹਰ ਆਦਮੀ ਇਹ ਸੋਚ ਰਿਹਾ ਹੈ ਕਿ ਇੱਥੇ ਕੁਝ ਨਹੀਂ ਰੱਖਿਆ, ਬਾਹਰ ਚੱਲੀਏ। ਥਾਂ-ਥਾਂ 'ਤੇ ਸਰਕਾਰਾਂ ਵੱਲੋਂ ਏਜੰਟ ਬਿਠਾਏ ਹੋਏ ਹਨ। ਬਾਕੀ ਸਾਰੀ ਰਹਿੰਦੀ ਕਸਰ 'ਆਈਲੈਟਸ' ਨੇ ਕੱਢ ਦਿੱਤੀ ਹੈ।

ਭਾਵੇਂ ਕਿ ਮੈਂ ਖੁਦ ਆਹ ਗੱਲਾਂ ਪ੍ਰਦੇਸ ਵਿੱਚ ਬੈਠ ਕੇ ਲਿਖ ਰਿਹਾ ਹਾਂ ਪਰ ਮੈਨੂੰ ਵੀ ਹਰ ਵਕਤ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਆਖ਼ਰਕਾਰ ਪੰਜਾਬ ਦਾ ਬਣੂੰ ਕੀ ? ਮੇਰੀ ਪਿੰਡ ਵਿੱਚ ਅੱਠ ਖੇਤ ਪੈਲੀ ਹੈ, ਕੋਠੀ ਹੈ, ਜੋ ਬੰਦ ਪਈ ਹੈ। ਇਸ ਵਿਸ਼ੇ ਉੱਤੇ ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲਾਂਬਾਤਾਂ ਹੁੰਦੀਆਂ ਰਹਿੰਦੀਆਂ ਹਨ। ਜਿਹੜਾ ਬੰਦਾ ਇੱਕ ਵਾਰ ਦੇਸ਼ ਛੱਡ ਕੇ ਵਿਦੇਸ਼ ਆ ਗਿਆ, ਸਮਝੋ ਉਸ ਦਾ ਪਿੱਛਾ ਉਜੜ ਗਿਆ, ਉਸ ਦਾ ਘਰ ਉਜੜ ਗਿਆ। ਇੱਕ-ਇੱਕ ਕਰ-ਕਰ ਕੇ ਪੰਜਾਬ ਉਜੜ ਰਿਹਾ ਹੈ। ਜਿਹੜੇ ਬੱਚੇ ਪ੍ਰਦੇਸਾਂ ਵਿੱਚ ਆ ਕੇ ਜਵਾਨ ਹੋਏ ਹਨ ਜਾਂ ਇੱਥੇ ਜੰਮੇ-ਪਲੇ ਹਨ ਉਹ ਮੂੰਹ ਨਹੀਂ ਕਰਦੇ ਪੰਜਾਬ ਵੱਲ। ਉਹ ਕਹਿੰਦੇ ਹਨ ਘੁੰਮਣ-ਫਿਰਨ ਲਈ ਜਾ ਸਕਦੇ ਹਾਂ ਪਰ ਪੱਕੇ ਵਾਪਸ ਨਹੀਂ ਜਾਣਾ। ਜਿਹੜੇ ਸਾਡੇ ਵਰਗੇ 20, 25, 30 ਸਾਲ ਦੇ ਹੋ ਕੇ ਪੰਜਾਬ ਤੋਂ ਆਏ ਹਨ ਉਹ ਚਾਹੁੰਦੇ ਹੋਏ ਵੀ ਆਪਣੇ ਬੱਚੇ-ਪਰਿਵਾਰਾਂ ਨੂੰ ਛੱਡ ਕੇ ਵਾਪਸ ਨਹੀਂ ਆ ਸਕਦੇ। ਇਸ ਚੀਜ਼ ਦਾ 50, 100, 200 ਸਾਲ ਬਾਅਦ ਕੀ ਨਤੀਜਾ ਹੋਵੇਗਾ; ਚਿੰਤਾ ਇਸ ਗੱਲ ਦੀ ਹੈ।

ਪਰ ਇਸ ਦੇ ਨਤੀਜੇ ਬਾਰੇ ਸਾਡਾ ਦੁਸ਼ਮਣ ਭਲੀ-ਭਾਂਤ ਜਾਣਦਾ ਹੈ।

'ਦੀਪ ਸਿੱਧੂ' ਦੀ ਇਹ ਗੱਲ ਸੌ ਪ੍ਰਤੀਸ਼ਤ ਸੱਚ ਹੈ ਕਿ "ਗੱਲ ਇਕੱਲੀ ਤਿੰਨ ਕਾਲੇ ਕਨੂੰਨਾਂ ਦੀ ਜਾਂ ਐਮ.ਐਸ.ਪੀ. ਦੀ ਨਹੀਂ, ਗੱਲ ਤਾਂ ਇਹ ਹੈ ਕਿ ਸਾਡੀ ਹੋਂਦ ਨੂੰ ਖ਼ਤਰਾ ਹੈ।"

ਸਿੱਖੀ ਦਾ ਕੱਟੜ ਦੁਸ਼ਮਣ, 'ਸ਼ਾਸਕ-ਹਿੰਦੂ' ਹੈ ਪਰ 'ਆਮ ਹਿੰਦੂ' ਨਹੀਂ। ਉਹ ਦੁਸ਼ਮਣ ਸਾਨੂੰ ਸਾਡੀ ਮਾਤ ਭੂਮੀ ਪੰਜਾਬ, ਸਾਡੀ ਜਨਮ ਭੂਮੀ, ਸਾਡੇ ਗੁਰੂਆਂ ਦੀ ਧਰਤੀ ਤੋਂ ਹਮੇਸ਼ਾ ਲਈ ਉਜਾੜਨਾ ਚਾਹੁੰਦਾ ਹੈ। ਉਹ ਪੰਜਾਬ ਵਿੱਚੋ ਸਿੱਖ ਗਿਣਤੀ ਘਟਾ ਕੇ ਪੰਜਾਬ ਨੂੰ ਹਿੰਦੀ ਸੂਬਾ ਬਣਾਉਣ ਲਈ ਬਜ਼ਿੱਦ ਹੈ। ਜਿਸ ਲਈ ਉਸ ਨੇ ਆਉਣ ਵਾਲੇ ਲੰਮੇ ਸਮੇਂ ਲਈ ਲੰਮੇ-ਚੌੜੇ ਪ੍ਰੋਜੈਕਟ ਤਿਆਰ ਕੀਤੇ ਹੋਏ ਹਨ। ਜਿਨ੍ਹਾਂ ਉੱਤੇ ਉਹ ਦਿਨ-ਰਾਤ ਕੰਮ ਕਰ ਰਿਹਾ ਹੈ। ਜ਼ਿਆਦਾ ਦਬਾਅ ਕਾਰਨ ਤਿੰਨ ਕਾਲੇ ਕਨੂੰਨ ਰੱਦ ਕਰਨੇ ਪੈ ਗਏ, ਇਸ ਨਾਲ ਫਿਰ ਕੀ ਹੋਇਆ। ਤੁਸੀਂ ਅੰਦੋਲਨ ਖਤਮ ਕਰ ਕੇ ਘਰਾਂ ਨੂੰ ਵਾਪਸ ਆ ਗਏ,

ਅਗਲੇ ਕੱਲ੍ਹ ਨੂੰ ਕੋਈ ਹੋਰ ਨਵਾਂ ਸੱਪ ਕੱਢ ਦੇਣਗੇ। ਫਿਰ ਉਸ ਲਈ ਅੰਦੋਲਨ ਲੜੋਂਗੇ। ਪਹਿਲਾਂ ਕਿਸਾਨੀ ਅੰਦੋਲਨ ਵਿੱਚ 700 ਤੋਂ ਉੱਪਰ ਜਾਨਾਂ ਗਵਾਈਆਂ, ਅਰਬਾਂ ਰੁਪਏ ਦਾ ਨੁਕਸਾਨ ਹੋਇਆ। ਜਿਹੜੇ ਸਾਲ ਭਰ ਘਰ ਹੀ ਨਹੀਂ ਗਏ, ਉਹਨਾਂ ਦਾ ਕੰਮਾਂ-ਕਾਰਾਂ ਦਾ ਵੀ ਕਿੰਨਾ ਨੁਕਸਾਨ ਹੋਇਆ।

ਹੇ ਪਿਆਰੇ ਸਿੱਖੋ! ਮੇਰੇ ਭਰਾਵੋ!! ਭਾਵੇਂ ਤੁਸੀਂ ਵਿਦੇਸ਼ਾਂ ਵਿੱਚ ਬੈਠੇ ਹੋ, ਭਾਵੇਂ ਤੁਸੀਂ ਦੇਸ਼-ਪੰਜਾਬ ਵਿੱਚ ਬੈਠੇ ਹੋ, ਕਿਰਪਾ ਕਰਕੇ ਜਾਗਦੇ ਰਹਿਣਾ। ਆਪਣੇ ਵੱਡੇ-ਵਡੇਰਿਆਂ ਦੀਆਂ ਉਮਰਾਂ ਜੰਗਾਂ ਵਿੱਚ ਲੰਘੀਆਂ ਹਨ ਅਤੇ ਆਪਾਂ ਵੀ ਨਵੇਂ ਦੁਸ਼ਮਣ ਦੀਆਂ ਚਾਲਾਂ ਨੂੰ ਦੇਸ਼-ਪੰਜਾਬ ਵਾਸੀਆਂ ਅਤੇ ਵਿਦੇਸੀਆਂ ਨੇ ਰਲ਼ ਕੇ ਨਾਕਾਮਯਾਬ ਕਰਨਾ ਹੈ ।

ਭਾਵੇਂ ਅੱਜ ਜੰਗ ਹਥਿਆਰਾਂ ਦੀ ਨਹੀਂ ਹੈ ਫਿਰ ਵੀ ਆਪਾਂ ਰਲ਼ ਕੇ ਤਿੰਨ ਕਾਲੇ ਖੇਤੀ-ਕਨੂੰਨਾਂ ਦੀ ਜੰਗ ਜਿੱਤ ਕੇ ਦੁਨੀਆਂ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਵਿਖਾਈ ਹੈ। ਦਾਸ ਨੇ ਇੱਕ ਲੱਖ ਰੁਪਿਆ ਦਸਵੰਧ ਦੀ ਮਾਇਆ ਵਿੱਚੋਂ ਅਤੇ ਇੱਕ ਲੱਖ ਰੁਪਿਆ ਆਪਣੇ ਸ਼ਹਿਰ ਦੀਆਂ ਸੰਗਤਾਂ ਕੋਲੋਂ ਇਕੱਠਾ ਕਰ ਕੇ ਕਿਸਾਨੀ ਅੰਦੋਲਨ ਵਿੱਚ ਪਾਇਆ। ਇਸੇ ਤਰ੍ਹਾਂ ਹੀ ਬਾਕੀ ਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੇ ਆਪਣੀ ਵਿੱਤ ਅਨੁਸਾਰ ਯੋਗਦਾਨ ਪਾਇਆ ਹੈ। ਇਸ ਸਦੀ ਦਾ ਇਹ ਸਭ ਤੋਂ ਵੱਡਾ ਅਤੇ ਕਾਮਯਾਬ ਅੰਦੋਲਨ ਮੰਨਿਆ ਜਾਵੇਗਾ। ਇਸ ਅੰਦੋਲਨ ਨੇ ਪੂਰੇ ਭਾਰਤ ਅਤੇ ਪੂਰੇ ਵਿਸ਼ਵ ਵਿੱਚ, ਪੰਜਾਬ ਅਤੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ ਹੈ।

ਕਿੰਨੇ ਹੋਰ ਸੂਬਿਆਂ ਦੇ ਲੋਕ ਸਿੱਖ ਬਣ ਗਏ ਹਨ, ਸਿੰਘ ਸਜ ਗਏ, ਇੱਥੋਂ ਤਕ ਨਿਹੰਗ ਸਿੰਘ ਸਜ ਗਏ, ਜਿਵੇਂ ਕਿ ਹਰਿਆਣਾ ਦਾ ਨਵੀਨ ਸਿੰਘ ਹੈ। ਇੱਕ ਪੁਲੀਸ ਵਿੱਚੋਂ ਰਿਟਾਇਰਡ ਬੰਦਾ ਹਿੰਦੂ ਪਰਿਵਾਰ ਵਿੱਚੋਂ ਪੂਰੇ ਪਰਿਵਾਰ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਅੰਮ੍ਰਿਤਪਾਨ ਕਰ ਕੇ ਆਇਆ ਹੈ। ਬਾਬਾ ਨਾਨਕ, ਅਕਾਲ ਪੁਰਖ ਵਾਹਿਗੁਰੂ ਸਾਡੇ ਹਮੇਸ਼ਾਂ ਅੰਗ-ਸੰਗ ਹੈ। ਸਿੱਖੀ ਦਾ ਦੁਸ਼ਮਣ ਜੋ ਸੋਚ ਅਤੇ ਕਰ ਰਿਹਾ ਹੈ, ਅਕਾਲ ਪੁਰਖ ਵਾਹਿਗੁਰੂ ਉਸ ਦੇ ਉਲ਼ਟ ਆਪਣੀ ਕਲਾ ਵਰਤਾ ਰਿਹਾ ਹੈ ਅਤੇ ਦਰਸਾ ਰਿਹਾ ਹੈ।

ਬਾਕੀ ਕਿਸੇ ਵੀ ਸੰਘਰਸ਼ ਵਿੱਚ ਪ੍ਰਦੇਸਾਂ ਵਾਲ਼ਿਆਂ ਦਾ ਯੋਗਦਾਨ ਘੱਟ ਨਹੀਂ ਰਿਹਾ ਭਾਵੇਂ ਉਹ ਭਾਰਤ ਦੀ ਅਜ਼ਾਦੀ ਦਾ ਸੰਘਰਸ਼ ਸੀ, ਭਾਵੇਂ ਖਾੜਕੂ ਲਹਿਰ ਸੀ, ਭਾਵੇਂ ਕਿਸਾਨੀ ਅੰਦੋਲਨ ਹੈ। ਕਰਤਾਰ ਸਿੰਘ ਸਰਾਭਾ ਗ਼ਦਰੀ ਬਾਬੇ ਵੀ ਪ੍ਰਦੇਸਾਂ ਤੋਂ ਹੀ ਗਏ ਸਨ। ਖਾੜਕੂ ਲਹਿਰ ਵਿੱਚ ਵੀ ਪ੍ਰਦੇਸਾਂ ਤੋਂ ਜਾ ਕੇ ਕਾਫ਼ੀ ਸਿੰਘਾਂ ਨੇ ਸੇਵਾ ਕੀਤੀ ਅਤੇ ਸ਼ਹੀਦੀਆਂ ਵੀ ਪਾਈਆਂ ਹਨ। ਕਿਸਾਨੀ ਅੰਦੋਲਨ ਵਿੱਚ ਆਪਣੇ ਤੌਰ 'ਤੇ ਸੰਸਥਾਵਾਂ ਵੱਲੋਂ ਵਿਦੇਸ਼ੀ ਸਿੱਖ ਚੈਨਲਾਂ ਵੱਲੋਂ ਦਿੱਤਾ ਸਹਿਯੋਗ ਇਤਿਹਾਸ ਕਦੇ ਭੁੱਲ ਨਹੀਂ ਸਕੇਗਾ। ਜੋ ਲੋਕ ਜਾਗਰੂਕ ਹਨ, ਉਹਨਾਂ ਦਾ ਧੰਨਵਾਦ ਹੈ ਜੋ ਹਾਲੇ ਵੀ ਇਹ ਸੋਚਦੇ ਹਨ ਕੁਝ ਨਹੀਂ ਹੁੰਦਾ,

ਉਹ ਜਾਗਰੂਕ ਹੋਣ। ਸਾਡਾ ਦੁਸ਼ਮਣ ਚੁੱਪ ਕਰ ਕੇ ਬੈਠਣ ਵਾਲ਼ਾ ਨਹੀਂ ਹੈ ਅਤੇ ਸਾਨੂੰ ਸਭ ਨੂੰ ਵੀ ਹਮੇਸ਼ਾਂ ਮਾਨਸਿਕ ਤੌਰ 'ਤੇ ਜਾਗਦੇ ਰਹਿਣਾ ਚਾਹੀਦਾ ਹੈ।

ਇਹ ਜੰਗ ਖ਼ਾਲਿਸਤਾਨ ਦੀ ਪ੍ਰਾਪਤੀ 'ਤੇ ਜਾ ਕੇ ਖ਼ਤਮ ਹੋਣੀ ਹੈ। ਇਹ ਗੱਲ ਸਾਰੇ ਸਿੱਖ ਦਿਲ ਦਿਮਾਗ ਵਿੱਚ ਰੱਖਣ। ਆਪਣੇ ਦੇਸ਼ ਖ਼ਾਲਿਸਤਾਨ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੋਣਾ। ਇਸ ਲਈ ਸਮਾਂ ਕਿੰਨਾ ਲੱਗੇਗਾ, ਸ਼ਹੀਦੀਆਂ ਕਿੰਨੀਆਂ ਹੋਣਗੀਆਂ ਜਾਂ ਹੋਰ ਕੀ-ਕੀ ਹੋਵੇਗਾ ਇਸ ਬਾਰੇ ਬਗੈਰ ਅਕਾਲ ਪੁਰਖ ਤੋਂ ਕੋਈ ਨਹੀਂ ਜਾਣਦਾ। ਯਹੂਦੀ ਕੌਮ ਨੂੰ ਆਪਣਾ ਦੇਸ਼ ਬਣਾਉਣ ਲਈ 2000 ਸਾਲ ਲੱਗਾ। ਪਰ ਉਹ ਪੀੜ੍ਹੀ ਦਰ ਪੀੜ੍ਹੀ ਆਪਣੀਆਂ ਨਸਲਾਂ ਨੂੰ ਅੱਗੇ ਦੱਸਦੇ ਗਏ ਕਿ ਆਪਣਾ ਦੇਸ਼ ਲਏ ਬਿਨਾਂ ਆਪਣਾ ਗੁਜ਼ਾਰਾ ਨਹੀਂ ਹੋਣਾ, ਨਹੀਂ ਹੋਣਾ। ਅੱਜ ਦੁਨੀਆਂ ਦੀ ਪੂੰਜੀ 'ਤੇ ਉਹਨਾਂ ਦਾ ਕਬਜ਼ਾ ਹੈ। ਅਮਰੀਕਾ ਵਰਗੇ ਦੇਸ਼ਾਂ 'ਤੇ ਯਹੂਦੀਆਂ ਦਾ ਹੋਲਡ ਹੈ। ਫੇਸਬੁੱਕ ਅਤੇ ਹੋਰ ਕਾਫ਼ੀ ਸੋਸ਼ਲ ਸਾਈਟਸ ਯਹੂਦੀਆਂ ਦੀਆਂ ਹਨ। ਬੱਸ ਉਹਨਾਂ ਨੇ ਇੱਕੋ ਚੀਜ਼ 'ਤੇ ਜ਼ੋਰ ਰੱਖਿਆ ਕਿ ਕੌਮ ਨੂੰ ਉਚੇਰੀ ਸਿੱਖਿਆ ਦੇਣੀ ਹੈ, ਕਾਰੋਬਾਰ ਵਧਾਉਣੇ ਅਤੇ ਆਪਣੇ ਧਰਮ ਵਿੱਚ ਪੱਕਿਆਂ ਰਹਿਣਾ ਅਤੇ ਆਪਣਾ ਦੇਸ਼ ਲੈਣ ਦਾ ਨਿਸ਼ਚਾ ਪੱਕਾ ਰੱਖਣਾ। ਇਕੱਲੇ ਹਿਟਲਰ ਵੱਲੋਂ 60 ਲੱਖ ਯਹੂਦੀ ਗੈਸ ਚੈਂਬਰ ਵਿੱਚ ਜ਼ਿੰਦਾ ਸਾੜ ਦਿੱਤੇ ਗਏ ਸੀ ਪਰ ਫਿਰ ਵੀ ਉਹਨਾਂ ਨੇ ਹਾਰ ਨਹੀਂ ਮੰਨੀ।

ਰੂਸ ਵਿੱਚ ਉਹਨਾਂ ਉੱਤੇ ਬਹੁਤ ਜ਼ੁਲਮ ਢਾਹੇ ਗਏ। ਆਪਣੇ ਵਾਂਗ ਰੂਸ ਵਿੱਚ ਉਹਨਾਂ ਉੱਤੇ ਵੀ ਪਬੰਦੀਆਂ ਸੀ। ਆਪਣੀ ਭਾਸ਼ਾ ਨਹੀਂ ਬੋਲ ਸਕਦੇ ਸੀ ਅਤੇ ਹੋਰ ਬਹੁਤ ਤਰ੍ਹਾਂ ਦੇ ਜ਼ੁਲਮ ਹੁੰਦੇ ਸਨ। ਸੁਣਦੇ ਹਾਂ ਕਿ ਜਿਸ ਤਰ੍ਹਾਂ ਨਾਲ਼ ਆਪਣੇ ਕੋਲ਼ ਆਪਣੀ ਧਰਤੀ ਪੰਜਾਬ ਹੈ ਅਤੇ ਪੱਕੇ ਸਬੂਤ ਹਨ ਕਿ ਸਿੱਖ ਪੰਜਾਬ ਦੇ ਬਾਸ਼ਿੰਦੇ ਹਨ, ਉਹਨਾਂ ਕੋਲ਼ ਉਹ ਵੀ ਨਹੀਂ ਸੀ ਪਰ ਫਿਰ ਵੀ ਉਹ 'ਇਜ਼ਰਾਈਲ' ਨਾਂ ਦਾ ਆਪਣਾ ਦੇਸ਼ ਬਣਾ ਗਏ। ਸਾਡੇ ਕੋਲ਼ ਸਭ ਕੁਝ ਹੈ ਪਰ ਬਸ ਏਕਾ ਨਹੀਂ। ਏਕਾ ਤਾਂ ਸੌ ਪ੍ਰਤੀਸ਼ਤ ਦੀ ਥਾਂ ਸੱਠ-ਸੱਤਰ ਪ੍ਰਤੀਸ਼ਤ ਵੀ ਸਿੱਖ ਕੌਮ ਕਿਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੇ ਸਮੇਂ ਵਿਖਾ ਦਿੰਦੀ ਤਾਂ ਗੱਲ ਬਣ ਜਾਣੀ ਸੀ।

ਪਰ ਇਹ ਸਾਡੀ ਕੌਮ ਦੀ ਬਦਕਿਸਮਤੀ ਹੈ ਕਿ ਅਸੀਂ ਸੱਪ ਲੰਘ ਜਾਣ ਮਗਰੋਂ ਲੀਕ ਨੂੰ ਕੁੱਟਦੇ ਰਹਿੰਦੇ ਹਾਂ। ਓਦੋਂ ਤਾਂ ਸਾਰੇ ਕਹਿੰਦੇ ਸੀ ਚੱਲ ਜਾਹ ਭਿੰਡਰਾਵਾਲ਼ਿਆ, ਚਲ ਜਾਹ ਭਿੰਡਰਾਂਵਾਲ਼ਿਆਂ, ਹੁਣ 40 ਸਾਲਾਂ ਦੇ ਰੌਲ਼ਾ ਪਾਈ ਜਾਂਦੇ ਹਾਂ, ਆ ਜਾ ਬਾਬਾ ਤੀਰ ਵਾਲਿਆ! ਹੁਣ ਉਹ ਕਿੱਥੋਂ ਆ ਜਾਵੇ? ਪਰ ਫਿਰ ਵੀ ਉਸ ਤੀਰ ਵਾਲ਼ੇ ਬਾਬੇ ਦਾ ਇਕੱਲੇ ਦਾ ਉਸ ਵੇਲ਼ੇ ਦਾ ਕੀਤਾ ਹੋਇਆ ਪ੍ਰਚਾਰ ਨਵੀਂ ਪਨੀਰੀ ਉੱਤੇ ਜਾਦੂਈ ਅਸਰ ਕਰ ਰਿਹਾ ਹੈ। ਸੱਚ ਤਾਂ ਆਖ਼ਰ ਸੱਚ ਹੀ ਹੁੰਦਾ ਹੈ ਭਾਵੇਂ ਉਸ ਉੱਤੇ ਸੌ ਚਾਦਰ ਪਾ ਦਿੱਤੀ ਜਾਵੇ ਪਰ ਉਹ ਬਾਹਰ ਆ ਹੀ ਜਾਂਦਾ ਹੈ। ਸੰਤ ਜਰਨੈਲ ਸਿੰਘ ਜੀ ਤੋਂ ਬਾਅਦ ਸਿੱਖ ਕੌਮ ਨੂੰ ਉਹਨਾਂ ਦੇ ਹਾਣ ਦਾ ਲੀਡਰ ਹਾਲੇ ਤਕ ਨਹੀਂ ਮਿਲ਼ਿਆ। ਪਰ ਕਹਿੰਦੇ ਹਨ ਸਿੱਖ ਕੌਮ ਕੋਲ਼ ਜਦੋਂ ਕੋਈ ਲੀਡਰ ਨਾ ਹੋਵੇ ਓਦੋਂ ਸਾਰੇ ਸਿੱਖ ਆਪ ਹੀ ਲੀਡਰ ਹੁੰਦੇ ਹਨ।

1984 ਤੋਂ ਦਸ ਸਾਲ ਚੱਲੀ ਖਾੜਕੂ ਲਹਿਰ ਤੋਂ ਸਿੱਖਾਂ ਨੇ ਬਹੁਤ ਸਬਕ ਵੀ ਸਿੱਖੇ ਹਨ। ਬਹੁਤ ਘਟਨਾਵਾਂ 1995 ਤੋਂ ਬਾਅਦ ਕੇਂਦਰ ਸਰਕਾਰ ਅਤੇ ਭਾਰਤੀ ਏਜੰਸੀਆਂ ਨੇ ਇਹੋ ਜਿਹੀਆਂ ਕੀਤੀਆਂ ਕਿ ਸਿੱਖ ਭੜਕਣ ਅਤੇ ਅਸੀਂ ਸਿੱਖਾਂ ਦਾ ਸ਼ਿਕਾਰ ਕਰੀਏ ਪਰ ਲੱਗਦੀ ਵਾਹ ਸਿੱਖ ਕੌਮ ਵੱਲੋਂ ਉਹਨਾਂ ਨੂੰ ਇਹ ਮੌਕਾ ਨਹੀਂ ਦਿੱਤਾ ਗਿਆ।

ਇੱਕ ਸਾਲ ਚੱਲੇ ਕਿਸਾਨੀ ਅੰਦੋਲਨ ਵਿੱਚ ਕੇਂਦਰ ਅਤੇ ਏਜੰਸੀਆਂ ਵੱਲੋਂ ਕਿਹੜੀ ਚਾਲ ਨਹੀਂ ਚੱਲੀ ਗਈ ਕਿ ਲੋਕ ਖ਼ਾਸ ਕਰਕੇ ਸਿੱਖ ਭੜਕਣ, ਪਰ ਲੱਖਾਂ ਦੀ ਗਿਣਤੀ ਅਤੇ ਇੰਨਾ ਵੱਡਾ ਜ਼ਾਬਤਾ, ਬਾਕਮਾਲ ਸੀ। ਕਿਸਾਨ ਲੀਡਰਾਂ, ਕਲਾਕਾਰਾਂ, ਲੱਖਾ ਸਿਧਾਣਾ, ਦੀਪ ਸਿੱਧੂ ਵੱਲੋਂ ਨੌਜਵਾਨਾਂ ਨੂੰ ਇੱਕੋ ਨਸੀਹਤ ਸੀ ਕਿ "ਨੌਜਵਾਨੋ ਸਾਵਧਾਨ ਰਹਿਣਾ। ਪੰਜਾਬੀਆਂ ਦੀ ਸਿੱਖਾਂ ਦੀ ਇੱਜਤ ਦਾ ਸਵਾਲ ਹੈ। ਸਾਰੀ ਦੁਨੀਆਂ ਦੀਆਂ ਨਜ਼ਰਾਂ ਤੁਹਾਡੇ ਉੱਤੇ ਹਨ।"

ਬਾਬੇ ਨਾਨਕ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਇੰਨੀ ਕਿਰਪਾ ਰਹੀ ਕਿ ਕੇਂਦਰ ਅਤੇ ਏਜੰਸੀਆਂ ਦੇ ਸਭ ਮਨਸੂਬੇ ਫੇਲ੍ਹ ਹੁੰਦੇ ਗਏ। ਗੋਦੀ-ਮੋਦੀ ਮੀਡੀਏ ਨੂੰ ਮੂੰਹ ਦੀ ਖਾਣੀ ਪਈ। 26 ਨਵੰਬਰ ਤੋਂ ਜਨਵਰੀ ਤਕ ਦੇ ਅੰਦੋਲਨ ਦਾ ਸਮਾਂ ਜਿਸ ਤਰ੍ਹਾਂ ਬੀਤਿਆ ਸੀ, ਉਹ ਤਾਂ ਬਿਲਕੁਲ ਖ਼ਾਲਿਸਤਾਨ ਦਾ ਨਕਸ਼ਾ ਹੀ ਪੇਸ਼ ਕਰ ਰਿਹਾ ਸੀ। ਬਾਹਰਲੇ ਮੁਲਕਾਂ ਵਿੱਚ ਤਾਂ ਇਹੀ ਚਰਚਾ ਚੱਲ ਰਹੀ ਸੀ ਕਿ ਜੋ ਲੋਕ ਹਰ ਵਕਤ ਪੁੱਛਦੇ ਰਹਿੰਦੇ ਹਨ ਕਿ ਖ਼ਾਲਿਸਤਾਨ ਕਿਸ ਤਰ੍ਹਾਂ ਦਾ ਹੋਵੇਗਾ, ਉਹ ਲੋਕ ਦਿੱਲੀ ਦੇ ਬਾਰਡਰਾਂ ਦਾ ਹਾਲ ਵੇਖ ਆਉਣ ਖ਼ਾਸ ਕਰਕੇ ਸਿੰਘੂ ਬਾਰਡਰ ਦਾ, ਤਾਂ ਖ਼ਾਲਿਸਤਾਨ ਦਾ ਨਕਸ਼ਾ ਮਿਲ ਜਾਵੇਗਾ ਕਿ ਖ਼ਾਲਿਸਤਾਨ ਇਸ ਤਰ੍ਹਾਂ ਦਾ ਹੋਵੇਗਾ। ਹਰ ਸੂਬੇ ਦਾ ਇਨਸਾਨ, ਹਰ ਮਜ਼ਹਬ ਦਾ ਇਨਸਾਨ, ਹਰ ਜਾਤ ਦਾ ਇਨਸਾਨ, ਮੁਸਲਮਾਨ ਭਰਾਵਾਂ ਵੱਲੋਂ ਲੰਗਰ, ਹਰਿਆਣੇ ਵਾਲਿਆਂ ਵੱਲੋਂ ਲੰਗਰ, ਦੁੱਧ-ਲੱਸੀ ਦੀ ਰੋਜ਼ਾਨਾ ਸਪਲਾਈ, ਹਿੰਦੂ ਪਰਿਵਾਰਾਂ ਵੱਲੋਂ ਸੇਵਾ, ਚੰਡੀਗੜ੍ਹ ਵਰਗੇ ਸ਼ਹਿਰਾਂ ਤੋਂ ਲੋਕ ਛੋਟੇ-ਛੋਟੇ ਬੱਚਿਆਂ ਨਾਲ ਅੰਦੋਲਨ ਵੇਖਣ ਆ ਰਹੇ ਸਨ। ਦਿੱਲੀ ਵਰਗੇ ਸ਼ਹਿਰ ਤੋਂ ਹਰ ਤਰ੍ਹਾਂ ਦੇ ਲੋਕ ਵੇਖਣ ਆ ਰਹੇ ਸਨ। ਜਿਨ੍ਹਾਂ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਪੰਜਾਬ ਬਾਰੇ ਨਾਂਹ ਪੱਖੀ ਸੋਚ ਟੀ.ਵੀ. ਚੈਨਲਾਂ ਵੱਲੋਂ ਭਰੀ ਹੋਈ ਸੀ, ਉਹ ਸੋਚ ਰਹੇ ਸਨ ਕਿ ਜੋ ਕੁਝ ਅਸੀਂ ਰੋਜ਼ਾਨਾ ਸੁਣਦੇ ਸਾਂ ਇਹ ਤਾਂ ਇਸ ਤੋਂ ਵੱਖ ਹੈ। ਇਵੇਂ ਕਿਵੇਂ ਹੋ ਸਕਦਾ ਹੈ ਕੋਈ ਇਨਸਾਨ ਆਪਣੇ ਹੱਕਾਂ ਦੀ ਖ਼ਾਤਰ ਘਰ-ਪਰਿਵਾਰ ਸਭ ਕੁਝ ਛੱਡ ਕੇ ਕੜਾਕੇ ਦੀ ਠੰਢ ਵਿੱਚ ਸੜਕ 'ਤੇ ਟਰਾਲੀਆਂ ਥੱਲੇ ਵੀ ਸੌਂ ਸਕਦਾ ਹੈ।

ਕਿਸਾਨੀ ਅੰਦੋਲਨ ਦੀਆਂ ਖ਼ਬਰਾਂ ਤਾਂ ਪੂਰੇ ਸੰਸਾਰ ਵਿੱਚ ਫੈਲ ਗਈਆਂ। ਬਾਹਰਲੇ ਮੁਲਕਾਂ ਦੀਆਂ ਸੰਸਦਾਂ ਤਕ ਗੂੰਜਾਂ ਪੈ ਗਈਆਂ ਸਨ। ਅੰਤਰਰਾਸ਼ਟਰੀ ਚੈਨਲ ਵਾਰ-ਵਾਰ ਖ਼ਬਰਾਂ ਵਿਖਾ ਰਹੇ ਸਨ।

ਕਿਸਾਨੀ ਅੰਦੋਲਨ ਨੇ ਪੰਜਾਬੀਆਂ ਅਤੇ ਸਿੱਖਾਂ ਦੀ ਅਤੇ ਦਸਤਾਰ ਦੀ ਪਛਾਣ ਦੁਨੀਆਂ ਭਰ ਵਿੱਚ ਕਰਾਈ। ਬੀ.ਬੀ.ਸੀ. ਚੈਨਲ ਨੇ ਪਾਣੀ ਦੀਆਂ ਬੁਛਾੜਾਂ ਵਾਲੀ ਖ਼ਬਰ ਆਪਣੇ

ਚੈਨਲ 'ਤੇ ਕਈ ਵਾਰ ਵਿਖਾਈ। ਤਕਰੀਬਨ ਹਰ ਮੁਲਕ ਵਿੱਚ ਪੰਜਾਬੀਆਂ ਵੱਲੋਂ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ। ਆਪਣੇ-ਆਪਣੇ ਮੁਲਕਾਂ ਦੀਆਂ ਸਰਕਾਰਾਂ ਨੂੰ ਮੋਦੀ 'ਤੇ ਦਬਾਅ ਪਾਉਣ ਲਈ ਆਖਿਆ। ਆਸਟਰੀਆ ਦੇ ਵਿਆਨਾ ਸ਼ਹਿਰ ਵਿੱਚ ਵੀ ਕਾਰ ਰੈਲੀ ਕੱਢੀ ਗਈ।

26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਹਾਲਾਤ ਬਦਲ ਗਏ ਸਨ। ਉਹ ਵੀ ਕਿਸਾਨ ਆਗੂਆਂ ਦੀ ਢਿੱਲ ਕਾਰਨ ਸਭ ਕੁਝ ਵਾਪਰਿਆ। ਪਰ ਵਿਦੇਸ਼ਾਂ ਵਿੱਚ ਵੱਸਦਾ ਸਿੱਖ ਭਾਈਚਾਰਾ ਤਾਂ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ 'ਤੇ ਪੂਰਾ ਖੁਸ਼ ਸੀ, ਕੁਝ ਕੁ ਨੂੰ ਛੱਡ ਕੇ। ਬਾਕੀ ਉਸ ਨਿਸ਼ਾਨ ਸਾਹਿਬ ਨੂੰ ਗੋਦੀ-ਮੋਦੀ ਮੀਡੀਆ ਨੇ ਖ਼ਾਲਿਸਤਾਨੀ ਬਣਾ ਦਿੱਤਾ। ਨਾ ਤਾਂ ਉਸ ਉੱਤੇ ਖ਼ਾਲਿਸਤਾਨ ਲਿਖਿਆ ਸੀ, ਨਾ ਹੀ ਖ਼ਾਲਿਸਤਾਨ ਹਾਲੇ ਬਣਿਆ ਹੈ। ਗੋਦੀ ਮੀਡੀਆ ਨੇ ਬਾਹਰਲੀਆਂ ਸਟੇਟਾਂ ਵਿੱਚ ਰਹਿੰਦੇ ਗੈਰ-ਸਿੱਖਾਂ ਦੇ ਕੰਨਾਂ ਵਿੱਚ ਧੱਕੇ ਨਾਲ਼ ਹੀ ਖ਼ਾਲਿਸਤਾਨ ਲਫ਼ਜ਼ ਪਾ ਕੇ ਖ਼ਾਲਿਸਤਾਨ ਦਾ ਪ੍ਰਚਾਰ ਕਰ ਦਿੱਤਾ। ਅਸੀਂ ਤਾਂ ਪ੍ਰਦੇਸਾਂ ਵਿੱਚ ਬੈਠੇ ਬੜੇ ਖ਼ੁਸ਼ ਸੀ।

ਕਿਸਾਨੀ ਅੰਦੋਲਨ ਦੌਰਾਨ ਗੋਦੀ ਮੀਡੀਏ ਨੇ ਇੱਕ ਟਰਾਲੀ ਤੋਂ ਦੋ ਰਾਈਫ਼ਲਾਂ ਵਾਲ਼ੀ ਫ਼ੋਟੋ ਅਤੇ ਦੂਜੀ ਟਰਾਲੀ ਤੋਂ 'ਖ਼ਾਲਿਸਤਾਨ' ਦਾ ਨਾਂ ਲਿਖਿਆ ਮਿਲ਼ਾ ਕੇ ਖ਼ਬਰ ਚਲਾ ਦਿੱਤੀ ਕਿ ਅੰਦੋਲਨ ਵਿੱਚ ਤਾਂ ਖ਼ਾਲਿਸਤਾਨੀ ਆ ਗਏ ਹਨ, ਇਹ ਕੋਈ ਕਿਸਾਨੀ ਅੰਦੋਲਨ ਨਹੀਂ ਹੈ, ਇਹ ਤਾਂ ਕਿਸਾਨ ਅੰਦੋਲਨ ਦੀ ਆੜ ਵਿੱਚ ਖ਼ਾਲਿਸਤਾਨੀ ਘੁਸਪੈਠ ਕਰ ਗਏ ਹਨ, ਹੁਣ ਦੇਸ਼ ਦੀ ਖ਼ੈਰ ਨਹੀਂ ਲੱਗਦੀ। ਬਾਕੀ ਗੋਦੀ ਮੀਡੀਆ ਦੇ ਕਰਿੰਦਿਆਂ ਦੀ ਬੇਇਜ਼ਤੀ ਸ਼ਾਇਦ ਇੰਨੀ ਕਦੇ ਹੋਈ ਹੋਵੇ, ਜਿੰਨੀ ਕਿਸਾਨੀ ਅੰਦੋਲਨ ਵਿੱਚ ਹੋਈ ਹੈ। ਪਹਿਲਾਂ ਹੀ ਪੰਜਾਬੀ ਨੌਜਵਾਨ ਮੁੰਡੇ ਕਹਿ ਦਿੰਦੇ ਸਨ, ਚਲੇ ਜਾਓ ਅਸੀ ਤੁਹਾਡੇ ਨਾਲ਼ ਗੱਲ ਹੀ ਨਹੀਂ ਕਰਨੀ। ਫਿਰ ਲੱਖੇ ਸਿਧਾਣੇ ਅਤੇ ਦੀਪ ਸਿੱਧੂ ਵੱਲੋਂ ਵਾਰ-ਵਾਰ ਇਹ ਕਿਹਾ ਗਿਆ ਕਿ "ਨੌਜਵਾਨੋਂ ਤੁਹਾਡਾ ਗ਼ੁੱਸਾ ਜਾਇਜ਼ ਹੈ ਪਰ ਇਹਨਾਂ ਨੂੰ ਦਲੀਲ ਨਾਲ਼ ਜਵਾਬ ਦਿਓ, ਨਹੀਂ ਤਾਂ ਇਹ ਕਹਿਣ ਲੱਗ ਪੈਣਗੇ ਜੀ ਪੰਜਾਬੀ ਤਾਂ ਜਾਹਲ਼ ਹਨ ਅਨਪੜ੍ਹ ਹਨ, ਇਹਨਾਂ ਨੂੰ ਤਾਂ ਪਤਾ ਹੀ ਕੁਝ ਨਹੀਂ ਤਿੰਨ ਕਨੂੰਨਾਂ ਬਾਰੇ।" ਫਿਰ ਮੁੰਡੇ ਹੌਲ਼ੀ-ਹੌਲ਼ੀ ਉਹਨਾਂ ਨਾਲ਼ ਗੱਲ ਕਰਨ ਲੱਗੇ। ਤਿੰਨ ਕਨੂੰਨਾਂ ਬਾਰੇ ਦੱਸਣ ਲੱਗੇ, ਅੰਗਰੇਜ਼ੀ ਵਿੱਚ ਵੀ ਜਵਾਬ ਦੇਣ ਲੱਗੇ। ਫਿਰ ਗੋਦੀ ਮੀਡੀਆ ਇਹ ਕਹਿਣ ਲੱਗ ਪਿਆ "ਇਹ ਕੋਈ ਕਿਸਾਨ ਥੋੜੀ ਹਨ, ਇਹ ਤਾਂ ਅੰਗਰੇਜ਼ੀ ਬੋਲਦੇ ਹਨ, ਇਹ ਤਾਂ ਜੀਨਾਂ ਪਾਉਂਦੇ ਹਨ, ਇਹਨਾਂ ਕੋਲ਼ ਤਾਂ ਲੱਖਾਂ ਰੁਪਈਆਂ ਦੇ ਟਰੈਕਟਰ-ਜੀਪਾਂ ਹਨ। ਇੱਥੇ ਤਾਂ ਬਦਾਮ-ਪੀਜ਼ੇ-ਬਰਗਰਾਂ ਦੇ ਲੰਗਰ ਚੱਲਦੇ ਹਨ।"

ਵਿਦੇਸ਼ਾਂ ਤੋਂ ਖ਼ਾਸ ਕਰਕੇ ਲੋਕ ਆ ਰਹੇ ਸਨ, ਕਈ ਸਮੇਤ ਪਰਿਵਾਰਾਂ ਦੇ ਆ ਰਹੇ ਸਨ। ਬਾਹਰਲੇ ਬੱਚੇ ਇੰਟਰਨੈੱਟ ਵਿੱਚੋਂ ਚੰਗੀ ਤਰ੍ਹਾਂ ਤਿੰਨ ਕਨੂੰਨਾਂ ਬਾਰੇ ਪੜ੍ਹ ਕੇ ਜਾਂਦੇ ਸਨ। ਕਈ ਵਾਰੀ ਗੋਦੀ ਮੀਡੀਆ ਦਾ ਵਾਹ ਉਹਨਾਂ ਨਾਲ਼ ਵੀ ਪਿਆ। ਬਾਹਰਲੇ ਬੱਚੇ-ਬੱਚੀਆਂ

ਨੇ ਫਿਰ ਗੋਦੀ ਮੀਡੀਆ ਦੀ ਇਹੋ ਜਿਹੀ ਤਸੱਲੀ ਕਰਾਈ ਕਿ ਗੋਦੀ ਮੀਡੀਆ ਵਾਲਿਆਂ ਨੇ ਓਥੋਂ ਖਿਸਕਣ ਵਿੱਚ ਹੀ ਭਲਾ ਸਮਝਿਆ।

ਕਈ ਵਾਰ ਗੋਦੀ ਮੀਡੀਆ ਵਾਲੇ ਜਾਣ-ਬੁਝ ਕੇ ਬਜ਼ੁਰਗਾਂ ਕੋਲੋਂ ਪੁੱਛਣ ਲੱਗ ਜਾਂਦੇ ਸਨ, 'ਆਪ ਕਿਸਾਨ ਅੰਦੋਲਨ ਮੇਂ ਆਏ ਹੋ ਆਪ ਕੋ ਮਾਲੂਮ ਹੈ ਯੇ ਕਾਲੇ ਕਾਨੂੰਨ ਕਿਆ ਹੈਂ?' ਤਾਂ ਬਜ਼ੁਰਗ ਤੋਂ ਬਜ਼ੁਰਗ ਆਦਮੀ ਵੀ ਉਸ ਦੀ ਤਸੱਲੀ ਕਰਾ ਦਿੰਦਾ ਸੀ। ਬਜ਼ੁਰਗ ਔਰਤਾਂ ਵੀ ਘੱਟ ਨਹੀਂ ਸਨ।

ਘਰਾਂ ਵਿੱਚੋਂ ਪੜੇ-ਲਿਖੇ ਬੱਚੇ ਬਜ਼ੁਰਗਾਂ ਨੂੰ ਤਿੰਨ ਕਨੂੰਨਾਂ ਬਾਰੇ ਪੂਰਾ ਸਮਝਾ ਕੇ ਨਾਲ ਲਿਆਏ ਸਨ। ਛੋਟੇ-ਛੋਟੇ ਬੱਚਿਆਂ ਤਕ ਨੂੰ ਪੂਰੀ ਸਿਖਲਾਈ ਦਿੱਤੀ ਹੋਈ ਸੀ। ਹਰਿਆਣਵੀ ਭਾਈਚਾਰਾ ਵੀ ਪੂਰੀ ਅੱਤ ਕਰਾ ਰਿਹਾ ਸੀ। ਬੀਬੀਆਂ ਤਾਂ ਮਰਦਾ ਨਾਲੋਂ ਵੀ ਤਿੱਖੀਆਂ ਸਨ। ਅਸੀਂ ਪ੍ਰਦੇਸ ਵਿੱਚ ਬੈਠੇ, ਇਹਨਾਂ ਹਰਿਆਣਵੀ ਭਾਸ਼ਾ ਵਿੱਚ ਬੋਲਦੇ ਲੋਕਾਂ ਨੂੰ ਸੁਣ-ਸੁਣ ਬੜਾ ਅਨੰਦ ਲੈ ਰਹੇ ਸਾਂ। ਪ੍ਰਦੇਸਾਂ ਵਿੱਚ ਬੈਠੇ ਅਸੀਂ ਸਾਰੇ ਪੰਜਾਬ ਅਤੇ ਹਰਿਆਣੇ ਵਿੱਚ ਸਾਲਾਂ ਬਾਅਦ ਹੋਈ ਭਾਈਚਾਰਕ ਸਾਂਝ ਤੋਂ ਬੜੇ ਖੁਸ਼ ਸਾਂ। ਅਸੀਂ ਕੀ ਸਾਰਾ ਪੰਜਾਬ ਅਤੇ ਹਰਿਆਣਾ ਖੁਦ ਵੀ ਬੜਾ ਖੁਸ਼ ਸੀ। ਰਾਜਨੀਤਿਕ ਲੋਕਾਂ ਨੇ ਪੰਜਾਬ ਅਤੇ ਹਰਿਆਣੇ ਨੂੰ ਇੱਕ ਦੂਜੇ ਵਿਰੁੱਧ ਇਸ ਤਰ੍ਹਾਂ ਖੜ੍ਹਾ ਕੀਤਾ ਹੋਇਆ ਸੀ, ਜਿਸ ਤਰ੍ਹਾਂ ਦੋਵੇਂ ਇੱਕ-ਦੂਜੇ ਦੇ ਬਹੁਤ ਵੱਡੇ ਦੁਸ਼ਮਣ ਹੋਣ।

1980 ਤੋਂ 1990 ਤਕ ਕਈ ਘਟਨਾਵਾਂ ਇਸ ਤਰ੍ਹਾਂ ਦੀਆਂ ਵਾਪਰੀਆਂ ਵੀ ਸਨ ਜਿਨ੍ਹਾਂ ਨਾਲ਼ ਸਾਨੂੰ ਵੀ ਇੰਝ ਮਹਿਸੂਸ ਹੁੰਦਾ ਸੀ ਕਿ ਸ਼ਾਇਦ ਸਾਰਾ ਹਰਿਆਣਾ ਹੀ ਸਿੱਖਾਂ ਦਾ ਵਿਰੋਧੀ ਹੋਵੇ। ਬਾਬੇ ਨਾਨਕ ਅਤੇ ਅਕਾਲ ਪੁਰਖ ਵਾਹਿਗੁਰੂ ਨੇ ਇਹੋ ਜਿਹੀ ਕਲਾ ਵਰਤਾਈ ਕਿ ਹਰਿਆਣਾ ਅਤੇ ਪੰਜਾਬ ਇੱਕ ਦੂਜੇ ਉੱਤੇ ਜਾਨ ਦੇਣ ਲੱਗ ਪਿਆ। ਇਹ ਤਾਂ ਜਵਾਹਰ ਲਾਲ ਨਹਿਰੂ ਹੁਰਾਂ ਨੇ ਬੇੜੀਆਂ ਵਿੱਚ ਵੱਟੇ ਪਾਏ ਹੋਏ ਹਨ, ਨਹੀਂ ਤਾਂ ਹਰਿਆਣਾ-ਪੰਜਾਬ-ਹਿਮਾਚਲ-ਪਾਕਿਸਤਾਨ ਵਾਲ਼ਾ ਪੰਜਾਬ ਸਾਰਾ ਇੱਕ ਹੀ ਸੀ। ਸਿੱਖਾਂ ਨਾਲ਼ ਵੈਰ ਕਮਾਉਣ ਅਤੇ ਸਿਆਸੀ ਰੋਟੀਆਂ ਸੇਕਣ ਲਈ ਨਹਿਰੂ ਹੁਰਾਂ ਨੇ ਇਹ ਸਾਰੀ ਖੇਡ ਖੇਡੀ ਸੀ।

ਖ਼ੈਰ ਜਿੰਨਾ ਕੁ ਪੰਜਾਬ ਹੁਣ ਕੋਲ਼ ਆ, ਇਸ ਨੂੰ ਬਚਾ ਲਈਏ ਬੜੀ ਵੱਡੀ ਗੱਲ ਹੈ। ਆਪਣੇ ਦੁਸ਼ਮਣ ਨੇ ਤਾਂ ਧਾਰਿਆ ਹੋਇਆ ਕਿ ਸਿੱਖਾਂ ਦਾ, ਸਿੱਖੀ ਦਾ, ਪੰਜਾਬ ਦਾ ਉਜਾੜਾ ਕਰਨਾ ਹੈ। ਅੱਜ ਸਾਰਿਆਂ ਦੀ ਤਾਂ ਨਹੀਂ ਬਲਕਿ ਜ਼ਿਆਦਾ ਲੋਕਾਂ ਦੀ ਇਹ ਸੋਚ ਬਣ ਗਈ ਹੈ ਕਿ 'ਕੁਝ ਨਹੀਂ ਹੁੰਦਾ, ਕੁਝ ਨਹੀਂ ਹੋ ਚੱਲਿਆ, ਸਾਡਾ ਤਾਂ ਠੀਕ-ਠਾਕ ਚੱਲ ਰਿਹਾ ਹੈ, ਬਾਕੀਆਂ ਦਾ ਕੋਈ ਨਾ, ਜੋ ਹੋਵੇਗਾ ਵੇਖੀ ਜਾਵੇਗੀ'; ਇਹ ਇੱਕ ਬਹੁਤ ਖ਼ਤਰਨਾਕ ਸੋਚ ਹੈ। ਕੁਝ ਨਹੀਂ ਹੋ ਚੱਲਿਆ ਨਹੀਂ, ਬਹੁਤ ਕੁਝ ਹੋ ਰਿਹਾ ਹੈ ਅਤੇ ਸਾਨੂੰ ਦਿੱਸ ਵੀ ਨਹੀਂ ਰਿਹਾ। ਆਹ ਤਾਂ ਕਰੋਨਾ ਕਰਕੇ ਥੋੜਾ ਕੰਮ ਰੁਕ ਗਿਆ ਹੈ, ਨਹੀਂ ਤਾਂ ਇਹਨਾਂ ਦੋ ਕੁ ਸਾਲਾਂ 'ਚ ਪਿੰਡਾਂ ਦੇ ਪਿੰਡ ਖ਼ਾਲੀ ਹੋ ਜਾਣੇ ਸਨ। ਅੱਧਾ ਪੰਜਾਬ ਕੈਨੇਡਾ ਆ ਜਾਣਾ ਸੀ,

ਆਈਲੈਟਸ ਕਰ ਕੇ।

ਸਾਨੂੰ ਬਾਹਰਲਿਆਂ ਨੂੰ ਵੀ ਅਤੇ ਪੰਜਾਬ ਵਿੱਚ ਰਹਿਣ ਵਾਲ਼ਿਆਂ ਨੂੰ ਵੀ ਸਾਰੇ ਪੰਜਾਬ ਨੂੰ ਆਪਣਾ ਘਰ ਸਮਝ ਕੇ ਇਸ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਬਾਕੀ ਸਰਕਾਰ ਕੋਈ ਵੀ ਆ ਜਾਵੇ, ਮੁੱਖ ਮੰਤਰੀ ਕੋਈ ਵੀ ਬਣ ਜਾਵੇ ਇਸ ਨਾਲ਼ ਕੁਝ ਫ਼ਰਕ ਨਹੀਂ ਪੈਣਾ ਕਿਉਂਕਿ ਅਸਲ ਸ਼ਕਤੀ ਤਾਂ ਕੇਂਦਰ ਸਰਕਾਰ ਕੋਲ਼ ਹੈ। ਠੀਕ ਹੈ ਜੇ ਕੋਈ ਸਰਕਾਰ ਦਿਲੋਂ ਪੰਜਾਬ ਦਾ ਭਲਾ ਕਰਨਾ ਚਾਹੁੰਦੀ ਹੈ, ਜਿੰਨੇ ਕੁ ਹੱਕ ਉਸ ਕੋਲ਼ ਹਨ, ਉਹ ਕਰ ਸਕਦੀ ਹੈ। ਬਾਕੀ ਪੰਜਾਬ ਵਿੱਚ ਰਹਿੰਦੇ ਹਰ ਵਰਗ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਗਲ਼ੀ-ਪਿੰਡ-ਮੁਹੱਲੇ-ਕਸਬੇ-ਸ਼ਹਿਰ ਦਾ ਖ਼ਿਆਲ ਰੱਖੇ। ਕਾਫ਼ੀ ਪਿੰਡਾਂ ਨੇ ਆਪਣੇ ਤੌਰ 'ਤੇ ਪਿੰਡਾਂ ਨੂੰ ਬਹੁਤ ਸੰਵਾਰਿਆ ਹੈ। ਕਿਉਂਕਿ ਬਾਹਰੋਂ ਥੋੜੇ ਪੈਸੇ ਭੇਜੀਏ ਤਾਂ ਪੰਜਾਬ ਵਿੱਚ ਕਾਫ਼ੀ ਬਣ ਜਾਂਦੇ ਹਨ।

ਪ੍ਰਦੇਸ ਵਿੱਚ ਬੈਠਾ ਹਰ ਪੰਜਾਬੀ, ਹਰ ਸਿੱਖ ਆਪਣੇ ਪਿਆਰੇ ਪੰਜਾਬ ਲਈ ਤੜਫਦਾ ਰਹਿੰਦਾ ਹੈ। ਜਦੋਂ ਪੰਜਾਬ ਤੋਂ ਕੋਈ ਮਾੜੀ ਖ਼ਬਰ ਆਵੇ ਤਾਂ ਹਰ ਪੰਜਾਬੀ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ ਤੇ ਜੇ ਕੋਈ ਚੰਗੀ ਖ਼ਬਰ ਆ ਜਾਵੇ ਤਾਂ ਹਰ ਪੰਜਾਬੀ ਬਾਗੋ-ਬਾਗ ਹੋ ਜਾਂਦਾ ਹੈ।

ਵਾਹਿਗੁਰੂ ਜੀ ਦੀ ਕਿਰਪਾ ਨਾਲ਼ ਖ਼ਬਰ ਆ ਗਈ ਕਿ ਕਿਸਾਨ ਅੰਦੋਲਨ ਦੀ ਜਿੱਤ ਹੋ ਗਈ ਸੀ ਸੰਪੂਰਨ ਜਿੱਤ। ਦੁਨੀਆਂ ਦੇ ਇਤਿਹਾਸ ਦਾ ਸਭ ਤੋਂ ਵੱਡਾ ਅੰਦੋਲਨ, ਕਿਸਾਨ ਅੰਦੋਲਨ ਨੇ ਇਤਿਹਾਸ ਰਚ ਦਿੱਤਾ। ਹੰਕਾਰੀ, ਹਠੀ, ਅੜੀਅਲ, ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ ਦਾ ਦੋਸ਼ੀ, ਪੂਰੇ ਭਾਰਤ ਵਿੱਚ ਪੂਰਨ ਬਹੁਮੱਤ ਨਾਲ਼ ਜਿੱਤਿਆ ਰਾਜਾ ਮੋਦੀ, ਕਿਸਾਨਾਂ ਨੂੰ ਅੰਦੋਲਨਜੀਵੀ ਤੇ ਪਰਜੀਵੀ ਕਹਿਣ ਵਾਲ਼ਾ ਆਖ਼ਰਕਾਰ ਕਿਸਾਨਾਂ ਅੱਗੇ ਝੁੱਕ ਹੀ ਗਿਆ। ਅਕਾਲ ਪੁਰਖ ਵਾਹਿਗੁਰੂ, ਬਾਬੇ ਨਾਨਕ ਦੀ ਕਿਰਪਾ, ਪੂਰੀ ਦੁਨੀਆਂ ਵਿੱਚ ਕਿਸਾਨੀ ਅੰਦੋਲਨ ਦੀ ਸਫ਼ਲਤਾ ਤੇ ਜਿੱਤ ਲਈ ਹੁੰਦੀਆਂ ਅਰਦਾਸਾਂ, ਅੰਦੋਲਨਕਾਰੀਆਂ ਵਿੱਚ ਸੰਪੂਰਨ ਏਕਤਾ, ਦ੍ਰਿੜ੍ਹ ਇਰਾਦੇ, ਕਿਸਾਨ ਮੋਰਚੇ ਦੀ ਲੀਡਰਾਂ ਦੀ ਅਗਵਾਈ, ਖ਼ਾਲਸਾ ਏਡ ਅਤੇ ਹੋਰ ਸੰਸਥਾਵਾਂ ਵੱਲੋਂ ਸੰਪੂਰਨ ਮਦਦ ਦਾ ਭਰੋਸਾ, ਛੋਟੇ-ਛੋਟੇ ਪੰਜਾਬੀ ਚੈਨਲਾਂ, ਸੋਸ਼ਲ ਮੀਡੀਆ ਦੀ ਤਾਕਤ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੀਆਂ ਸੰਗਤਾਂ ਦਾ ਮਾਇਆ ਦਾ ਯੋਗਦਾਨ, ਬੱਚੇ-ਬਜ਼ੁਰਗ-ਜਵਾਨ-ਬੀਬੀਆਂ ਦੇ ਹੌਂਸਲੇ ਅੱਗੇ ਮੋਦੀ ਕਿਵੇਂ ਟਿਕ ਸਕਦਾ ਸੀ।

11 ਦਸੰਬਰ ਤੋਂ 15 ਦਸੰਬਰ 2020 ਤਕ ਦਾ ਖ਼ੁਸ਼ੀ ਦਾ ਮਾਹੌਲ, ਕਿਸਾਨ ਲੀਡਰਾਂ, ਕਿਸਾਨਾਂ ਉੱਤੇ ਹੋ ਰਹੀ ਫੁੱਲਾਂ ਦੀ ਵਰਖਾ, ਗਲ਼ਾਂ ਵਿੱਚ ਫੁੱਲਾਂ ਦੇ ਹਾਰ, ਸਿਰੋਪਾਓ, ਨਿਹੰਗ ਸਿੰਘਾਂ ਦੇ ਜੌਹਰ, ਡੀ.ਜੇ. ਉੱਤੇ ਗਾਣੇ-ਭੰਗੜੇ, ਹਰਿਆਣੇ ਵਾਲ਼ਿਆਂ ਵੱਲੋਂ ਥਾਂ-ਥਾਂ 'ਤੇ ਲੰਗਰ, ਡਰੋਨਾਂ ਨਾਲ਼ ਫੁੱਲਾਂ ਦੀ ਵਰਖਾ ਰਹਿੰਦੀ ਦੁਨੀਆਂ ਤਕ ਯਾਦ ਰੱਖੀ ਜਾਵੇਗੀ।

ਵਿਦੇਸ਼ਾਂ ਦੀ ਧਰਤੀ 'ਤੇ ਪਾਰਟੀਆਂ, ਗੁਰਦੁਆਰਾ ਸਾਹਿਬਾਨ ਵਿੱਚ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ, ਮਠਿਆਈ ਦਾ ਅਦਾਨ-ਪ੍ਰਦਾਨ ਕਿਵੇਂ ਕੋਈ ਭੁੱਲ ਸਕਦਾ ਹੈ।

ਜੋ ਲੋਕ ਇਸ ਖ਼ੁਸ਼ੀ ਵਿੱਚ ਖ਼ੁਦ ਸ਼ਾਮਲ ਸਨ, ਉਹਨਾਂ ਦਾ ਅਨੁਭਵ ਤਾਂ ਓਹੀ ਦੱਸ ਸਕਦੇ ਹਨ। ਜਿਹੜੇ ਸਾਡੇ ਵਰਗੇ ਵਿਦੇਸ਼ਾਂ ਵਿੱਚ ਬੈਠੇ ਸਿਰਫ਼ ਟੀ.ਵੀ. ਚੈਨਲਾਂ ਜਾਂ ਸ਼ੋਸ਼ਲ ਮੀਡੀਆ ਰਾਹੀਂ ਵੇਖ ਹੀ ਸਕਦੇ ਹਨ ਅਤੇ ਸੋਚ ਰਹੇ ਹਨ ਕਿ ਕਾਸ਼ ਅਸੀਂ ਵੀ ਅੱਜ ਇਸ ਖ਼ੁਸ਼ੀ ਵਿੱਚ ਸ਼ਾਮਲ ਹੁੰਦੇ, ਸਾਡਾ ਅਨੁਭਵ ਵੱਖਰਾ ਹੈ। ਸਭ ਨੂੰ ਰਲ਼ ਮਿਲ਼ ਕੇ ਬਾਬੇ ਨਾਨਕ ਅਤੇ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਪੰਜਾਬ ਦੇ ਚੰਗੇ ਭਵਿੱਖ ਲਈ ਅਰਦਾਸ ਕਰਨੀ ਚਾਹੀਦੀ ਹੈ।

ਸਭ ਦੇਸ਼-ਵਿਦੇਸ਼ ਵਾਲ਼ਿਆਂ ਨੂੰ ਜਿਸ ਤਰ੍ਹਾਂ ਵੀ ਕੋਈ ਕਰ ਸਕਦਾ ਹੈ ਸੁਹਿਰਦ ਯਤਨ ਵੀ ਕਰਨੇ ਚਾਹੀਦੇ ਹਨ । ਪੰਜਾਬੀਓ! ਪੰਜਾਬ ਮਰ ਰਿਹਾ, ਪੰਜਾਬ ਉੱਜੜ ਰਿਹਾ, ਪੰਜਾਬ ਤੜਫ਼ ਰਿਹਾ ਹੈ, ਪੰਜਾਬ ਰੋ ਰਿਹਾ ਹੈ। ਬੇਰੁਜਗਾਰੀ, ਨਸ਼ਿਆਂ ਦਾ ਛੇਵਾਂ ਦਰਿਆ, ਲੱਚਰਪੁਣਾ, ਪ੍ਰਵਾਸ, ਸਪਰੇਆਂ, ਖ਼ੁਦਕੁਸ਼ੀਆਂ, ਲੁੱਟਾਂ-ਖੋਹਾਂ, ਬਲਾਤਕਾਰ, ਗੈਂਗਵਾਰਾਂ, ਸਿਰਾਂ ਤੋਂ ਲੱਥ ਰਹੀਆਂ ਦਸਤਾਰਾਂ, ਅਣਖਾਂ ਖ਼ਾਤਰ ਹੋ ਰਹੇ ਕਤਲ, ਐਕਸੀਡੈਂਟਾਂ ਨਾਲ਼ ਮਰ ਰਹੀ ਜਵਾਨੀ ਅਤੇ ਹੋਰ ਲੋਕ, ਭ੍ਰਿਸ਼ਟਾਚਾਰ, ਮਰ ਰਹੀ ਮਾਂ ਬੋਲੀ ਪੰਜਾਬੀ, ਉਸ ਦੀ ਥਾਂ ਲੈ ਰਹੀ ਹਿੰਦੀ-ਅੰਗਰੇਜ਼ੀ, ਲੋਕਾਂ 'ਚ ਘਟ ਰਿਹਾ ਪਿਆਰ, ਰਿਸ਼ਤਿਆਂ 'ਚ ਆ ਰਹੀਆਂ ਦਰਾਰਾਂ, ਸ਼ਰਾਬ ਦੇ ਠੇਕਿਆਂ ਅੱਗੇ ਲੱਗੇ ਆਦਮ-ਕੱਦ ਬੋਰਡ, ਵੱਡੇ-ਵੱਡੇ ਆਈਲੈਟਸ ਸੈਂਟਰਾਂ ਦੇ ਬੋਰਡ, ਥਾਂ-ਥਾਂ ਬੈਠੇ ਇਮੀਗ੍ਰੇਸ਼ਨ ਏਜੰਟ, ਧਰਮ ਦੇ ਅਧਰਮੀ ਠੇਕੇਦਾਰ, ਪੰਥਕ ਲੀਡਰਾਂ ਦੀ ਆਪੋ-ਆਪਣੀ ਡਫ਼ਲੀ, ਭਈਆਂ ਦੀ ਭਰਮਾਰ, ਕੀ-ਕੀ ਲਿਖਾਂ ਹੋਰ? ਇਹ ਸਭ ਕੁੱਝ ਵੇਖ ਪੰਜਾਬ ਰੋ ਰਿਹਾ ਹੈ। ਵਾਸਤਾ ਹੈ ਉਸ ਰੱਬ ਦਾ ਰਲ਼-ਮਿਲ ਕੇ ਪੰਜਾਬ ਬਚਾ ਲਓ।

ਪੰਜਾਬ ਦਿਓ ਲੋਕੋ! ਪੰਜਾਬ ਬਚਾ ਲਓ। ਮੇਰੇ ਪ੍ਰਦੇਸੀ ਭਰਾਓ! ਆਓ ਆਪਾਂ ਸਾਰੇ ਪੰਜਾਬ ਲਈ ਗੰਭੀਰ ਹੋਈਏ ਅਤੇ ਕੁਝ ਕਰੀਏ। ਅਕਾਲ ਪੁਰਖ ਵਾਹਿਗੁਰੂ ਸਾਨੂੰ ਪ੍ਰਦੇਸੀਆਂ ਨੂੰ ਵੀ ਸਮਰੱਥਾ, ਸੋਝੀ, ਬਲ ਬਖ਼ਸ਼ੇ ਕਿ ਅਸੀਂ ਆਪਣੀ ਜਨਮ ਭੂਮੀ ਪੰਜਾਬ ਲਈ ਕੁਝ ਕਰ ਸਕੀਏ।

ਬਾਕੀ ਦੇਸ ਪੰਜਾਬ 'ਚ ਰਹਿ ਕੇ ਮੌਜੂਦਾ ਇਤਿਹਾਸ ਨੂੰ ਆਉਣ ਵਾਲ਼ੀਆਂ ਸਦੀਆਂ ਤੱਕ ਜ਼ਿੰਦਾ ਰੱਖਣਾ ਬਹੁਤ ਜ਼ਰੂਰੀ ਹੈ ਜਿਸ ਲਈ ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ) ਬਹੁਤ ਮਿਹਨਤ ਕਰ ਰਹੇ ਹਨ, ਸ਼ਹੀਦ ਸਿੰਘਾਂ ਦੇ ਘਰ-ਘਰ ਜਾ ਕੇ ਜਾਣਕਾਰੀ ਹਾਸਲ ਕਰਨੀ ਅਤੇ ਫਿਰ ਇਤਿਹਾਸ ਲਿਖਣਾ, 'ਖ਼ਾਲਸਾ ਫ਼ਤਹਿਨਾਮਾ' ਮੈਗਜ਼ੀਨ 'ਚ ਅਨੇਕਾਂ ਲੇਖ ਲਿਖਣੇ, ਹੁਣ ਤਾਂ ਭਾਈ ਸਾਹਿਬ ਦੀ 'ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ (ਭਾਗ ਤੀਜਾ)' ਕਿਤਾਬ ਵੀ ਛਪ ਕੇ ਜਾਰੀ ਹੋ ਚੁੱਕੀ ਹੈ, ਦੀਪ ਸਿੱਧੂ ਉੱਤੇ ਲਿਖੀ 'ਹੋਂਦ ਦਾ ਨਗਾਰਚੀ' ਕਿਤਾਬ ਵੀ ਬੇਹੱਦ

ਚਰਚਾ 'ਚ ਹੈ। ਛੋਟੀ ਉਮਰੇ ਵੱਡੇ ਕਾਰਜ ਕਰਨਾ ਮੈਂ ਸਮਝਦਾ ਹਾਂ ਕਿ ਇਹ ਵੀ ਵਾਹਿਗੁਰੂ ਦੀ ਕਲਾ ਹੈ।

ਇਸ ਤੋਂ ਇਲਾਵਾ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਖ਼ਾਲਿਸਤਾਨੀ ਸੰਘਰਸ਼ ਦੇ ਜੁਝਾਰੂ ਸਿੰਘਾਂ-ਸਿੰਘਣੀਆਂ ਦੇ ਸ਼ਹੀਦੀ ਦਿਹਾੜੇ ਮਨਾਉਣੇ, ਸੰਗਤਾਂ ਨੂੰ ਪ੍ਰੇਰ ਕੇ ਸ਼ਹੀਦ ਪਰਿਵਾਰਾਂ ਦੀ ਮਾਇਕੀ ਸਹਾਇਤਾ ਕਰਵਾਉਣੀ, ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ ਕਰਨਾ, ਮਾਰਚ-ਪ੍ਰਦਰਸ਼ਨ ਤੇ ਸੈਮੀਨਾਰ ਕਰਨੇ, ਪੰਥ ਦੋਖੀ ਬਾਦਲਕਿਆਂ ਅਤੇ ਫ਼ਿਰਕੂ ਹਿੰਦੂਤਵੀਆਂ ਖ਼ਿਲਾਫ਼ ਡਟ ਕੇ ਟੱਕਰ ਲੈਣੀ, ਲਗਾਤਾਰ ਪੰਥਕ ਸਰਗਰਮੀਆਂ ਕਰਨੀਆਂ, ਧਰਮ ਪ੍ਰਚਾਰ ਕਰਨਾ, ਗੁਰਮਤਿ ਕੈਂਪ ਲਾਉਣੇ, ਦਸਤਾਰ ਅਤੇ ਗਤਕਾ ਸਿਖਲਾਈ, ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਕਰਵਾਉਣੇ, ਹਰੇਕ ਮੋਰਚੇ ਅਤੇ ਸੰਘਰਸ਼ 'ਚ ਮੋਹਰੀ ਰਹਿਣਾ ਤੇ ਹੋਰ ਵੀ ਕਾਫ਼ੀ ਸੇਵਾਵਾਂ ਨਿਭਾ ਰਹੇ ਹਨ।

ਮੈਂ ਜਦ ਵੀ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ 'ਚ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਵੇਖਦਾ ਹਾਂ ਤਾਂ ਬਹੁਤ ਖ਼ੁਸ਼ੀ ਅਤੇ ਮਾਣ ਮਹਿਸੂਸ ਹੁੰਦਾ ਹੈ। ਸਾਡੀ ਕੌਮ ਨੂੰ ਅਜਿਹੇ ਗੁਰਸਿੱਖਾਂ ਤੇ ਯੋਧਿਆਂ ਦੀ ਬਹੁਤਾਂਤ ਲੋੜ ਹੈ।

ਸ. ਰਣਜੀਤ ਸਿੰਘ ਜੀ (ਮੁੱਖ ਸੰਪਾਦਕ ਖ਼ਾਲਸਾ ਫ਼ਤਹਿਨਾਮਾ) ਵੀ ਕਾਫ਼ੀ ਔਕੜਾਂ ਦੇ ਬਾਵਜੂਦ ਸੇਵਾ ਵਿੱਚ ਡਟੇ ਹੋਏ ਹਨ ਅਤੇ ਸਿੱਖ ਅਜ਼ਾਦੀ ਦੇ ਨਿਸ਼ਾਨੇ ਨੂੰ ਉਹਨਾਂ ਨੇ ਜ਼ਿੰਦਾ ਰੱਖਿਆ ਹੋਇਆ ਹੈ। ਸੋਸ਼ਲ ਮੀਡੀਆ ਦੇ ਯੁੱਗ ਵਿੱਚ ਮੈਗਜ਼ੀਨ ਨੂੰ ਚੱਲਦਾ ਰੱਖਣਾ ਪਹਾੜ ਨਾਲ ਟੱਕਰ ਲੈਣ ਵਾਲ਼ੀ ਗੱਲ ਹੁੰਦੀ ਹੈ। 'ਖ਼ਾਲਸਾ ਫ਼ਤਹਿਨਾਮਾ' ਨੂੰ ਸਰਕਾਰੀ ਪ੍ਰੇਸ਼ਾਨੀਆਂ ਤੇ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੂਤਵੀਏ ਇਸ ਮੈਗਜ਼ੀਨ ਨੂੰ ਬੰਦ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਹਰੇਕ ਸਿੱਖ ਨੂੰ ਚਾਹੀਦਾ ਹੈ ਕਿ ਉਹ 'ਖ਼ਾਲਸਾ ਫ਼ਤਹਿਨਾਮਾ' ਦੇ ਹੱਕ 'ਚ ਨਿੱਤਰੇ, ਮੈਂਬਰ ਬਣੇ ਤੇ ਇਸ ਨੂੰ ਪੜ੍ਹੇ। ਫ਼ਤਹਿਨਾਮਾ ਇੱਕ ਮੈਗਜ਼ੀਨ ਹੀ ਨਹੀਂ, ਇੱਕ ਲਹਿਰ ਹੈ, ਦਸਤਾਵੇਜ਼ ਹੈ, ਹਲੂਣਾ ਦਿੰਦਾ ਹੈ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਤੇ ਹੋਰ ਸ਼ਹੀਦਾਂ ਦੀ ਗੱਲ ਸਾਡੇ ਤਕ ਪਹੁੰਚਾਉਂਦਾ ਹੈ। ਜਿੱਥੋਂ ਤਕ ਮੇਰੀ ਜਾਣਕਾਰੀ ਹੈ, ਵੱਡੀਆਂ-ਵੱਡੀਆਂ ਸੰਸਥਾਵਾਂ ਤੇ ਸੰਪਰਦਾਵਾਂ ਵੀ ਜਿਨ੍ਹਾਂ ਦੇ ਆਪੋ-ਆਪਣੇ ਮੈਗਜ਼ੀਨ ਚੱਲਦੇ ਸਨ, ਹੁਣ ਉਹ ਸਾਰੇ ਹੀ ਬੰਦ ਹੋ ਚੁੱਕੇ ਹਨ। ਹਾਲਾਂਕਿ ਇਹਨਾਂ ਸੰਪਰਦਾਵਾਂ ਕੋਲ਼ ਕਿਸੇ ਸਰਮਾਏ, ਸਾਧਨ ਜਾਂ ਮਾਇਆ ਦੀ ਘਾਟ ਨਹੀਂ ਹੈ ਪਰ ਫਿਰ ਵੀ ਉਹ ਸਮਝਦੇ ਹਨ ਕਿ ਇਸ ਵਿੱਚ ਕੋਈ ਆਮਦਨ ਹੋਣ ਦੀ ਬਜਾਏ, ਹਰ ਮਹੀਨੇ ਪੱਲਿਓਂ ਖ਼ਰਚ ਪੈਂਦਾ ਹੈ। ਮੈਗਜ਼ੀਨ ਚਲਾਉਣਾ ਕੋਈ ਖਾਲ਼ਾ ਜੀ ਦਾ ਵਾੜਾ ਨਹੀਂ ਹੈ। ਮੈਗਜ਼ੀਨਾਂ ਦੇ ਇਤਿਹਾਸ ਵਿੱਚ 'ਸੰਤ ਸਿਪਾਹੀ' ਤੋਂ ਬਾਅਦ ਜੇਕਰ ਕੋਈ ਲੰਮੇ ਸਮੇਂ ਤੋਂ ਮੈਗਜ਼ੀਨ ਚੱਲ ਰਿਹਾ ਹੈ ਤਾਂ ਉਹ 'ਖ਼ਾਲਸਾ ਫ਼ਤਹਿਨਾਮਾ' ਹੀ ਹੈ।

ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ ਵੀ ਡਟੇ ਹੋਏ ਹਨ ਵਿਚਾਰਾਂ

ਦੇ ਮੈਦਾਨ-ਏ-ਜੰਗ ਵਿੱਚ; ਜਿਨ੍ਹਾਂ ਨੇ ਸਿੱਖ ਅਜ਼ਾਦੀ ਬਾਰੇ ਹੁਣ ਤਕ ਬਹੁਤ ਕੁਝ ਲਿਖਿਆ ਹੈ, ਉਹਨਾਂ 'ਤੇ ਕਾਫ਼ੀ ਸੰਕਟ ਆਏ ਪਰ ਉਹ ਵੀ ਹੁਣ ਤਕ ਅਡੋਲ ਹਨ। ਉਹਨਾਂ ਵਾਂਗ ਕੇ.ਪੀ.ਐੱਸ. ਗਿੱਲ ਬਾਰੇ ਲਿਖੀ 'ਪੰਜਾਬ ਦਾ ਸੂਚੜ' ਕਿਤਾਬ ਤਾਂ ਹਰੇਕ ਸਿੱਖ ਪੜ੍ਹ ਚੁੱਕਾ ਹੈ, ਸੋਸ਼ਲ ਮੀਡੀਆ 'ਤੇ ਉਹਨਾਂ ਦੀਆਂ ਪੋਸਟਾਂ ਬੰਬ ਹੀ ਹੁੰਦੀਆਂ ਹਨ। ਉਹ ਖਾਲਿਸਤਾਨ ਦੇ ਝੰਡਾ-ਬਰਦਾਰ ਹਨ।

ਬੁੱਢਾ ਬੱਬਰ ਸ਼ੇਰ ਅਤੇ ਖਾਲਿਸਤਾਨੀ ਜਰਨੈਲ ਸ. ਸਿਮਰਨਜੀਤ ਸਿੰਘ ਮਾਨ, ਦਲ ਖ਼ਾਲਸਾ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ, ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ (ਨਜ਼ਰਬੰਦ ਡਿਬਰੂਗੜ੍ਹ-ਅਸਾਮ ਜੇਲ੍ਹ) ਤੇ ਹੋਰ ਕਾਫ਼ੀ ਸਿੰਘਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੋਚ ਅਤੇ ਜੰਗ-ਏ-ਅਜ਼ਾਦੀ ਨੂੰ ਜ਼ਿੰਦਾ ਅਤੇ ਜਾਗਦਾ ਰੱਖਿਆ ਹੋਇਆ ਹੈ ਅਤੇ ਇਹ ਜੰਗ ਆਖ਼ਰੀ ਸਾਹਾਂ ਤਕ ਜਾਰੀ ਰਹੇਗੀ।

ਨਾ ਰੋ ਪੰਜਾਬ ਸਿਆਂ, ਤੇਰੇ ਪੁੱਤ ਨੇ ਹਾਲੇ ਜਿਊਂਦੇ।
ਜਿੱਤ ਲਿਆ ਅੰਦੋਲਨ ਆ, ਹੁਣ ਛੇਤ ਨਹੀਂ ਥਿਊਂਦੇ।
ਚਾਲਾਂ ਜੋ ਦੁਸ਼ਮਣ ਦੀਆਂ, ਉਹਨਾਂ ਨੂੰ ਲਾ ਦਿਆਂਗੇ ਡੱਕੇ।
ਅਸੀਂ ਪੁੱਤ ਦਸਮੇਸ਼ ਦੇ ਹਾਂ, ਜੋ ਮਰ ਕੇ ਵੀ ਨਹੀਂ ਸੀ ਅੱਕੇ।
ਸਾਨੂੰ ਗੁੜ੍ਹਤੀ ਅੰਮ੍ਰਿਤ ਦੀ, ਹੈ ਬਾਜਾਂ ਵਾਲ਼ੇ ਨੇ ਦਿੱਤੀ।
ਅਸੀਂ ਇਕੱਤੀ ਮੋੜਦੇ ਹਾਂ, ਜੇ ਕੋਈ ਪਾਵੇ ਸਾਨੂੰ ਇੱਕੀ।
ਦੁਸ਼ਮਣ ਨੂੰ ਜੋ ਭੁਲੇਖਾ ਸੀ, ਕਿਰਪਾ ਬਾਬੇ ਦੀ ਨਾਲ਼ ਕੱਢਿਆ।
ਸਿਰੜਾਂ ਤੇ ਹਿੰਮਤ ਨਾਲ਼, ਧੌਣ ਦਾ ਸਰੀਆ ਮੋਦੀ ਦਾ ਕੱਢਿਆ।
ਆਰ.ਐਸ.ਐਸ. ਕਹਿੰਦੀ ਆ, 2070 'ਚ ਸਿੱਖ ਨਹੀਂ ਲੱਭਣੇ।
ਚਾਲਾਂ ਅਸਾਂ ਜੋ ਚੱਲੀਆਂ ਨੇ, ਇਹ ਤਾਂ ਲੱਖਿਆ ਵੀ ਨਹੀਂ ਲੱਭਣੇ।
ਇਹਨਾਂ ਦਾ ਭੁਲੇਖਾ ਹੈ, ਇਹ ਕੀ ਕਲ਼ਾ ਗੁਰੂ ਦੀ ਜਾਨਣ।
ਸਿੱਖ ਤਾਂ ਫ਼ਾਂਸੀ ਦੇ ਰੱਸਿਆਂ 'ਤੇ, ਅਨੰਦ ਜੀਵਨ ਦਾ ਮਾਨਣ।
ਜਿਨ੍ਹਾਂ ਦਾ ਅੱਗਾ-ਪਿੱਛਾ ਨਹੀਂ, ਉਹ ਨੇ ਮੱਤਾਂ ਸਾਨੂੰ ਦਿੰਦੇ।
ਖਾ ਗੋਲ਼ੀਆਂ ਛਾਤੀਆਂ ਵਿੱਚ, ਇਹਨਾਂ ਦੀ ਰਾਖੀ ਕਰਦੇ ਸਾਡੇ ਪੁੱਤ ਛਿੰਦੇ।
ਕੌਮ ਤੱਕੜੀ ਤੋਲਣ ਦਾ, ਗੱਲਾਂ ਸਾਡੇ ਨਾਲ਼ ਨੇ ਕਰਦੇ।
ਨਿਹੰਗਾਂ ਦੇ ਜੈਕਾਰਿਆਂ ਤੋਂ, ਡਰਦੇ ਫਿਰਦੇ ਇਹ ਨੇ ਭੱਜਦੇ।
ਪੰਗਾ ਅੰਨਦਾਤੇ ਨਾਲ਼ ਲੈ, ਫਿਰਦੇ ਸੀਗੇ ਨੇ ਪਛਤਾਉਂਦੇ।

ਖ਼ਾਲਸਾਈ ਨਿਸ਼ਾਨ ਸਾਡੇ, ਸੀਗੇ ਇਹਨਾਂ ਨੂੰ ਡਰਾਉਂਦੇ।
ਸਾਮ ਦਾਮ ਦੰਡ ਭੇਦ, ਇਹ ਵੀ ਇਹਨਾਂ ਦਾ ਨਾ ਚੱਲਿਆ।
ਫਿਰ ਦਾਮੋਦਰ ਦਾਸ ਮੋਦੀ, ਟਿਕਾਣਾ ਜਾ ਕਿਸੇ ਪਾਂਡੇ ਦਾ ਮੱਲਿਆ।
ਪਾਂਡਾ ਕਹਿੰਦਾ ਮੋਦੀ ਜੀ, ਇਹ ਸਿੱਖ ਬੜੇ ਨੇ ਭੈੜੇ।
ਜਿਹੜਾ ਪੰਗਾ ਇਹਨਾਂ ਨਾਲ਼ ਲੈਂਦਾ, ਉਸ ਨੂੰ ਪੜ੍ਹਾਉਂਦੇ ਊੜੇ-ਐੜੇ।
ਤੂੰ ਬੰਦਾ ਸਿਆਣਾ ਲੱਗਦਾਂ, ਗੱਲ ਓਡਵਾਇਰ ਦੀ ਕਿਉਂ ਨਾ ਵਾਚੀ।
ਤੇਰੀ ਦਿੱਲੀ ਵਿੱਚ ਹੀ ਇਹਨਾਂ, ਮਾਰੀ ਸੀ ਆਪਣੀ ਇੰਦਰਾ ਚਾਚੀ।
ਤੂੰ ਜਨਰਲ ਵੈਦਿਆ ਨੂੰ, ਵੀਰਿਆ ਕਿਸ ਤਰ੍ਹਾਂ ਸੀ ਭੁੱਲ ਗਿਆ।
ਮਾਕਨ-ਅਰਜਨ ਦਾਸ ਦਾ ਵੀ, ਖ਼ੂਨ ਦਿੱਲੀ ਵਿੱਚ ਸੀ ਡੁੱਲ੍ਹ ਗਿਆ।
ਚੱਲ ਜਾ ਕੇ ਦਿੱਲੀ ਹੁਣ, ਕਰ ਕੇ ਕਨੂੰਨ ਵਾਪਸੀ ਦਾ ਐਲਾਨ।
ਬਹੁਤੀ ਦੇਰ ਨਾ ਲਾਵੀਂ ਵੇ, ਨਹੀਂ ਤਾਂ ਹੋਵੇਂਗਾ ਪ੍ਰੇਸ਼ਾਨ।
ਇਹ ਸਿੱਖ ਬੜੇ ਭੈੜੇ ਨੇ ਇਹ ਤਾਂ ਮਰਨੋਂ ਮੂਲ ਨਾ ਡਰਦੇ।
'ਪੰਮਿਆ' ਇਹ ਸਿੱਖ ਬੜੇ ਡਾਹਢੇ ਨੇ, ਇਹ ਤਾਂ ਮਰ ਕੇ ਵੀ ਨਹੀਂ ਮਰਦੇ।

– ਹਰਪ੍ਰੀਤ ਸਿੰਘ ਪੰਮਾ

* * * * *

ਪ੍ਰਦੇਸ ਇੱਕ ਮਿੱਠੀ ਜੇਲ੍ਹ

ਪ੍ਰਦੇਸ ਇੱਕ ਮਿੱਠੀ ਜੇਲ੍ਹ ਹੈ। ਜੋ ਇੱਥੇ ਆ ਗਿਆ ਇੱਕ ਵਾਰੀ, ਉਹ ਵਾਪਸ ਨਹੀਂ ਜਾ ਸਕਦਾ। ਪ੍ਰਦੇਸਾਂ ਖ਼ਾਸ ਕਰ ਯੂਰਪੀਨ ਮੁਲਕਾਂ ਜਾਂ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟਰੇਲੀਆ, ਨਿਊਜੀਲੈਂਡ ਵਰਗੇ ਮੁਲਕਾਂ ਵਿੱਚ ਜੋ ਆ ਜਾਂਦਾ ਹੈ, ਇੱਥੋਂ ਦੇ ਸੁੱਖ ਸਹੂਲਤਾਂ ਇੱਥੋਂ ਦਾ ਮੌਸਮ, ਖਾਣ-ਪੀਣ, ਇੱਥੋਂ ਦੇ ਸਭ ਲਈ ਇੱਕੋ ਜਿਹੇ ਕਨੂੰਨ, ਕੋਈ ਰਿਸ਼ਵਤਖੋਰੀ ਨਹੀਂ, ਕੋਈ ਸਿਫਾਰਸ਼ ਨਹੀਂ, ਇਹੋ ਜਿਹੀਆਂ ਚੀਜ਼ਾਂ ਆਦਮੀ ਨੂੰ ਵਾਪਸ ਨਹੀਂ ਜਾਣ ਦਿੰਦੇ।

ਮੈਂ ਨਹੀਂ ਕਹਿੰਦਾ ਕਿ ਆਪਣਾ ਦੇਸ਼-ਪੰਜਾਬ ਮਾੜਾ ਹੈ, ਪਰ ਹਕੂਮਤ ਧਿਰ ਵੱਲੋਂ ਪੰਜਾਬ ਵਿੱਚ ਨਿਯੁਕਤ ਕੀਤੇ ਮੰਤਰੀ ਮਾੜੇ ਹਨ। ਜੇ ਆਪਣੇ ਦੇਸ ਵਿੱਚ ਇਨਸਾਨ ਨੂੰ ਕੰਮ-ਕਾਰ ਅਤੇ ਸਭ ਸੁੱਖ-ਸਹੂਲਤਾਂ ਮਿਲ਼ਦੇ ਹੋਣ ਤਾਂ ਕਦੇ ਵੀ ਕਿਸੇ ਇਨਸਾਨ ਦਾ ਆਪਣੀ ਜਨਮ ਭੂਮੀ ਨੂੰ ਛੱਡਣ ਲਈ ਮਨ ਨਹੀਂ ਕਰਦਾ। ਮਾੜੇ ਸਿਸਟਮ, ਮਾੜੀਆਂ ਸਰਕਾਰਾਂ, ਮਾੜੀਆਂ ਸਰਕਾਰਾਂ ਦੀਆਂ ਪੱਖਪਾਤੀ ਨੀਤੀਆਂ ਲੋਕਾਂ ਨੂੰ ਬਾਹਰ ਭੱਜਣ ਲਈ ਮਜਬੂਰ ਕਰਦੀਆਂ ਹਨ। ਹਿੰਦੋਸਤਾਨ ਦਾ ਅਸਲ ਕੰਟਰੋਲ ਕੱਟੜ ਹਿੰਦੂ ਕੋਲ਼ ਹੈ। ਸਰਕਾਰ ਚਾਹੇ ਜਿਸ ਦੀ ਵੀ ਮਰਜੀ ਬਣ ਜਾਵੇ, ਪਰ ਨੀਤੀਆ ਨਹੀਂ ਬਦਲਦੀਆਂ।

ਇਸ ਕਰਕੇ ਹਿੰਦੁਸਤਾਨ ਦੇ ਅਜ਼ਾਦ ਹੋਣ ਦੇ ਸਮੇਂ ਤੋਂ ਹੀ ਸਿੱਖ ਕੌਮ ਨੂੰ ਗ਼ਰੀਬ ਕਰਨ ਅਤੇ ਘਸਿਆਰੇ ਬਣਾਉਣ ਵਾਲ਼ੀਆਂ ਨੀਤੀਆਂ ਬਣਾਈਆਂ ਗਈਆਂ। ਸਿੱਖ ਕੌਮ ਦੀ ਰੀੜ੍ਹ ਦੀ ਹੱਡੀ ਕਿਸਾਨੀ ਸੀ, ਕਿਸਾਨੀ ਨੂੰ ਇੰਨੀ ਥੱਲੇ ਲਾ ਦਿੱਤਾ ਗਿਆ ਕਿ ਲੋਕਾਂ ਦੇ ਦਿਲਾਂ ਵਿੱਚ ਇਹ ਗੱਲ ਘਰ ਗਈ ਕਿ ਖੇਤੀ ਵਿੱਚ ਕੁਝ ਨਹੀਂ ਰੱਖਿਆ, ਜਾਂ ਬੱਚਿਆਂ ਨੂੰ ਬਾਹਰ ਭੇਜ ਦਿਓ ਜਾਂ ਪੜ੍ਹਾ ਲਿਖਾ ਕੇ ਕਿਤੇ ਨੌਕਰੀ ਲਾ ਦਿਓ। ਹੁਣ ਤਾਂ ਪੰਜਾਬ ਨੂੰ ਖ਼ਾਲੀ ਕਰਨ ਲਈ ਇਕੱਲੀ ਆਈਲੈਟਸ ਹੀ ਬੜੀ ਆ। ਵੈਸੇ ਤਾਂ ਕਰੀਬ ਸੌ ਸਾਲ ਤੋਂ ਪੰਜਾਬੀ ਬਾਹਰਲੇ ਮੁਲਕਾਂ ਵਿੱਚ ਆ ਰਹੇ ਹਨ, ਦੇਸ਼ ਦੇ ਹੋਰ ਰਾਜਾਂ ਤੋਂ ਵੀ ਆ ਰਹੇ ਹਨ। ਪਰ ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੇ ਪੰਜਾਬੀ ਹੀ ਜ਼ਿਆਦਾ ਬਾਹਰ ਆਏ ਹਨ, ਉਹ ਵੀ ਦੋਹਾਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਬਾਸ਼ਿੰਦੇ ਤੇ ਉਹ ਵੀ ਜ਼ਿਆਦਾ ਜੱਟ ਕੌਮ ਨਾਲ਼ ਸੰਬੰਧਿਤ।

ਪੰਜਾਬੀ ਹੱਡ-ਭੰਨਵੀਂ ਮਿਹਨਤ ਕਰਨ ਲਈ ਮਸ਼ਹੂਰ ਹਨ।

ਬਸ ਪ੍ਰਦੇਸ਼ ਵਿੱਚ ਇੱਕ ਵਾਰੀ ਕੰਮ ਮਿਲਣ ਦੀ ਦੇਰ ਹੁੰਦੀ ਹੈ ਫਿਰ ਤਾਂ ਪੰਜਾਬੀ ਵੱਟੇ ਚੁੱਕ ਦਿੰਦੇ ਹਨ, ਨਾ ਦਿਨ ਵੇਖਦੇ ਹਨ ਨਾ ਰਾਤ। ਬਾਕੀ ਹਰ ਬੰਦੇ ਦੀ ਕਿਸਮਤ 'ਤੇ ਨਿਰਭਰ ਹੁੰਦਾ ਹੈ। ਹਰ ਬੰਦਾ ਆਪਣੇ ਨਾਲ਼ ਕਈ ਤਰ੍ਹਾਂ ਦੇ ਸੁਪਨੇ ਲੈ ਕੇ ਆਇਆ ਹੁੰਦਾ ਹੈ। ਪਿੱਛੇ ਘਰਦਿਆਂ ਨੇ ਵੀ ਕਈ ਆਸਾਂ ਰੱਖੀਆਂ ਹੁੰਦੀਆਂ ਹਨ। ਬਾਹਰ ਆ ਕੇ ਮਾੜੀ ਸੰਗਤ ਮਿਲਣ ਕਰਕੇ ਕਈ ਲੋਕ ਗ਼ਲਤ ਕੰਮਾਂ ਵਿੱਚ ਵੀ ਪੈ ਜਾਂਦੇ ਹਨ। ਇੱਥੇ ਸ਼ਰਾਬ ਆਮ ਸਟੋਰਾਂ ਵਿੱਚ ਹੀ ਮਿਲ਼ ਜਾਂਦੀ ਹੈ। ਰੋਕਣ-ਟੋਕਣ ਵਾਲ਼ਾ ਹੁੰਦਾ ਕੋਈ ਨਹੀਂ, ਇਸ ਕਰਕੇ ਕਈਆਂ ਦੀ ਸਾਰੀ ਉਮਰ ਸ਼ਰਾਬ ਪੀਣ ਵਿੱਚ ਹੀ ਲੰਘ ਜਾਂਦੀ ਹੈ। ਕਈ ਇੰਡੀਆਂ ਤੋਂ ਮੋਨੇ-ਘੋਨੇ ਆਉਂਦੇ ਹਨ ਪਰ ਬਾਹਰ ਆ ਕੇ ਸਿੰਘ ਸਜ ਜਾਂਦੇ ਹਨ। ਬਾਕੀ ਨਵੇਂ ਬੰਦੇ ਨੂੰ ਬਾਹਰ ਆ ਕੇ ਸੈੱਟ ਹੋਣ ਲਈ ਸੰਘਰਸ਼ ਤਾਂ ਕਰਨਾ ਪੈਂਦਾ ਹੈ। ਇੱਥੋਂ ਦਾ ਖ਼ਰਚ-ਪਾਣੀ, ਰਹਿਣ-ਸਹਿਣ, ਖਾਣਾ-ਪੀਣਾ, ਕੱਪੜਾ-ਲੀੜਾ, ਟੈਲੀਫ਼ੋਨਾਂ ਦੇ ਖ਼ਰਚੇ ਚਲਾਉਣੇ, ਪਿੱਛੇ ਘਰਦਿਆਂ ਨੂੰ ਖ਼ਰਚ-ਪਾਣੀ ਭੇਜਣਾ। ਦੇਸ਼ ਵਿੱਚ ਬੈਠੇ ਤਾਂ ਸਾਰੇ ਇਹੀ ਸੋਚਦੇ ਹਨ ਫਲਾਣੇ ਦੀ ਇੰਨੀ ਤਨਖ਼ਾਹ ਹੈ ਪਰ ਇੱਥੋਂ ਦੇ ਖ਼ਰਚੇ ਕੋਈ ਨਹੀਂ ਗਿਣਦਾ। ਡਬਲ-ਡਬਲ ਕੰਮ ਕਰ ਕੇ ਚਾਰ ਪੈਸੇ ਬਚਦੇ ਹਨ, ਜੇ ਪਰਿਵਾਰ ਆ ਜਾਵੇ ਤਾਂ ਖ਼ਰਚੇ ਹੋਰ ਵਧ ਜਾਂਦੇ ਹਨ। ਇਕੱਲੇ-ਇਕਹਿਰੇ ਮੁੰਡੇ ਪੈਸੇ ਜ਼ਿਆਦਾ ਬਚਾ ਲੈਂਦੇ ਹਨ।

ਦੀਪ ਸਿੱਧੂ ਵਾਰ-ਵਾਰ ਕਿਉਂ ਕਹਿੰਦਾ ਸੀ ਕਿ "ਸਾਡੀ ਹੋਂਦ ਦੀ ਲੜਾਈ ਹੈ, ਸਾਡੀ ਹੋਂਦ ਨੂੰ ਖ਼ਤਰਾ ਹੈ?" ਉਸ ਦੇ ਕਹਿਣ ਦਾ ਕਾਰਨ ਇਹੀ ਸੀ ਜਦੋਂ ਅਸੀਂ ਆਪਣੀ ਜਨਮ ਭੂਮੀ ਆਪਣੀ ਮਿੱਟੀ ਨਾਲ਼ੋਂ ਟੁੱਟ ਜਾਂਦੇ ਹਾਂ, ਸਾਡਾ ਰਹਿਣ-ਸਹਿਣ, ਸੱਭਿਆਚਾਰ, ਧਰਮ, ਧਾਰਮਿਕ ਅਸਥਾਨ ਹੋਰ ਬਹੁਤ ਕਾਸੇ ਨਾਲ਼ੋਂ ਅਸੀਂ ਦੂਰ ਹੋ ਜਾਂਦੇ ਹਾਂ। ਖ਼ਾਸ ਕਰਕੇ ਜੋ ਬੱਚੇ ਛੋਟੀ ਉਮਰ ਵਿੱਚ ਵਿਦੇਸ਼ ਵਿੱਚ ਆ ਜਾਂਦੇ ਹਨ ਜਾਂ ਪੈਦਾ ਹੀ ਵਿਦੇਸ਼ ਵਿੱਚ ਹੁੰਦੇ ਹਨ, ਉਹਨਾਂ ਨੂੰ ਆਪਣੇ ਧਰਮ, ਆਪਣੇ ਸੱਭਿਆਚਾਰ ਆਪਣੀ ਮਾਂ-ਬੋਲੀ ਨਾਲ਼ ਜੋੜ ਕੇ ਰੱਖਣਾ ਬਹੁਤ ਮੁਸ਼ਕਿਲ ਕੰਮ ਹੈ। ਮਾਤਾ-ਪਿਤਾ ਕੰਮਾਂ 'ਤੇ ਰਹਿੰਦੇ ਹਨ, ਬੱਚੇ ਇੱਥੋਂ ਦੇ ਸਕੂਲਾਂ ਵਿੱਚ ਪੜ੍ਹਦੇ ਹਨ, ਉਹਨਾਂ ਦੇ ਦੋਸਤ-ਮਿੱਤਰ ਇੱਥੋਂ ਦੇ ਹਨ। ਇਹਨਾਂ ਯੂਰਪੀਨ ਮੁਲਕਾਂ ਦਾ ਰਹਿਣ-ਸਹਿਣ, ਪਹਿਰਾਵਾ, ਬੋਲੀ, ਹਰ ਚੀਜ਼ ਅਲੱਗ ਹੈ। ਜੇ ਕੋਈ ਗੰਭੀਰਤਾ ਨਾਲ਼ ਸੋਚੇ ਤਾਂ ਇਹ ਇੱਕ ਬਹੁਤ ਵੱਡਾ ਮਸਲਾ ਹੈ। ਕਈ ਲੋਕ ਸੋਚਦੇ ਹਨ ਤੇ ਕਈ ਕਹਿੰਦੇ ਹਨ ਜੋ ਹੋਵੇਗਾ ਵੇਖੀ ਜਾਵੇਗੀ; ਖਾਓ-ਪੀਓ ਮੌਜ ਕਰੋ। ਹਰ ਇਨਸਾਨ ਦੀ ਆਪਣੀ-ਆਪਣੀ ਸੋਚ ਹੈ। ਇੰਗਲੈਂਡ ਵਰਗੇ ਮੁਲਕਾਂ ਦੇ ਸਿੱਖਾਂ ਨੇ ਕਾਫ਼ੀ ਇੰਤਜਾਮ ਕਰ ਲਏ ਹਨ ਕਿਉਂਕਿ ਓਥੇ ਸਿੱਖ ਕਾਫ਼ੀ ਸਮਾਂ ਪਹਿਲਾਂ ਤੋਂ ਆ ਕੇ ਵਸੇ ਹੋਏ ਹਨ ਪਰ ਸਾਡੇ ਯੂਰਪੀਨ ਮੁਲਕ ਵਿੱਚ ਕਾਫ਼ੀ ਮੁਸ਼ੱਕਤ ਕਰਨੀ ਪਵੇਗੀ। ਬਾਕੀ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਸਭ ਦੀ ਫਿਕਰ ਹੈ ਜਿਸ ਦੇ ਆਸਰੇ ਇਹ ਕਾਇਨਾਤ ਚੱਲ ਰਹੀ ਹੈ।

ਸਿੱਖ ਕੌਮ ਇੱਕ ਜਾਗਰੂਕ ਕੌਮ ਹੈ। ਜਿੰਨਾ ਰੌਲਾ ਪੈਂਦਾ, ਇੰਨੇ ਵੀ ਸਿੱਖ ਸੁੱਤੇ ਨਹੀਂ। ਹਰ ਮਸਲੇ ਲਈ ਦੁਨੀਆਂ ਭਰ ਵਿੱਚ ਬੈਠਾ ਸਿੱਖ ਸੁਚੇਤ ਰਹਿੰਦਾ ਹੈ। ਸੋਸ਼ਲ ਮੀਡੀਆ ਦਾ ਜ਼ਮਾਨਾ ਹੈ; ਹਰ ਇਨਸਾਨ, ਹਰ ਸਿੱਖ, ਹਰ ਨਿੱਕੀ ਤੋਂ ਮੋਟੀ ਖ਼ਬਰ ਦਾ ਚਿਸ਼ਮਾਕ ਰੱਖਦਾ ਹੈ। ਬੱਚੇ ਇੰਟਰਨੈੱਟ ਤੋਂ ਕਾਫ਼ੀ ਕੁਝ ਸਿੱਖ ਚੁਹੇ ਹਨ। ਇੰਟਰਨੈੱਟ ਨੇ ਦੁਨੀਆਂ ਇੱਕ ਦੂਜੇ ਦੇ ਬਹੁਤ ਨੇੜੇ ਕਰ ਦਿੱਤੀ ਹੈ। ਕੋਈ ਸਮਾਂ ਸੀ ਚਿੱਠੀਆਂ ਦਾ। ਦੋ ਹਫ਼ਤੇ ਚਿੱਠੀ ਆਉਣ ਨੂੰ, ਹਫ਼ਤਾ ਦੋ ਹਫ਼ਤੇ ਚਿੱਠੀ ਜਾਣ ਨੂੰ, ਮਹੀਨੇ ਬਾਅਦ ਜਾ ਕੇ ਇੱਕ ਦੂਜੇ ਦਾ ਹਾਲ ਪਤਾ ਚੱਲਦਾ ਸੀ। ਹੁਣ ਤਾਂ ਲੋਕ ਰੋਜ਼ ਹੀ ਦੋ-ਚਾਰ ਮਿੰਟ ਲਈ ਫ਼ੋਨ ਕਰ ਕੇ ਇੱਕ ਦੂਜੇ ਦਾ ਹਾਲ ਪੁੱਛ ਲੈਂਦੇ ਹਨ। ਵੀਡੀਓ ਕਾਲ, ਗਰੁੱਪ ਕਾਲਾਂ ਹੋਣ ਲੱਗ ਪਈਆਂ ਹਨ।

ਪੈਸੇ ਭੇਜੋ ਓਸੇ ਦਿਨ ਮਿਲ ਜਾਂਦੇ ਹਨ। ਪਹਿਲਾਂ ਪੈਸੇ ਭੇਜੇ ਤਾਂ ਮਿਲਣ ਨੂੰ ਵੀ ਮਹੀਨਾ ਲੱਗ ਜਾਂਦਾ ਸੀ। ਬੈਂਕਾਂ ਵਾਲ਼ੇ ਗੇੜੇ ਮਰਵਾਉਂਦੇ ਸਨ। ਚਾਲ਼ੀ ਸਾਲ ਪਹਿਲਾਂ ਨਾਲੋਂ ਤਾਂ ਹੁਣ ਵਾਲਾ ਯੁੱਗ ਹੀ ਬਦਲ ਗਿਆ ਹੈ। ਖ਼ਾਸ ਕਰਕੇ ਪਿਛਲੇ ਦਸ ਕੁ ਸਾਲਾਂ ਵਿੱਚ ਤਾਂ ਸਾਇੰਸ ਜ਼ਿਆਦਾ ਹੀ ਤਰੱਕੀ ਕਰ ਗਈ ਹੈ। ਬੱਸ ਬੰਦੇ ਨੂੰ ਜਾਣਕਾਰੀ ਚਾਹੀਦੀ ਹੈ।

• • • • •

ਪ੍ਰਦੇਸ ਆ ਕੇ ਕੀ ਕਮਾਇਆ ?

ਜ਼ਿਆਦਾਤਰ ਲੋਕ ਬਾਹਰ ਪੈਸਾ ਕਮਾਉਣ ਹੀ ਆਉਂਦੇ ਹਨ। ਕਈ ਦੇਸ਼ਾਂ ਦੇ ਚੱਲ ਰਹੇ ਸੰਘਰਸ਼ਾਂ ਕਰਕੇ ਸਰਕਾਰਾਂ ਇੱਕ ਧਰਮ ਜਾਂ ਫ਼ਿਰਕੇ ਦੇ ਲੋਕਾਂ ਉੱਤੇ ਨਜਾਇਜ਼ ਅੱਤਿਆਚਾਰ ਕਰਨ ਲੱਗ ਜਾਂਦੀਆਂ ਹਨ। ਜਿਸ ਕਰਕੇ ਲੋਕਾਂ ਨੂੰ ਨਾ ਚਾਹੁੰਦੇ ਹੋਏ ਵੀ ਆਪਣੀ ਜਨਮ ਭੂਮੀ ਨੂੰ ਛੱਡਣਾ ਪੈਂਦਾ ਹੈ। ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਆਪਣਾ ਘਰ-ਬਾਰ, ਪਰਿਵਾਰ ਛੱਡ ਕੇ ਬਾਹਰ ਜਾਵਾਂਗਾ। ਪਰ ਘਰ ਦੇ ਹਾਲਾਤ ਅਤੇ ਪੁਲੀਸ ਦੇ ਗੇੜਿਆਂ ਕਰਕੇ ਮਜਬੂਰਨ ਆਉਣਾ ਪਿਆ।

ਬਾਹਰਲੇ ਮੁਲਕਾਂ ਵਿੱਚ ਸਰਕਾਰਾਂ ਨੇ ਪ੍ਰਬੰਧ ਹੀ ਐਸੇ ਕੀਤੇ ਹੋਏ ਹਨ ਕਿ ਵਿਹਲਾ ਰਹਿ ਕੇ ਬੰਦੇ ਦਾ ਸਰ ਹੀ ਨਹੀਂ ਸਕਦਾ। ਬਾਕੀ ਪਾਣੀ ਤੋਂ ਲੈ ਕੇ ਹਰ ਚੀਜ਼ ਮੁੱਲ ਦੀ ਹੈ। ਮਕਾਨਾਂ ਦੇ ਕਿਰਾਏ, ਬੀਮੇ, ਜਿਨ੍ਹਾਂ ਨਾਲ਼ ਸਾਰਾ ਇਲਾਜ ਹੁੰਦਾ, ਟੈਲੀਫ਼ੋਨਾਂ, ਗੱਡੀਆਂ ਦੇ ਖ਼ਰਚੇ ਵਗੈਰਾ-ਵਗੈਰਾ।

ਬਾਕੀ ਖ਼ਾਸ ਕਰਕੇ ਪੰਜਾਬੀਆਂ ਅਤੇ ਸਿੱਖਾ ਦੀ ਗੱਲ ਕਰਾਂਗਾ। ਸਾਡੇ ਲੋਕਾਂ ਨੇ ਬਾਹਰ ਆ ਕੇ ਢੇਰ ਸਾਰੀਆਂ ਕਮਾਈਆਂ ਕੀਤੀਆਂ। ਅੱਜ-ਕੱਲ੍ਹ ਸਾਨੂੰ ਪੰਜਾਬ ਵਿੱਚ 'ਐੱਨ.ਆਰ.ਆਈ.' ਦਾ ਨਾਂ ਦੇ ਦਿੱਤਾ ਗਿਆ। ਪੰਜਾਬੀਆਂ ਨੇ ਪ੍ਰਦੇਸ ਆ ਕੇ ਆਪਣਾ-ਆਪ ਸੈੱਟ ਕੀਤਾ ਫਿਰ ਆਪਣੇ ਪਰਿਵਾਰ ਮੰਗਵਾ ਕੇ ਸੈੱਟ ਕੀਤੇ ਅਤੇ ਕਈਆਂ ਨੇ ਆਪਣੇ ਰਿਸ਼ਤੇਦਾਰ, ਸੱਜਣ-ਮਿੱਤਰ ਵੀ ਸੈੱਟ ਕੀਤੇ। ਪਿੱਛੇ ਪੰਜਾਬ ਵਿੱਚ ਆਪਣੇ ਘਰਾਂ ਦੀ ਗ਼ਰੀਬੀ ਕੱਢੀ, ਜਾਇਦਾਦਾਂ-ਜ਼ਮੀਨਾਂ-ਪਲਾਟ ਖ਼ਰੀਦੇ। ਨਾਲ਼ ਦੀ ਨਾਲ਼ ਆਪਣੇ ਪਿੰਡਾਂ ਵਿੱਚ ਵੀ ਸੁਧਾਰ ਕੀਤੇ। ਲੋੜ ਪੈਣ 'ਤੇ ਪਿੰਡ ਦੇ ਕਈ ਲੋਕਾਂ ਦੀ ਵੀ ਸਹਾਇਤਾ ਕੀਤੀ। ਕਈ ਪਿੰਡਾਂ ਦੀ ਤਾਂ ਪ੍ਰਦੇਸੀਆਂ ਨੇ ਨੁਹਾਰ ਹੀ ਬਦਲ ਦਿੱਤੀ ਹੈ। ਗੁਰਦੁਆਰਾ ਸਾਹਿਬ ਸੁੰਦਰ ਕੀਤੇ, ਵੱਡੇ ਕੀਤੇ। ਬਾਹਰਲੇ ਮੁਲਕਾਂ ਵਿੱਚ ਵੀ ਕਾਮਯਾਬੀ ਦੇ ਝੰਡੇ ਗੱਡੇ। ਪ੍ਰਦੇਸਾਂ ਵਿੱਚ ਵੀ ਗੁਰਦੁਆਰਾ ਸਾਹਿਬ ਸਥਾਪਿਤ ਕੀਤੇ। ਇੱਕ ਦੂਜੇ ਨੂੰ ਨਾ ਜਾਣਦੇ ਹੋਏ ਵੀ ਹਰ ਫ਼ਿਰਕੇ ਦੇ ਲੋਕਾਂ ਨਾਲ਼ ਭਾਈਚਾਰਕ ਸਾਂਝਾਂ ਸਥਾਪਿਤ ਕੀਤੀਆਂ। ਸਾਡੀ ਸਿੱਖਾਂ ਦੀ ਪ੍ਰਦੇਸਾਂ ਵਿੱਚ ਹਿੰਦੂ, ਮੁਸਲਮਾਨ, ਹਰ ਧਰਮ, ਹਰ ਜਾਤ ਦੇ ਲੋਕਾਂ ਨਾਲ਼ ਸਾਂਝ ਹੈ। ਪ੍ਰਦੇਸਾਂ ਵਿੱਚ

ਭਾਰਤੀ ਲੋਕ ਮਿਹਨਤੀ ਅਤੇ ਇਮਾਨਦਾਰ ਮੰਨੇ ਜਾਂਦੇ ਹਨ।

ਬਾਕੀ ਝੰਨੇ ਵਿੱਚ ਨਦੀਨ (ਕੱਖ) ਅਤੇ ਕਣਕ ਵਿੱਚ ਕਾਂਗਿਆਰੀ ਵਾਂਗ ਕੁਝ ਮਾੜੇ ਅਨਸਰ ਹਰ ਜਗ੍ਹਾ ਹੀ ਹੁੰਦੇ ਹਨ। ਆਪਣੀ ਮਿਹਨਤ ਦੇ ਲੋਹੇ ਦੇ ਨਾਲ-ਨਾਲ ਪੰਜਾਬੀਆਂ ਨੇ ਵਿੱਦਿਆ ਦੇ ਖੇਤਰ ਵਿੱਚ ਵੀ ਮੱਲਾਂ ਮਾਰੀਆਂ ਹਨ। ਸਾਡੇ ਬੱਚੇ ਬਾਕੀ ਮੁਲਕਾਂ ਦੇ ਬੱਚਿਆ ਨਾਲੋਂ ਕਾਫ਼ੀ ਹੁਸ਼ਿਆਰ ਮੰਨੇ ਗਏ ਹਨ। ਚੰਗੀਆਂ-ਚੰਗੀਆਂ ਪੋਸਟਾਂ 'ਤੇ ਸਾਡੇ ਲੋਕ ਲੱਗੇ ਹੋਏ ਹਨ। ਸਭ ਕੁਝ ਹੋਣ ਦੇ ਬਾਵਜੂਦ ਵੀ ਸਾਡੇ ਸਰੀਰ ਹੀ ਯੂਰਪ ਜਾਂ ਬਾਹਰਲੇ ਮੁਲਕਾਂ ਵਿੱਚ ਹਨ ਪਰ ਆਤਮਾ ਹਰ ਵੇਲ਼ੇ ਪੰਜਾਬ ਅਤੇ ਆਪਣੇ ਪਿੰਡ ਵਿੱਚ ਰਹਿੰਦੀ ਹੈ। ਖ਼ਬਰਾਂ ਅਸੀਂ ਹਮੇਸ਼ਾ ਪੰਜਾਬ, ਭਾਰਤ ਦੀਆਂ ਜ਼ਿਆਦਾ ਸੁਣਦੇ ਹਾਂ। ਹਰ ਵੇਲ਼ੇ ਦਿਲ ਕਰਦਾ ਹੈ ਕਿ ਵਾਪਸ ਜਾ ਕੇ ਆਪਣੇ ਘਰ ਆਪਣੇ ਪਿੰਡ ਰਹੀਏ। ਪਰ ਮੁਸ਼ਕਿਲ ਹੈ ਕਿਉਂਕਿ ਬੱਚੇ ਨਹੀਂ ਮੰਨਦੇ ਉਹਨਾਂ ਨੂੰ ਹੁਣ ਇੱਥੇ ਹੀ ਵਧੀਆ ਲੱਗਦਾ ਹੈ। ਜਿਸ ਤਰ੍ਹਾਂ ਅਸੀਂ ਪੰਜਾਬ ਵਿੱਚ ਜੰਮੇ-ਪਲ਼ੇ ਜਵਾਨ ਹੋਏ ਹਾਂ ਸਾਨੂੰ ਹਾਲੇ ਤਕ ਵੀ ਉਹੀ ਵਧੀਆ ਲੱਗਦਾ ਹੈ ਭਾਵੇਂ ਹਾਲਾਤ ਜੋ ਵੀ ਹੋਣ।

ਦੁਨੀਆਂ ਦਾ ਕੋਈ ਹੀ ਮੁਲਕ ਹੋਵੇਗਾ ਜਿੱਥੇ ਸਿੱਖ ਨਹੀਂ ਵੱਸਦੇ। ਪੰਜਾਬ ਵਿੱਚ ਚੱਲੇ ਹਰ ਸੰਘਰਸ਼, ਹਰ ਮੋਰਚੇ ਵਿੱਚ ਵਿਦੇਸ਼ੀ ਵੱਸਦੇ ਸਿੱਖਾਂ ਨੇ ਵੱਧ-ਚੜ੍ਹ ਕੇ ਹਿੱਸਾ ਪਾਇਆ ਹੈ। ਭਾਰਤ ਸਰਕਾਰ ਵੀ ਬਾਹਰਲੇ ਸਿੱਖਾਂ ਦੇ ਦਬਾਅ ਹੋਣ ਕਰਕੇ ਭਾਰਤ ਵੱਸਦੇ ਸਿੱਖਾਂ ਨੂੰ ਸੋਚ ਸਮਝ ਕੇ ਹੀ ਹੱਥ ਪਾਉਂਦੀ ਹੈ। ਕਿਉਂਕਿ ਫਿਰ ਅੰਤਰਰਾਸ਼ਟਰੀ ਪੱਧਰ 'ਤੇ ਬਦਨਾਮੀ ਹੋਣ ਦਾ ਭਾਰਤ ਸਰਕਾਰ ਨੂੰ ਡਰ ਰਹਿੰਦਾ ਹੈ।

1990-1991 ਵਿੱਚ ਜਦੋਂ ਅਸੀਂ ਆਏ ਸਾਂ ਤਾਂ ਜ਼ਿਆਦਾਤਰ ਗੋਰੇ ਲੋਕ ਸਾਨੂੰ ਮੁਸਲਮਾਨ ਹੀ ਸਮਝਦੇ ਸਨ। ਅਸੀਂ ਪਿੰਡ-ਪਿੰਡ ਜਾ ਕੇ ਮਾਰਕੀਟਾਂ ਲਾਉਂਦੇ ਸੀ, ਜਿਸ ਕਰਕੇ ਸਾਡਾ ਗੋਰੇ ਲੋਕਾਂ ਨਾਲ਼ ਵਾਹ ਜ਼ਿਆਦਾ ਪੈਂਦਾ ਸੀ। ਆਮ ਹੀ ਲੋਕ ਪੁੱਛਦੇ ਸਨ ਕਿ ਤੁਸੀਂ ਮੁਸਲਮਾਨ ਹੋ? ਅਸੀਂ ਕਹਿ ਦੇਣਾ ਨਹੀਂ। ਫਿਰ ਉਹਨਾਂ ਪੁੱਛਣਾ ਕਿ ਤੁਸੀਂ ਕੌਣ ਹੋ? ਅਸੀਂ ਕਹਿਣਾ ਸਿੱਖ ਹਾਂ। ਤਾਂ ਉਹਨਾਂ ਨੇ ਮੋਢੇ ਚੁੱਕ ਦੇਣੇ, ਮਤਲਬ ਸਾਨੂੰ ਤਾਂ ਪਤਾ ਨਹੀਂ। ਫਿਰ ਅਸੀਂ ਕੋਸ਼ਿਸ ਕਰਨੀ ਸਮਝਾਉਣ ਦੀ, ਕਈਆਂ ਦੇ ਖਾਨੇ ਵਿੱਚ ਪੈ ਜਾਣੀ ਤੇ ਕਈਆਂ ਦੇ ਨਹੀਂ। ਪਰ ਕਈਆਂ ਨੂੰ ਜਾਣਕਾਰੀ ਵੀ ਸੀ, ਤਾਂ ਉਹ ਸਾਨੂੰ ਪੁੱਛ ਲੈਂਦੇ ਸਨ ਇੰਡੀਅਨ? ਅਸੀਂ ਕਹਿਣਾ ਹਾਂ, ਸਿੱਖ? ਅਸੀਂ ਕਹਿਣਾ 'ਹਾਂ', ਤਾਂ ਉਹਨਾਂ ਨੇ ਅੰਗੂਠਾ ਖੜ੍ਹਾ ਕਰ ਦੇਣਾ ਮਤਲਬ ਬਹੁਤ ਵਧੀਆ। ਪਰ ਅੱਜ ਇੰਨਾ ਫ਼ਰਕ ਪੈ ਗਿਆ ਕਿ ਅੱਸੀਂ ਪ੍ਰਤੀਸ਼ਤ ਲੋਕ ਸਿੱਧਾ ਹੀ ਪੁੱਛਦੇ ਹਨ ਕਿ 'ਆਰ ਯੂ ਸਿੱਖ?'

ਸ਼ੋਸ਼ਲ ਮੀਡੀਆ ਕਰਕੇ ਇੰਟਰਨੈੱਟ ਕਰਕੇ ਬਹੁਤ ਜ਼ਿਆਦਾ ਫ਼ਰਕ ਪਿਆ ਹੈ। ਕੁਝ ਘਟਨਾਵਾਂ ਇਹੋ ਜਿਹੀਆਂ ਵੀ ਵਾਪਰੀਆਂ ਕਿ ਮਾਣ ਨਾਲ਼ ਸਿਰ ਉੱਚਾ ਵੀ ਹੋਇਆ, ਮਨ ਵਿੱਚ ਵੈਰਾਗ ਵੀ ਪੈਦਾ ਹੋਇਆ, ਗੁਰੂ ਸਾਹਿਬ 'ਤੇ ਫ਼ਖ਼ਰ ਵੀ ਮਹਿਸੂਸ ਹੋਇਆ।

ਸਾਡੇ ਇੱਥੇ ਆਸਟਰੀਆ ਵਿੱਚ ਸੌ ਯੂਰੋ ਵਿੱਚ ਟਰੇਨ ਦਾ ਇੱਕ ਸਾਲ ਦਾ ਪਾਸ ਬਣਦਾ ਹੈ। ਉਸ ਨਾਲ਼ ਆਸਟਰੀਆ ਵਿੱਚ ਕਿਤੇ ਵੀ ਜਾਓ ਤਾਂ ਅੱਧੀ ਟਿਕਟ ਲੱਗਦੀ ਹੈ। ਮੈਂ ਇੱਕ ਵਾਰੀ ਆਪਣੇ ਸ਼ਹਿਰ ਤੋਂ ਪੰਜਾਹ ਕੁ ਕਿੱਲੋਮੀਟਰ ਦੂਰ ਟਰੇਨ 'ਤੇ ਜਾਣਾ ਸੀ। ਸਟੇਸ਼ਨ 'ਤੇ ਜਾ ਕੇ ਮੈਂ ਟਰੇਨ ਵਿੱਚ ਬੈਠ ਗਿਆ। ਥੋੜਾ ਲੇਟ ਸੀ ਇਸ ਕਰਕੇ ਮੈਂ ਸੋਚਿਆ ਕਿ ਟਰੇਨ ਦੇ ਵਿੱਚੋਂ ਹੀ ਟਿਕਟ ਲੈ ਲਵਾਂਗਾ। ਟੀ.ਟੀ. ਆ ਗਿਆ। ਮੈਂ ਕਿਹਾ ਫਲਾਣੇ ਪਿੰਡ ਦੀ ਅੱਧੀ ਟਿਕਟ ਦੇ ਦਿਓ। ਉਹ ਕਹਿੰਦਾ ਪਾਸ ਵਿਖਾ। ਜਦੋਂ ਮੈਂ ਵੇਖਿਆ ਜੇਬ ਵਿੱਚ, ਤਾਂ ਪਾਸ ਮੇਰਾ ਘਰੇ ਰਹਿ ਗਿਆ ਸੀ। ਮੈਂ ਉਸ ਨੂੰ ਕਿਹਾ ਕਿ- 'ਤੁਸੀਂ ਮੇਰੇ ਨਾਂ ਅਤੇ ਜਨਮ ਤਰੀਕ ਤੋਂ ਚੈੱਕ ਕਰ ਲਓ, ਮੇਰਾ ਪਾਸ ਬਣਿਆ ਹੋਇਆ ਪਰ ਘਰ ਰਹਿ ਗਿਆ..' ਤਾਂ ਉਹ ਕਹਿੰਦਾ 'ਸੀਟ 'ਤੇ ਬੈਠ ਜਾਓ, ਮੈਂ ਬਾਕੀ ਟਰੇਨ ਚੈੱਕ ਕਰ ਕੇ ਫਿਰ ਤੁਹਾਡੇ ਕੋਲ਼ ਆਉਨਾ।' ਉਹ ਦਸ ਕੁ ਮਿੰਟ ਬਾਅਦ ਆ ਗਿਆ ਤੇ ਮੇਰੇ ਨਾਲ਼ ਹੀ ਬੈਠ ਗਿਆ ਤੇ ਮੈਨੂੰ ਪੁੱਛਣ ਲੱਗਾ ਕਿ 'ਤੂੰ ਸਿੱਖ ਹੈਂ?' ਮੈਂ ਕਿਹਾ 'ਹਾਂ।' ਕਹਿੰਦਾ- 'ਮੈਂ ਸਿੱਖਾਂ ਬਾਰੇ ਪੜ੍ਹਿਆ ਹੈ, ਮੈਨੂੰ ਪਤਾ ਹੈ ਕਿ ਸਿੱਖ ਝੂਠ ਨਹੀਂ ਬੋਲਦੇ, ਮੈਂ ਤੇਰੇ 'ਤੇ ਯਕੀਨ ਕਰ ਸਕਦਾ ਹਾਂ ਤੇ ਆਹ ਲੈ ਅੱਧੀ ਟਿਕਟ।' ਇਹ ਸੁਣ ਕੇ ਮੇਰੇ ਅੰਦਰੋਂ ਵੈਰਾਗ ਫੁੱਟ ਪਿਆ ਕਿ ਅਸੀਂ ਤਾਂ ਗੱਲ-ਗੱਲ 'ਤੇ ਝੂਠ ਬੋਲ ਦਿੰਦੇ ਹਾਂ। ਅਸੀਂ ਤਾਂ ਕਈ ਵਾਰੀ ਘਰਦਿਆਂ ਨਾਲ਼ ਵੀ ਝੂਠ ਬੋਲਦੇ ਹਾਂ, ਪਰ ਗੁਰੂ ਸਾਹਿਬ ਜੀ ਧੰਨ ਤੇਰੀ ਸਿੱਖੀ, ਧੰਨ ਤੇਰਾ ਦਿੱਤਾ ਹੋਇਆ ਸਰੂਪ। ਦਸਤਾਰ ਦਾੜ੍ਹਾ ਵੇਖ ਕੇ ਲੋਕ ਸਾਨੂੰ ਪਛਾਣ ਤਾਂ ਲੈਂਦੇ ਹਨ।

ਸਿੱਖ ਕੌਮ ਨੇ ਪ੍ਰਦੇਸਾਂ ਵਿੱਚ ਆ ਕੇ ਬਹੁਤ ਕੁਝ ਕਮਾਇਆ। ਪੈਸਾ ਵੀ ਕਮਾਇਆ ਹੈ, ਇੱਜ਼ਤ ਵੀ ਕਮਾਈ ਤੇ ਨਾਂ ਵੀ ਕਮਾਇਆ। ਅੰਤਰਰਾਸ਼ਟਰੀ ਪੱਧਰ 'ਤੇ ਸਾਡੀ ਪਛਾਣ ਵੀ ਬਣੀ ਹੈ ਅਤੇ ਹੋਰ ਧਰਮਾਂ, ਕੌਮਾਂ ਦੇ ਲੋਕ ਆਪਣੇ ਧਰਮ ਛੱਡ ਕੇ ਸਿੱਖ ਵੀ ਬਣੇ ਹਨ ਜੋ ਕਿ ਸਾਡੇ ਲਈ ਬੜੀ ਮਾਣ ਵਾਲ਼ੀ ਗੱਲ ਹੈ। ਉਹਨਾਂ ਲੋਕਾਂ ਨੂੰ ਸਾਡੇ ਧਰਮ ਵਿੱਚ ਕੁਝ ਤਾਂ ਦਿੱਸਿਆ ਹੈ। ਨਾਲ਼ੇ ਕਿਸੇ ਸਿੱਖ ਨੇ ਈਸਾਈਆਂ, ਮੁਸਲਮਾਨਾਂ ਵਾਂਗ ਵਰਗਲਾ ਕੇ ਜਾਂ ਡਰਾ ਧਮਕਾ ਕੇ ਤਾਂ ਕਿਸੇ ਨੂੰ ਅੱਜ ਤਕ ਸਿੱਖ ਨਹੀਂ ਬਣਾਇਆ। ਜਿੰਨੇ ਵੀ ਗੈਰ ਸਿੱਖ, ਸਿੱਖ ਬਣੇ ਹਨ ਉਹ ਸਾਡੇ ਗੁਰੂ ਸਾਹਿਬਾਨ ਜੀ ਦੇ ਜੀਵਨ ਤੋਂ, ਬਾਣੀ ਤੋਂ, ਸਾਡੇ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣੇ ਹਨ। ਬਾਕੀ ਜਿਹੋ ਜਿਹਾ ਅਕਾਲ ਪੁਰਖ ਵਾਹਿਗੁਰੂ ਨੇ ਸਾਨੂੰ ਪੈਦਾ ਕੀਤਾ ਹੈ, ਜੇ ਸਾਰੀ ਉਮਰ ਅਸੀਂ ਓਹੋ ਜਿਹੇ ਰਹੀਏ ਤਾਂ ਸਾਰੇ ਸਿੱਖ ਹੀ ਹੋਣਗੇ। ਜੰਮਣ ਤੋਂ ਲੈ ਕੇ ਸਰੀਰ ਦਾ ਕੋਈ ਵੀ ਰੋਮ ਨਾ ਕੱਟਿਆ ਜਾਵੇ ਤਾਂ ਹਰ ਇਨਸਾਨ ਸਿੱਖ ਹੀ ਹੋਵੇਗਾ।

ਬਾਕੀ ਕਿਸੇ ਹੋਰ ਨੂੰ ਕੀ ਕਹਿਣਾ, ਹੁਣ ਤਾਂ ਸਿੱਖ ਵੀ ਆਧੁਨਿਕ ਯੁੱਗ ਵਿੱਚ ਜੀਅ ਰਹੇ ਹਾਂ। ਅਸੀ ਗੁਰੂਆਂ, ਦੇਵਤਿਆਂ, ਪੀਰਾਂ-ਪੈਗੰਬਰਾਂ ਤੋਂ ਸਿਆਣੇ ਹੋ ਗਏ ਹਾਂ, ਤਾਂ ਹੀ ਤਾਂ ਅਸੀਂ ਆਪਣਾ ਅਸਲ ਸਰੂਪ ਗਵਾ ਲਿਆ ਹੈ। ਜਿਨ੍ਹਾਂ ਗੋਰਿਆਂ, ਮੁਸਲਮਾਨਾਂ ਜਾਂ ਹੋਰਨਾਂ ਦੀ ਨਕਲ ਕਰ-ਕਰ ਕੇ ਅਸੀਂ ਦਾੜ੍ਹੀ-ਕੇਸ ਕਟਵਾ ਦਿੱਤੇ ਹਨ, ਉਹਨਾਂ ਦੇ ਵੱਡ-

ਵਡੇਰੇ ਵੀ ਕੇਸਾਧਾਰੀ ਸਨ। ਵਿਖਾਓ ਕਿਤੇ ਈਸਾ ਮਸੀਹ ਦੀ, ਕਿਸੇ ਦੇਵੀ-ਦੇਵਤੇ ਭਗਵਾਨ ਦੀ, ਕਿਸੇ ਪੀਰ-ਪੈਗੰਬਰ ਦੀ, ਕਿਸੇ ਸਿੱਧ ਜੋਗੀ ਦੀ ਕੇਸ ਕੱਟਿਆਂ ਵਾਲੀ ਤਸਵੀਰ ਨਹੀਂ ਮਿਲੇਗੀ।

ਤੀਹ-ਬੱਤੀ ਸਾਲਾਂ ਵਿੱਚ ਹੋਰ ਕਿਸੇ ਦਾ ਤਾਂ ਮੈਨੂੰ ਪਤਾ ਨਹੀਂ ਪਰ ਮੇਰਾ ਕੇਸ-ਦਾਤ੍ਰੀ-ਦਸਤਾਰ ਨਾਲ ਕਦੇ ਕੋਈ ਕੰਮ ਨਹੀਂ ਰੁਕਿਆ। ਹਰ ਦਫਤਰ, ਕੋਰਟ-ਕਚਹਿਰੀ ਵਿੱਚ ਇਸੇ ਤਰ੍ਹਾਂ ਹੀ ਜਾਈਦਾ। ਮਾਰਕੀਟਾਂ ਵੀ ਇਸੇ ਤਰ੍ਹਾਂ ਲਗਾਈਆਂ, ਵੱਡੇ-ਵੱਡੇ ਮੇਲਿਆਂ ਵਿੱਚ ਕੱਪੜੇ ਦੇ ਸਟਾਲ ਲਾਏ।

ਹੁਣ ਪਿਛਲੇ ਦਸ ਸਾਲ ਤੋਂ ਸ਼ਾਪਿੰਗ ਮਾਲ ਵਿੱਚ ਕੱਪੜੇ ਦੀ ਦੁਕਾਨ ਹੈ। ਸਿੰਘਣੀ ਵੀ ਕੇਸਕੀ ਬੰਨ੍ਹ ਕੇ ਦੁਕਾਨ 'ਤੇ ਬੈਠਦੀ ਹੈ। ਸਾਰੇ ਗੋਰੇ ਗ੍ਰਾਹਕ ਹਨ। ਜੇ ਗੁਰੂ 'ਤੇ ਭਰੋਸਾ ਹੈ ਤਾਂ ਸਭ ਹੈ, ਨਹੀਂ ਹੈ ਤਾਂ ਕੁਝ ਵੀ ਨਹੀਂ ਹੈ।

* * * * *

ਪ੍ਰਦੇਸ ਆ ਕੇ ਕੀ ਗਵਾਇਆ ?

ਆਦਿ-ਕਾਲ ਤੋਂ ਹੀ ਇਨਸਾਨ ਆਪਣੇ ਉਜਲੇ ਭਵਿੱਖ ਲਈ, ਚੰਗੇ ਭਵਿੱਖ ਲਈ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਜਾਂਦਾ ਆਇਆ ਹੈ। ਦੇਸ਼ ਛੱਡ ਕੇ ਪ੍ਰਦੇਸ ਜਾਣ ਦੇ ਕਈ ਕਾਰਨ ਹੁੰਦੇ ਨੇ। ਬੇਰੁਜ਼ਗਾਰੀ, ਹਾਲਾਤ, ਸਰਕਾਰ ਦੀਆਂ ਧੱਕੇਸ਼ਾਹੀਆਂ, ਵੇਖਾ-ਵੇਖੀ, ਇਸ ਤਰ੍ਹਾਂ ਦੇ ਬਹੁਤ ਕਾਰਨ ਹੁੰਦੇ ਹਨ। ਘਰਾਂ ਦੇ ਹਾਲਾਤ ਵੀ ਕਈ ਵਾਰ ਇਨਸਾਨ ਨੂੰ ਪ੍ਰਦੇਸ ਜਾਣ ਲਈ ਮਜਬੂਰ ਕਰ ਦਿੰਦੇ ਹਨ । ਜਦੋਂ ਕੌਮਾਂ ਆਪਣੇ ਹੱਕਾਂ ਲਈ ਕੋਈ ਸੰਘਰਸ਼ ਕਰਦੀਆਂ ਹਨ ਤਾਂ ਫਿਰ ਸਰਕਾਰਾਂ ਜ਼ੁਲਮ ਕਰਦੀਆਂ ਹਨ। ਕਈ ਵਾਰ ਫਿਰ ਸਰਕਾਰਾਂ ਜ਼ੁਲਮ ਦੀ ਇੰਤਹਾ ਹੀ ਕਰ ਦਿੰਦੀਆਂ ਹਨ ਤਾਂ ਵੀ ਆਪਣਾ ਮੁਲਕ ਛੱਡਣ ਲਈ ਮਜਬੂਰ ਹੋਣਾ ਵੀ ਪੈਂਦਾ ਹੈ। ਹਰ ਇਨਸਾਨ ਆਪਣੇ ਦਿਲ 'ਤੇ ਪੱਥਰ ਰੱਖ ਕੇ ਹੀ ਆਉਂਦਾ ਹੈ। ਘਰ-ਬਾਰ, ਪਰਿਵਾਰ, ਪਿੰਡ, ਜ਼ਮੀਨ-ਜਾਇਦਾਦ ਜਾਂ ਕੋਈ ਹੋਰ ਕਾਰੋਬਾਰ, ਰਿਸ਼ਤੇਦਾਰ, ਸੱਜਣ-ਮਿੱਤਰ, ਬਚਪਨ-ਜਵਾਨੀ ਦੇ ਬੇਲੀ ਸਭ ਕੁਝ ਛੱਡ ਕੇ ਕਿਸੇ ਨਵੀਂ-ਨਵੇਕਲੀ ਅਨਜਾਣ ਜਗ੍ਹਾ 'ਤੇ ਜਾਣ ਨੂੰ ਕਿਸ ਦਾ ਜੀਅ ਕਰਦਾ ਹੈ। ਪਰ ਸਿਆਣੇ ਕਹਿੰਦੇ ਹਨ ਕਿ ਮਜਬੂਰੀ ਇਨਸਾਨ ਤੋਂ ਬਹੁਤ ਕੁਝ ਕਰਵਾ ਦਿੰਦੀ ਹੈ। ਫਿਰ ਜਦੋਂ ਕੋਈ ਇਨਸਾਨ ਆਪਣਾ ਮੁਲਕ ਛੱਡ ਕੇ ਕਿਸੇ ਵੀ ਸਹੀ ਜਾਂ ਗ਼ਲਤ ਤਰੀਕੇ ਨਾਲ਼ ਆਪਣੇ ਮਿੱਥੇ ਟਿਕਾਣੇ 'ਤੇ ਪੁੱਜ ਜਾਵੇ ਤਾਂ ਉਸ ਨੂੰ ਵੀ ਸਮਝੋ ਦੂਜਾ ਜਨਮ ਹੀ ਮੰਨਿਆ ਜਾਂਦਾ ਹੈ। ਆਪਾਂ ਸਾਰੇ ਸ਼ੁਰੂ ਤੋਂ ਲੈ ਕੇ ਹੁਣ ਤਕ ਸੁਣਦੇ ਹੀ ਆਏ ਹਾਂ ਕਿ ਕਈਆਂ ਨੂੰ ਰਸਤੇ ਵਿੱਚੋਂ ਹੀ ਕਈ ਵਾਰ ਵਾਪਸ ਵੀ ਜਾਣਾ ਪੈਂਦਾ ਹੈ। ਕਈ ਕਿਸੇ ਹਾਦਸੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਅਤੇ ਕਈਆਂ ਨਾਲ਼ ਕਦੇ ਕੋਈ ਮਾੜਾ ਭਾਣਾ ਵੀ ਵਾਪਰ ਜਾਂਦਾ ਹੈ।

ਪ੍ਰਦੇਸ ਵਿੱਚ ਆ ਕੇ ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਅਤ ਕਰਨੀ ਪੈਂਦੀ ਹੈ। ਨਵੇਂ-ਨਵੇਂ ਲੋਕਾਂ ਨਾਲ਼ ਵਾਹ ਪੈਦਾ ਹੈ। ਚੰਗੇ-ਮਾੜੇ ਹਰ ਤਰ੍ਹਾਂ ਦੇ ਲੋਕ ਬਾਹਰ ਆਏ ਹੋਏ ਹਨ। ਉਹਨਾਂ ਲੋਕਾਂ ਨੂੰ ਸਮਝਣ ਲਈ ਵੀ ਸਮਾਂ ਲੱਗਦਾ ਹੈ। ਕਾਫ਼ੀ ਲੋਕ ਤੁਹਾਡੇ ਮਦਦਗਾਰ ਹੁੰਦੇ ਹਨ। ਕਈਆਂ ਦੇ ਵਿਚਾਰ ਤੁਹਾਡੇ ਵਿਚਾਰਾਂ ਨਾਲ਼ ਨਹੀਂ ਮਿਲ਼ਦੇ। ਆਪਣੇ ਮੁਲਕ ਨਾਲ਼ੋਂ ਦੂਜੇ ਮੁਲਕ ਦੇ ਕਾਇਦੇ-ਕਨੂੰਨ ਵੱਖਰੇ ਹੁੰਦੇ ਹਨ; ਬੋਲੀ, ਸੱਭਿਆਚਾਰ ਵੱਖਰਾ ਹੁੰਦਾ ਹੈ।

ਕਈਆਂ ਦਾ ਨਿਸ਼ਾਨਾ ਹੁੰਦਾ ਹੈ ਕਿ ਚਾਰ ਪੈਸੇ ਕਮਾ ਕੇ ਵਾਪਸ ਆਪਣੇ ਦੇਸ਼ ਹੀ ਚਲੇ ਜਾਣਾ ਹੈ। ਤੇ ਕਈ ਸੋਚਦੇ ਹਨ ਕਿ ਵਾਪਸ ਜਾ ਕੇ ਕਰਨਾ ਕੀ, ਪ੍ਰਦੇਸ ਵਿੱਚ ਹੀ ਸੈਟਲ ਹੋਣ 'ਚ ਭਲਾ ਹੈ। ਕਈ ਵਿਚਾਰੇ ਸਾਰੀ ਉਮਰ ਦੁਚਿੱਤੀ ਵਿੱਚ ਹੀ ਲੰਘਾ ਦਿੰਦੇ ਹਨ।

ਸਵਿਟਜ਼ਰਲੈਂਡ ਵਿੱਚ ਮੇਰੇ ਦੋਸਤ ਸਤਨਾਮ ਸਿੰਘ ਸੰਧੂ ਦੇ ਰੈਸਟੋਰੈਂਟ ਦਾ ਮਾਲਕ ਇੱਕ ਵਾਰੀ ਕਹਿੰਦਾ ਸੀ 'ਜੋ ਇਨਸਾਨ ਇੱਕ ਵਾਰੀ ਆਪਣਾ ਦੇਸ਼ ਛੱਡ ਕੇ ਵਿਦੇਸ ਚਲਾ ਗਿਆ, ਉਹ ਸਾਰੀ ਉਮਰ ਦੁਚਿੱਤੀ ਵਿੱਚ ਹੀ ਰਹੇਗਾ', ਇਹ ਗੱਲ ਕਾਫ਼ੀ ਹੱਦ ਤਕ ਸੱਚ ਵੀ ਜਾਪਦੀ ਹੈ।

ਬਾਈ ਦੀਪ ਸਿੱਧੂ ਸੱਚ ਹੀ ਕਹਿੰਦਾ ਸੀ ਕਿ "ਸਾਡੀ ਇਕੱਲੀ ਕਿਸਾਨੀ ਦੀ ਲੜਾਈ ਨਹੀਂ ਹੈ, ਸਾਡੀ ਹੋਂਦ ਦੀ ਲੜਾਈ ਹੈ। ਸਾਡੀ ਹੋਂਦ ਨੂੰ ਖ਼ਤਰਾ ਹੈ। ਜੇਕਰ ਕਿਸੇ ਕੌਮ ਦੀ ਹੋਂਦ ਹੀ ਖ਼ਤਮ ਹੋ ਜਾਵੇ ਤਾਂ ਪਿੱਛੇ ਰਹਿ ਕੀ ਜਾਂਦਾ ਹੈ?"

ਹਿੰਦ ਸਰਕਾਰ ਅਤੇ ਹਿੰਦੁਸਤਾਨ ਦੀਆਂ ਏਜੰਸੀਆਂ ਨੇ ਪੰਜਾਬ ਵਿੱਚ ਮਾਹੌਲ ਹੀ ਐਸਾ ਸਿਰਜ ਦਿੱਤਾ ਹੈ ਕਿ ਹਰ ਕੋਈ ਪੰਜਾਬ ਛੱਡ ਕੇ ਭੱਜਣ ਲਈ ਤਿਆਰ ਬੈਠਾ ਹੈ ਅਤੇ ਲੋਕ ਭੱਜ ਵੀ ਰਹੇ ਹਨ। ਮੈਂ ਪਿੱਛੇ ਜਿਹੇ ਤਿੰਨ ਹਫ਼ਤੇ ਪੰਜਾਬ ਰਹਿ ਕੇ ਆਇਆ ਹਾਂ। ਹਾਲਾਤ ਵੇਖ ਕੇ, ਆਉਣ ਵਾਲ਼ੇ ਸਮੇਂ ਬਾਰੇ ਸੋਚ ਕੇ ਰੋਣ ਨਿਕਲ਼ ਜਾਂਦਾ ਹੈ ਕਿ ਸਾਡਾ ਬਣੂਗਾ ਕੀ। ਆਦਮ ਕੱਦ ਜਿੱਡੇ ਲੱਗੇ ਆਈਲੈਟਸ, ਕੈਨੇਡਾ-ਅਮਰੀਕਾ-ਇੰਗਲੈਂਡ-ਨਿਊਜੀਲੈਂਡ-ਆਸਟਰੇਲੀਆ ਭੇਜਣ ਦੇ ਏਜੰਟਾ ਦੇ ਲੱਗੇ ਬੋਰਡ ਦੱਸਦੇ ਹਨ ਕਿ ਪੰਜਾਬ ਦੇ ਖ਼ਾਲੀ ਹੋਣ ਵਿੱਚ ਬਹੁਤਾ ਸਮਾਂ ਨਹੀਂ ਲੱਗੇਗਾ।

ਮੈਂ ਖ਼ੁਦ ਬਾਹਰ ਯੂਰਪ ਦੇ ਦੇਸ਼ ਆਸਟਰੀਆ ਵਿੱਚ ਬੈਠਾ ਹਾਂ। ਪਰਿਵਾਰ ਵੀ ਇੱਥੇ ਹੈ ਪਰ ਪਤਾ ਨਹੀਂ ਹਰ ਵੇਲ਼ੇ ਘਰ ਦੀ, ਪਿੰਡ ਦੀ, ਪੰਜਾਬ ਦੀ ਖਿੱਚ ਰਹਿੰਦੀ ਹੈ। ਸਾਡੇ ਬੱਚਿਆਂ ਨੂੰ ਸਾਡੇ ਧਰਮ, ਸਿੱਖ ਕਲਚਰ, ਪੰਜਾਬ ਦੇ ਰਹੁ-ਰੀਤਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ, ਕਿਉਂਕਿ ਮਹੌਲ ਪੰਜਾਬੀ ਨਹੀਂ ਹੈ। ਪੰਜਾਬ ਵਿੱਚ ਰਹਿ ਕੇ ਜੀਵਨ ਜੀਅ ਕੇ ਆਪਣੇ ਆਪ ਹੀ ਸਭ ਕੁਝ ਪਤਾ ਲੱਗਦਾ ਰਹਿੰਦਾ ਹੈ। ਪਰ ਵੇਖਿਆ ਹੈ ਕਿ ਹੁਣ ਪੰਜਾਬ ਵਿੱਚ ਵੀ ਬਹੁਤ ਕੁਝ ਬਦਲ ਗਿਆ ਹੈ। ਮੋਬਾਇਲ ਫ਼ੋਨ ਖ਼ਾਸ ਕਰਕੇ ਸਮਾਰਟ ਫ਼ੋਨਾਂ ਨੇ ਸਾਰੀ ਦੁਨੀਆ ਦਾ ਰਹਿਣ-ਸਹਿਣ ਹੀ ਬਦਲ ਦਿੱਤਾ ਹੈ। ਨਿੱਕੇ-ਨਿੱਕੇ ਬੱਚਿਆਂ ਤੋਂ ਲੈ ਕੇ ਜਵਾਨ ਅਤੇ ਬਜੁਰਗਾਂ ਤਕ ਨੂੰ ਵੀ ਮੋਬਾਇਲ ਫ਼ੋਨਾਂ ਦਾ ਬਹੁਤ ਚਸਕਾ ਪੈ ਚੁੱਕਾ ਹੈ। ਇਹਨਾਂ ਕਰਕੇ ਦੁਨੀਆ ਬਹੁਤ ਛੋਟੀ ਹੋ ਕੇ ਰਹਿ ਗਈ ਹੈ।

ਅਸੀਂ ਪ੍ਰਦੇਸਾਂ ਵਿੱਚ ਰਹਿ ਕੇ ਬਹੁਤ ਕੋਸ਼ਿਸ਼ ਕਰਦੇ ਹਾਂ ਕਿ ਆਪਣੇ ਧਰਮ, ਆਪਣੇ ਸੱਭਿਆਚਾਰ, ਆਪਣੇ ਵਿਰਸੇ ਨਾਲ਼ ਜੁੜੇ ਰਹੀਏ, ਪਰ ਇੱਥੋਂ ਦੇ ਹਾਲਾਤ ਇੱਥੋਂ ਦਾ ਜੀਵਨ ਜਿਊਣ ਦਾ ਤਰੀਕਾ, ਰਹਿਣ-ਸਹਿਣ ਪੰਜਾਬ ਨਾਲ਼ੋਂ ਕਾਫ਼ੀ ਵੱਖਰਾ ਹੈ। ਤਕਰੀਬਨ

ਹਰ ਪੰਜਾਬੀ ਇਸ ਚਿੰਤਾ ਵਿੱਚ ਰਹਿੰਦਾ ਹੈ ਕਿ ਸਾਡੇ ਬੱਚਿਆਂ ਦਾ ਬਣੇਗਾ ਕੀ। ਜ਼ਮੀਨਾਂ-ਜਾਇਦਾਦ-ਘਰ-ਬਾਰ ਪਿੱਛੇ ਪੰਜਾਬ ਵਿੱਚ ਹਨ। ਓਥੋਂ ਦੇ ਕਾਇਦੇ-ਕਨੂੰਨ-ਸਿਸਟਮ ਤੋਂ ਸਾਡੇ ਬੱਚੇ ਬਿਲਕੁਲ ਅਨਜਾਣ ਹਨ। ਬਾਕੀ ਹੋਣਾ ਓਹੀ ਜੋ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਮਨਜ਼ੂਰ ਹੈ। ਸਿੱਖੀ ਪ੍ਰਦੇਸਾਂ ਵਿੱਚ ਵੀ ਘੱਟ ਨਹੀਂ ਹੈ। ਪਰ ਸਾਡੇ ਗੁਰਧਾਮ, ਸਾਡਾ ਮੁਕੱਦਸ ਅਸਥਾਨ ਦਰਬਾਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਹੋਰ ਹਜ਼ਾਰਾਂ ਇਤਿਹਾਸਕ ਗੁਰਦੁਆਰਾ ਸਾਹਿਬਾਨ, ਸਰੋਵਰ, ਕਿਲ੍ਹੇ, ਸਿੱਖ ਵਿਰਾਸਤ ਸਭ ਕੁਝ ਪੰਜਾਬ ਵਿੱਚ ਹਨ।

ਪ੍ਰਦੇਸ ਆਉਣਾ ਅਤੇ ਆ ਕੇ ਇੱਥੇ ਪੱਕੇ ਹੀ ਵੱਸ ਜਾਣਾ, ਇਹ ਸੌਦਾ ਸਿੱਖ ਕੌਮ ਨੂੰ ਆਉਣ ਵਾਲੇ ਸਮੇਂ ਵਿੱਚ ਬਹੁਤ ਮਹਿੰਗਾ ਪਵੇਗਾ। ਬੱਚਿਆਂ ਨੂੰ ਤਾਂ ਸਾਡੀ ਜ਼ਮੀਨ-ਜਾਇਦਾਦ-ਘਰ-ਬਾਰ ਬਲਕਿ ਰਿਸ਼ਤੇਦਾਰੀ ਤਕ ਨਾਲ਼ ਵੀ ਕੋਈ ਮਤਲਬ ਨਹੀਂ ਹੈ। ਉਹ ਹੁਣ ਇਹਨਾਂ ਦੇਸ਼ਾਂ ਨੂੰ ਆਪਣਾ ਦੇਸ਼ ਮੰਨਦੇ ਹਨ। ਬਹੁਤ ਘੱਟ ਬੱਚੇ ਹਨ, ਜਿਨ੍ਹਾਂ ਨੂੰ ਪੰਜਾਬੀ ਲਿਖਣੀ-ਪੜ੍ਹਨੀ ਆਉਂਦੀ ਹੈ। ਬੋਲਦੇ ਜ਼ਰੂਰ ਹਨ, ਪਰ ਉਹ ਵੀ ਠੇਠ ਪੰਜਾਬੀ ਨਹੀਂ ਬੋਲਦੇ। ਇਹ ਵੀ ਬਹੁਤ ਵੱਡਾ ਘਾਟਾ ਹੈ। ਮਾਪਿਆਂ ਕੋਲ਼ ਇੰਨਾ ਸਮਾਂ ਨਹੀਂ ਹੈ ਕੰਮਾਂ-ਕਾਰਾਂ ਕਰਕੇ ਕਿ ਬੱਚਿਆਂ ਨੂੰ ਪੰਜਾਬੀ, ਗੁਰਮੁਖੀ ਸਿਖਾ ਸਕਣ, ਸਮਾਂ ਹੋਵੇ ਵੀ ਤਾਂ ਮੋਬਾਇਲਾਂ ਤੋਂ ਵਿਹਲ ਨਹੀਂ ਮਿਲ਼ਦਾ। ਜਦੋਂ ਲੋਕ ਪੰਜਾਬ ਦੇ ਹਾਲਾਤਾਂ ਬਾਰੇ ਪੜ੍ਹਦੇ-ਸੁਣਦੇ ਹਨ, ਨਸ਼ਿਆਂ ਬਾਰੇ ਸੁਣਦੇ ਹਨ ਤਾਂ ਸੋਚਦੇ ਹਨ ਕਿ ਚਲੋ ਇੱਥੇ ਬੱਚੇ ਇਸ ਚੀਜ਼ ਤੋਂ ਤਾਂ ਬਚੇ ਹੋਏ ਹਨ। ਅਸੀਂ ਸਿੱਖ ਦੋ ਵਾਰੀ ਅਰਦਾਸ ਕਰਦੇ ਹਾਂ ਕਿ "ਜਿਨ੍ਹਾਂ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ, ਉਹਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਆਪਣੇ ਪੰਥ ਖ਼ਾਲਸੇ ਨੂੰ ਬਖ਼ਸ਼ਣੇ ਜੀ।" ਪਰ ਜਿਹੜੇ ਗੁਰਧਾਮਾਂ ਨੂੰ ਪੰਥ ਖ਼ਾਲਸਾ ਆਪ ਵਿਛੋੜਾ ਦੇ ਕੇ ਬਾਹਰ ਆਈ ਜਾਂਦਾ ਹੈ, ਉਹਨਾਂ ਦੀ ਰਾਖੀ ਕੌਣ ਕਰੇਗਾ?

ਜਲੰਧਰ ਨੇੜੇ ਤੱਲ੍ਹਣ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ। ਭਤੀਜੇ ਹਰਜਿੰਦਰ ਸਿੰਘ ਨੂੰ ਇੱਕ ਸਿੰਘ ਸੇਵਾ ਕਰਨ ਲਈ ਉਠਾਲ਼ ਕੇ ਲੈ ਗਿਆ। ਘੰਟਾ ਕੁ ਦਰਬਾਰ ਸਾਹਿਬ ਵਿੱਚ ਬੈਠਣ ਦਾ ਸਮਾਂ ਮਿਲ਼ਿਆ ਤਾਂ ਵੇਖਿਆ ਕਿ ਦਸ ਕੁ ਪਰਿਵਾਰਾਂ ਨੇ ਜਹਾਜ਼ ਰੂਪੀ ਖਿਡੌਣੇ ਚੜ੍ਹਾ ਕੇ ਮੱਥਾ ਟੇਕਿਆ। ਜ਼ਾਹਰ ਹੈ ਕਿ ਪ੍ਰਦੇਸ ਭੇਜਣ ਲਈ ਕਿਸੇ ਪਰਿਵਾਰ ਦੇ ਮੈਂਬਰ ਦੀ ਅਰਦਾਸ ਕੀਤੀ ਹੋਵੇਗੀ।

ਕਈਆਂ ਦੀ ਕੋਈ ਮਜਬੂਰੀ ਵੀ ਹੁੰਦੀ ਹੈ ਜਿਵੇਂ ਕਿ ਸਾਡੇ ਵੇਲ਼ੇ 1990 ਦੇ ਦਹਾਕੇ ਵਿੱਚ ਕੇ.ਪੀ.ਐੱਸ. ਗਿੱਲ ਅਤੇ ਬੇਅੰਤੇ ਬੁੱਚੜ ਦੀ ਜੋੜੀ ਨੇ ਸਿੱਖਾਂ ਉੱਤੇ ਜ਼ੁਲਮਾਂ ਦੀ ਹਨੇਰੀ ਹੀ ਲਿਆ ਦਿੱਤੀ ਸੀ ਤੇ ਨੌਜਵਾਨਾ ਨੇ ਪ੍ਰਦੇਸਾਂ ਨੂੰ ਆਉਣ ਦਾ ਰੁਖ਼ ਅਪਣਾ ਲਿਆ।

ਆਉਂਦੇ ਲੋਕ ਪਹਿਲਾਂ ਵੀ ਸਨ ਪਰ ਇੰਨੇ ਜ਼ਿਆਦਾ ਨਹੀਂ ਸਨ। ਕੋਈ ਗ਼ਰੀਬੀ ਕਾਰਨ ਆਉਂਦਾ ਹੈ, ਪਰ ਕਈ ਲੋਕ ਤਾਂ ਚੰਗੇ-ਭਲ਼ੇ ਕਾਰੋਬਾਰ ਛੱਡ ਕੇ ਵੀ ਬਾਹਰ ਆਈ ਜਾਂਦੇ ਹਨ। ਖ਼ੈਰ, ਸਮੇਂ ਦੇ ਹਿਸਾਬ ਨਾਲ਼ ਸਭ ਕੁਝ ਬਦਲ ਰਿਹਾ ਹੈ। ਧਾਰਮਿਕ,

ਰਾਜਨੀਤਿਕ, ਆਰਥਿਕ, ਸਮਾਜਿਕ ਸਮੀਕਰਣ ਬਦਲ ਰਹੇ ਹਨ। ਬਾਕੀ ਉਸ ਕਾਦਰ ਦੀਆਂ ਖੇਡਾਂ ਨੂੰ ਆਮ ਮਨੁੱਖ ਨਹੀਂ ਸਮਝ ਸਕਦਾ। ਮੈਂ ਨਹੀਂ ਕਹਿੰਦਾ ਕਿ ਕਿਸੇ ਦਾ ਵੀ ਪ੍ਰਦੇਸ ਆ ਕੇ ਸੈੱਟ ਹੋਣਾ ਮਾੜੀ ਗੱਲ ਹੈ ਪਰ ਸੈੱਟ ਹੋ ਕੇ ਪਿੱਛੇ ਦਾ ਸਭ ਕੁਝ ਭੁੱਲ-ਭੁਲਾ ਜਾਣਾ ਮਾੜੀ ਗੱਲ ਹੈ। ਬਾਕੀ ਇਹ ਤਕਰੀਬਨ ਗਰੰਟੀ ਹੈ ਕਿ ਸਾਡੇ ਇਸ ਦੁਨੀਆਂ ਤੋਂ ਤੁਰ ਜਾਣ ਤੋਂ ਬਾਅਦ ਸਾਡੇ ਬੱਚੇ ਪੰਜਾਬ ਨਹੀਂ ਜਾਣਗੇ। ਹਾਂ, ਕੋਈ ਇੱਧਰ ਹਾਲਾਤ ਇਹੋ ਜਿਹੇ ਬਣ ਜਾਣ ਜਿਸ ਤਰ੍ਹਾਂ ਰੂਸ ਅਤੇ ਯੂਕਰੇਨ ਦੀ ਜੰਗ ਲੱਗਣ ਕਾਰਨ ਕਈਆਂ ਨੂੰ ਵਾਪਸ ਜਾਣਾ ਪਿਆ ਤਾਂ ਵੱਖਰੀ ਗੱਲ ਹੈ।

ਬਾਕੀ ਸਭ ਦੇ ਵਿਚਾਰ ਆਪੋ-ਆਪਣੇ ਹਨ। ਮੈਂ ਆਪਣੇ ਵਿਚਾਰ, ਆਪਣੇ ਦਿਲ ਦੇ ਵਲਵਲੇ ਪਾਠਕਾਂ ਨਾਲ ਸਾਂਝੇ ਕੀਤੇ ਹਨ। ਅਕਾਲ ਪੁਰਖ ਵਾਹਿਗੁਰੂ ਅਗਾਧਬੋਧ ਹੈ। ਸਰਬ ਕਲਾ ਸਮਰੱਥ ਹੈ, ਉਹ ਕੁਝ ਵੀ ਕਰ ਸਕਦਾ ਹੈ। ਉਹ ਭਾਈ ਅੰਮ੍ਰਿਤਪਾਲ ਸਿੰਘ ਵਰਗੇ ਦੁਬਈ ਵਿੱਚ ਰਹਿੰਦੇ ਇੱਕ ਟਰੱਕ ਡਰਾਈਵਰ ਨੂੰ ਦਿਨਾਂ ਵਿੱਚ ਧਰਮ ਪ੍ਰਚਾਰਕ ਬਣਾ ਸਕਦਾ ਹੈ। ਉਹ ਭਾਈ ਸੰਦੀਪ ਸਿੰਘ ਸੰਨੀ ਵਰਗੇ ਇੱਕ ਦੁਕਾਨਦਾਰ ਤੋਂ ਭਾਰਤੀ ਫ਼ੋਰਸਾਂ ਦੇ ਵਿੱਚ ਘਿਰੇ ਹੋਏ ਸਿੱਖਾਂ ਦੇ ਜ਼ਖ਼ਮਾਂ 'ਤੇ ਹਰ ਵੇਲੇ ਲੂਣ ਛਿੜਕਣ ਵਾਲੇ ਗੰਦ ਨਾਲ ਭਰੇ ਟੋਕਰੇ ਸੁਧੀਰ ਸੂਰੀ ਦਾ ਸੋਧਾ ਲਵਾ ਸਕਦਾ ਹੈ ਅਤੇ ਸੰਦੀਪ ਸਿੰਘ ਸੰਨੀ ਨੂੰ ਵਰ੍ਹਦੀਆਂ ਗੋਲ਼ੀਆਂ ਤੋਂ ਵੀ ਬਚਾ ਸਕਦਾ ਹੈ।

ਤੇ ਹੋ ਸਕਦਾ ਹੈ ਸਾਡਾ ਪ੍ਰਦੇਸਾਂ ਵਿੱਚ ਆ ਕੇ ਵੱਸ ਜਾਣਾ ਵੀ ਉਸੇ ਦਾ ਹੀ ਕੋਈ ਕੌਤਕ ਹੈ, ਕੋਈ ਰਜ਼ਾ, ਕੋਈ ਭਾਣਾ ਹੈ। ਉਸ ਦੇ ਹੁਕਮ ਤੋਂ ਬਿਨਾਂ ਜੇ ਇੱਕ ਪੱਤਾ ਵੀ ਨਹੀਂ ਹਿਲ ਸਕਦਾ, ਤਾਂ ਇਹ ਵੀ ਉਸ ਦੇ ਹੁਕਮ ਤੋਂ ਬਿਨਾਂ ਨਹੀਂ ਹੋ ਸਕਦਾ।

ਸੋ ਪਿਆਰੇ ਪਾਠਕੋ! ਇਸ ਕਿਤਾਬ ਦੀ ਇੱਥੇ ਹੀ ਸਮਾਪਤੀ ਹੈ। ਛੇਤੀ ਹੀ ਅਗਲੀ ਕਿਤਾਬ (ਸਿੱਖ, ਸਿੱਖੀ ਅਤੇ ਖ਼ਾਲਿਸਤਾਨ) ਸ਼ੁਰੂ ਕਰ ਦਿੱਤੀ ਜਾਵੇਗੀ। ਬਖ਼ਸ਼ੋ ਜੀ ਅਸੀਸ।

ਵਾਹਿਗੁਰੂ ਜੀ ਦਾ ਖ਼ਾਲਸਾ॥ ਵਾਹਿਗੁਰੂ ਜੀ ਦੀ ਫ਼ਤਹਿ॥

- ਹਰਪ੍ਰੀਤ ਸਿੰਘ ਪੰਮਾ ਆਸਟਰੀਆ

0043 699 14149114

* * * * *

ਪ੍ਰਦੇਸੀਆਂ ਦਾ ਦਰਦ

ਕੰਧ ਓਹਲੇ ਪ੍ਰਦੇਸ ਹੈ ਲੋਕੋ! ਕੰਧ ਓਹਲੇ ਪ੍ਰਦੇਸ।
ਧੱਕੇ ਅਸੀਂ ਖਾਂਦੇ ਨਾ, ਜੇਕਰ ਹੁੰਦਾ ਆਪਣਾ ਦੇਸ।
ਢਿੱਲੇ ਜਿਹੇ ਲੀਡਰਾਂ ਨੇ, ਮੌਕਾ ਸੰਤਾਲੀ ਵਿੱਚ ਗਵਾਇਆ।
ਲੰਘ ਗਿਆ ਸੀ ਵੇਲਾ ਜੋ, ਮੁੜ ਕੇ ਹੱਥ ਕਦੇ ਨਾ ਆਇਆ।
ਕਿਸਮਤ ਮਾੜੀ ਸਿੱਖਾਂ ਦੀ, ਮਿਲ ਗਈ ਦੂਜੀ ਸੀ ਗ਼ੁਲਾਮੀ।
ਪੁੱਤ ਬਾਹਮਣੀ ਦਾ ਨਹਿਰੂ ਕਹਿੰਦਾ, ਕਰਾ ਦਊਂ ਸਿੱਖਾਂ ਨੂੰ ਯਾਦ ਹੁਣ ਨਾਨੀ।
ਅਕ੍ਰਿਤਘਣ ਨਹਿਰੂ ਨੇ, ਹਮਲਾ ਦਰਬਾਰ ਸਾਹਿਬ 'ਤੇ ਕਰਾਇਆ।
ਔਲਾਦ ਗੰਗੂ ਦੀ ਨੇ, ਹੱਕ ਸਾਡੇ ਸਾਰੇ ਖੋਹ ਲਏ।
ਗੰਗੂ ਤਾਂ ਗੰਗੂ ਸੀ, ਗ਼ੱਦਾਰ ਆਪਣੇ ਵੀ ਤਾਂ ਹੋ ਗਏ।
ਸਿੱਖ ਮਸਾਂ ਹੀ ਉੱਠੇ ਸੀ, ਮੁੜ ਕੇ ਧੀ ਨਹਿਰੂ ਦੀ ਆ ਗਈ।
ਬੇੜੀਆਂ ਵਿੱਚ ਵੱਟੇ ਸੀ, ਡੈਣ ਇੰਦਰਾ ਵੀ ਹੁਣ ਪਾ ਗਈ।
ਕੀ ਖੱਟਿਆ ਇੰਦਰਾ ਨੇ, ਮੁੜ ਕੇ ਸਿੱਖਾਂ ਹੱਥੋਂ ਮਰ ਗਈ।
ਪਰ ਮੁੜ ਪੰਜਾਬ ਸਿਆਂ, ਕਿਸਮਤ ਤੇਰੀ ਹੀ ਸੀ ਹਰ ਗਈ।
ਸੰਨ ਸੰਤਾਲੀ ਤੋਂ ਹੀ, ਭਾਰਤ ਕੱਟੜ ਹਿੰਦੂਆਂ ਹੱਥ ਆਇਆ।
ਏਜੰਸੀਆਂ ਅਫ਼ਸਰਸ਼ਾਹੀ ਨੇ, ਹਰ ਕੋਈ ਆਪਣਾ ਹੀ ਬਿਠਾਇਆ।
ਹੱਕ ਖੋਹ ਲਏ ਲੋਕਾਂ ਦੇ, ਕਰ'ਤੇ ਲੋਕ ਵਿਚਾਰੇ ਨਿਤਾਣੇ।
ਦੁਨੀਆਂ ਕੋਸਦੀ ਕਿਸਮਤ ਨੂੰ, ਲੋਕੀ ਮਰਦੇ ਭੁੱਖਣ ਭਾਣੇ।
ਟਾਟੇ ਬਿਰਲੇ ਅੰਬਾਨੀ ਜਿਹੇ, ਫਿਰਦੇ ਅੰਬਰਾਂ ਨੂੰ ਨੇ ਛੂੰਹਦੇ।
ਉੱਤੋਂ ਆ ਗਿਆ ਮੋਦੀ ਸੀ, ਜਿਸ ਨੇ ਲਾਤੇ ਬਾਕੀ ਸਾਰੇ ਖੂੰਜੇ।

ਦੁਨੀਆਂ ਭੱਜੇ ਪ੍ਰਦੇਸਾਂ ਨੂੰ, ਹਾਕਮਾਂ ਚੱਕਰ ਇਹੋ ਚਲਾਇਆ।
ਮਰਦਾ ਫਿਰਦਾ ਕੀ ਨਾ ਕਰਦਾ, ਹਰ ਕੋਈ ਫਿਰਦਾ ਹੈ ਘਬਰਾਇਆ।
ਕਈ ਆਉਂਦੇ ਸੌਂਕੀਆਂ ਨੇ, ਕਈਆਂ ਦੀ ਆਉਣ ਵਿੱਚ ਮਜਬੂਰੀ।
ਕੁਝ ਧੀਂਟਿਆਂ ਦੀਆਂ ਫਲਾਈਟਾਂ ਨੇ, ਪਾ'ਤੀ ਉਮਰਾਂ ਦੀ ਹੈ ਦੂਰੀ।
ਕਈ ਤਰਸਦੇ ਮਾਪਿਆਂ ਨੂੰ, ਕਈ ਤਰਸਣ ਫੋਟ ਭਰਾਵਾਂ।
ਹੁਣ ਰੱਬਾ ਡਾਢਿਆ ਵੇ, ਇਹ ਦੂਰੀਆਂ ਕਿਵੇਂ ਮਿਟਾਵਾਂ।
ਕੋਈ ਫਸਿਆ ਵਖ਼ਤਾਂ ਦਾ, ਕੋਈ ਸੁਕਰ ਰੱਬ ਦਾ ਕਰਦਾ।
ਦੇਸ ਆਪਣਾ ਹੀ ਚੰਗਾ ਸੀ, ਪਰ ਜੇ ਓਥੇ ਹੁੰਦਾ ਸਰਦਾ।
ਪ੍ਰਦੇਸ ਇੱਕ ਮਿੱਠੀ ਜੇਲ੍ਹ ਹੈ ਜੀ, ਇੱਥੋਂ ਜਾ ਕੋਈ ਨਹੀਂ ਹੈ ਸਕਦਾ।
'ਪੰਮਿਆ' ਬੱਸ ਕਰ ਇੱਥੇ ਹੀ, ਜਾ ਤਾਂ ਤੂੰ ਵੀ ਨਹੀਂ ਹੁਣ ਸਕਦਾ।

- ਹਰਪ੍ਰੀਤ ਸਿੰਘ ਪੰਮਾ

.....

ਖ਼ਾਲਸਾ ਫ਼ਤਹਿਨਾਮਾ ਪ੍ਰਕਾਸ਼ਨ ਦੀਆਂ ਪੁਸਤਕਾਂ



ਸ਼ਹੀਦ-ਏ-ਖ਼ਾਲਿਸਤਾਨ (ਭਾਗ 1)
(ਰਣਜੀਤ ਸਿੰਘ ਦਮਦਮੀ ਟਕਸਾਲ)



ਸ਼ਹੀਦ-ਏ-ਖ਼ਾਲਿਸਤਾਨ (ਭਾਗ 2)
(ਰਣਜੀਤ ਸਿੰਘ ਦਮਦਮੀ ਟਕਸਾਲ)



ਸ਼ਹੀਦ-ਏ-ਖ਼ਾਲਿਸਤਾਨ (ਭਾਗ 3)
(ਰਣਜੀਤ ਸਿੰਘ ਦਮਦਮੀ ਟਕਸਾਲ)



ਹੋਂਦ ਦਾ ਨਗਾਰਚੀ
(ਰਣਜੀਤ ਸਿੰਘ ਦਮਦਮੀ ਟਕਸਾਲ)

ਪੰਜਾਬ ਦਾ ਬੁੱਚੜ
(ਸਰਬਜੀਤ ਸਿੰਘ ਘੁਮਾਣ)



ਸਿੱਖ ਕੌਮ ਨੂੰ ਹਿੰਦੂਤਵੀ ਨਾਗਵਲ਼
(ਜਥੇਦਾਰ ਮਹਿੰਦਰ ਸਿੰਘ ਯੂ.ਕੇ.)

ਹੱਡੀਂ ਹੰਢਾਇਆ ਖਾੜਕੂ ਸੰਘਰਸ਼
(ਹਰਪ੍ਰੀਤ ਸਿੰਘ ਪੰਮਾ)



ਖ਼ਾਲਿਸਤਾਨੀ ਜਰਨੈਲ
(ਸਰਬਜੀਤ ਸਿੰਘ ਘੁਮਾਣ)



ਗੁਰੁ ਪਰਮੇਸਰੁ ਏਕੁ ਹੈ
(ਜਥੇਦਾਰ ਮਹਿੰਦਰ ਸਿੰਘ ਯੂ.ਕੇ.)



1984 ਹਿੰਦੁਸਤਾਨੀ ਕਹਿਰ
(ਸਰਬਜੀਤ ਸਿੰਘ ਘੁਮਾਣ)

ਜਰਨੈਲਾਂ ਦਾ ਜਰਨੈਲ
(ਸਰਬਜੀਤ ਸਿੰਘ ਘੁਮਾਣ)

ਮੂਸੇਵਾਲਾ ਕੌਣ ?
(ਸੁਰਜੀਤ ਸਿੰਘ ਜਰਮਨੀ)

Khalsa fatehnama PARKASHAN

ਤੁਸੀਂ ਸਾਡੀ ਵੈੱਬ ਸਾਈਟ ਰਾਹੀਂ ਆਨਲਾਈਨ ਪੇਮੈਂਟ ਦੁਆਰਾ
ਵੀ ਮੈਗਜ਼ੀਨ ਤੇ ਪੁਸਤਕਾਂ ਮੰਗਵਾ ਸਕਦੇ ਹੋ:
www.fatehnama.com

ਖ਼ਾਲਸਾ ਫ਼ਤਹਿਨਾਮਾ ਪ੍ਰਕਾਸ਼ਨ

Whatsapp your Address at: 9855789851

Contact : 91-98557-89851, 183-3551988

Khalsa fatehnama PARKASHAN
ISBN : 978-81-954462-9-2
9 788195 446292
www.fatehnama.com ₹ 300/-